ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

SATJUG

1920 ਤੋਂ
ਸਾਲ 100 ਵਾਂ

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

੧ ਹਾੜ ਤੋਂ ੩੨ ਹਾੜ ੨੦੭੭ ਬਿ.
14 June To 15 July 2020

ਜਿਲਦ 28
ਨੰਬਰ 11
Total Pages 61




ਸ੍ਰੀ ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ ਦਾ ਲੋਗੋ
ਰਿਲੀਜ਼ ਕਰਦੇ ਹੋਏ ਸ੍ਰੀ ਸਤਿਗੁਰੂ ਉਦੇ ਸਿੰਘ ਜੀ

10 ਜੂਨ 2020
ਸ੍ਰੀ ਭੈਣੀ ਸਾਹਿਬ

**ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ ਵਰ੍ਹਾ (1920–2020)**



3 ਜੂਨ 1863 ਈ: ਪਿੰਡ ਖੋਟੇ (ਫਿਰੋਜ਼ਪੁਰ) ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ
ਗੁਰਮਤਿ ਅਨੰਦ ਮਰਿਯਾਦਾ ਦਾ ਸ਼ੁਭ ਅਰੰਭ



3 ਜੂਨ 1963 ਈ: ਪਿੰਡ ਖੋਟੇ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ
ਛਤਰ ਛਾਇਆ ਹੇਠ ਅਨੰਦ ਸ਼ਤਾਬਦੀ ਸਮੇਂ 149 ਸਾਮੂਹਿਕ ਅਨੰਦ ਕਾਰਜ।

ਸਤਿਜੁਗ

੧ ਹਾੜ ਤੋਂ ੩੨ ਹਾੜ ੨੦੭੭ ਬ੍ਰਿ.

14 ਜੂਨ ਤੋਂ 15 ਜੁਲਾਈ 2020 ਈ:

ਜਿਲਦ 28, ਵੀਰਵਾਰ ਨੰਬਰ 11

**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015

**Editorial Board:**

*Harvendra Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*

*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ੂਸ਼ਧ ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$ੂਸ਼ਧ ਡਾਲਰ

***Designed and Typeset:***
***Hakam Singh***

***Vishav Namdhari Sangat, Sri Bhaini Sahib***
***Satjug@sribhainisahib.com***

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 99147-02201
98155-75099

## ਤਤਕਰਾ

* ਸੰਪਾਦਕੀ-- ਅਨੰਦ ਕਾਰਜਾਂ ਲਈ ਸ਼ੁਭ- ਮਹੂਰਤ, ਕਿਹੜਾ?
ਹਰਪਾਲ ਸਿੰਘ ਸੇਵਕ....................................4

* ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ.........................6

* ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ.........................6

* ਸਦ ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ........................7

* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਕਵੀ ਪ੍ਰੀਤਮ ਸਿੰਘ ਜੀ............................10

* ਪੈਂਤੀ ਵਰ੍ਹਿਆਂ ਬਾਅਦ ਨਿਗਾਹ ਪਰਤੀ (ਗੁਰ-ਗਾਥਾ)
ਹਰਪਾਲ ਸਿੰਘ ਸੇਵਕ ..................................16

* ਆਯੁਰਵੇਦ ਰਾਹੀਂ ਅਰੋਗਤਾ
ਡਾ. ਕਮਲਦੀਪ ਕੌਰ ਕੂਕਾ .............................18

* A Saga of Sri Satguru Jagjit Singh ji
Dr. Sharada Jayagovind ......................................19

* ਅਨੰਦ ਸ਼ਤਾਬਦੀ ਬੜੀ ਸ਼ਾਨ ਨਾਲ ਮਨਾਈ ਗਈ
3 ਜੂਨ 1863 ਪਿੰਡ ਖੋਟੇ ਵਿਖੇ
ਸਵ. ਮਾ. ਨਿਹਾਲ ਸਿੰਘ ................................21

* ਅਨੰਦ ਸ਼ਤਾਬਦੀ ਦੀ ਸਫ਼ਲਤਾ
ਸਵ. ਕਵੀ ਪ੍ਰਤਿਮ ਸਿੰਘ ................................34

* ਨਾਮਧਾਰੀ ਯਾਦਗਾਰ ਪਿੰਡ ਸਿਆੜ੍ਹ
ਮਾ. ਗੁਰਦੇਵ ਸਿੰਘ (ਸਿਆੜ੍ਹ)........................36

* ਸੂਬਾ ਸਾਹਿਬ ਸਿੰਘ ਅਤੇ ਨਿਹੰਗ ਸਿੰਘ ਦਾ
ਅਗਸਤ 1874 ਈ. ਨੂੰ ਅਦਨ ਤੋਂ ਲਿਖਿਆ ਪੱਤਰ
ਜਸਵਿੰਦਰ ਸਿੰਘ ਹਿਸਟੋਰਿਅਨ..........................38

* ਅੜਬੰਗੀ (ਨਾਵਲ)
ਸਵ. ਸੰਤ ਇੰਦਰ ਸਿੰਘ ਚੱਕਰਵਰਤੀ ..................41

* ਖ਼ਬਰਨਾਮਾ.................................................43

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

# ਅਨੰਦ ਕਾਰਜਾਂ ਲਈ ਸ਼ੁਭ-ਮਹੂਰਤ ਕਿਹੜਾ?

ਸ਼ੁਭ-ਮਹੂਰਤ ਦਾ ਸਾਡੇ ਜੀਵਨ ਵਿੱਚ ਬਹੁਤ ਮਹੱਤਵ ਹੁੰਦਾ ਹੈ। ਹਰ ਕੋਈ ਸੁਖੀ ਰਹਿਣਾ ਚਾਹੁੰਦਾ ਹੈ। ਇਸੇ ਵਾਸਤੇ ਅਸੀਂ ਚਾਹੁੰਦੇ ਹਾਂ ਕਿ ਕਿਸੇ ਵੀ ਕਾਰਜ ਦੀ ਅਰੰਭਤਾ ਐਸੇ ਸ਼ੁਭ ਸਮੇਂ ਤੇ ਕੀਤੀ ਜਾਵੇ ਕਿ ਸਾਨੂੰ ਸਫਲਤਾ ਮਿਲੇ, ਕਾਰਜ ਸੁਖਦਾਇਕ ਅਤੇ ਫਲ-ਪਰਦ ਹੋਵੇ। ਏਸੇ ਸੋਚ ਕਾਰਨ ਹੀ ਸਾਡੇ ਸਮਾਜ ਵਿੱਚ ਸ਼ੁਭ-ਅਸ਼ੁਭ ਅਤੇ ਸਗਨ-ਅਪਸਗਨ ਸ਼ਬਦ ਪ੍ਰਚਲਤ ਹੋ ਗਏ। ਗੁਰਬਾਣੀ ਵਿੱਚ ਗੁਰੂ ਸਾਹਿਬ ਫੁਰਮਾਉਂਦੇ ਹਨ- 'ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ॥" ਜੋ ਮਨੁੱਖ ਪ੍ਰਮੇਸ਼ਰ ਦਾ ਸਿਮਰਨ ਨਹੀਂ ਕਰਦਾ ਉਸਤੇ ਹੀ ਸਗਨ ਅਪਸਗਨ ਦਾ ਅਸਰ ਹੈ। ਜੋ ਗੁਰਮੰਤ੍ਰ ਦਾ ਜਾਪ ਕਰਦਾ ਹੈ, ਜਿਸਦੇ ਹਿਰਦੇ ਵਿੱਚ ਹਰੀ ਵੱਸਦਾ ਹੈ, ਉਸਤੇ ਕਿਸੇ ਵੀ ਅਪਸਗਨ ਦਾ ਕੋਈ ਅਸਰ ਨਹੀਂ ਹੁੰਦਾ। ਅਪਸਗੁਨ ਦਾ ਅਸਰ ਤੇ ਕੀ ਹੋਣਾ ਹੈ, ਉਹ ਲੋਕ-ਪ੍ਰਲੋਕ ਵਿੱਚ ਨਿਰਭਉ ਹੋ ਕੇ ਵਿਚਰਦਾ ਹੈ- ਜਮ ਵੀ ਉਸਦੇ ਨੇੜੇ ਨਹੀਂ ਆਉਂਦਾ- 'ਤਿਸੁ ਜਮੁ ਨੇੜਿ ਨ ਆਵਈ ਜੋ ਹਰਿ ਪ੍ਰਭਿ ਭਾਵੈ।' ਇਸੇ ਲਈ ਗੁਰ-ਸਿੱਖ ਹਰ ਕਾਰਜ ਆਪਣੇ ਸਤਿਗੁਰੂ ਅੱਗੇ ਅਰਦਾਸ ਕਰਕੇ, ਅਰੰਭ ਕਰਦਾ ਹੈ। ਅਸੀਂ ਨਾਮਧਾਰੀ ਗ੍ਰਹਿ ਪ੍ਰਵੇਸ਼ ਜਾਂ ਕਿਸੇ ਕਾਰੋਬਾਰ ਦਾ ਅਰੰਭ ਨਾਮ ਸਿਮਰਨ ਦੀ ਵਰਨੀ, ਹਵਨ ਜਾਂ ਅਖੰਡ ਪਾਠ ਕਰਕੇ ਅਤੇ ਸਤਿਗੁਰੂ-ਸੱਚੇ ਪਾਤਸ਼ਾਹ ਦੇ ਚਰਨ ਪਵਾ ਕੇ ਕਰਦੇ ਹਾਂ।

ਇਸੇ ਤਰ੍ਹਾਂ ਅਨੰਦ ਕਾਰਜ ਸਾਡੇ ਜੀਵਨ ਦਾ ਇਕ ਬਹੁਤ ਮਹੱਤਵ ਪੂਰਨ ਕਾਰਜ ਹੈ। ਗ੍ਰਹਿਸਤ ਜੀਵਨ ਵਿੱਚ ਪ੍ਰਵੇਸ਼, ਇਕ ਨਵੇਂ ਜੀਵਨ ਦਾ ਅਰੰਭ ਹੈ- ਅਨੰਦ ਕਾਰਜ। ਮਨੁੱਖੀ ਸੋਚ ਹੈ ਕਿ ਜਿਸ ਕਾਰਜ ਦੀ ਅਰੰਭਤਾ ਚੰਗੀ ਹੋਵੇ ਉਸਦਾ ਭਵਿੱਖ ਵੀ ਸੁਖਦਾਇਕ ਹੋਵੇਗਾ। ਇਸ ਲਈ ਲੋਕ ਪੰਡਤਾਂ, ਜੋਤਸ਼ੀਆਂ, ਕੋਲੋਂ ਸ਼ੁਭ ਮਹੂਰਤ ਕਢਵਾਉਂਦੇ ਹਨ ਤਾ ਕਿ ਸਾਡਾ ਗ੍ਰਹਿਸਤ ਜੀਵਨ ਵਿੱਚ ਪ੍ਰਵੇਸ਼ ਸ਼ੁਭ ਹੋਵੇ। ਪੰਡਿਤ ਲੋਕ ਗ੍ਰਹਿਆਂ, ਨਛੱਤਰਾਂ ਦਾ ਹਿਸਾਬ ਲਾ ਕੇ ਇਕ ਵਿਸ਼ੇਸ਼ ਦਿਨ ਅਤੇ ਕਈ ਵਾਰ ਵਿਸ਼ੇਸ਼ ਸਮਾਂ ਵੀ ਦੱਸਦੇ ਹਨ ਜਦੋਂ ਵਿਆਹ ਦੀ ਰਸਮ ਪੂਰੀ ਕੀਤੀ ਜਾਵੇ। ਪਰ ਗੁਰਮਤਿ ਵਿਧਾਨ ਬਾਰੇ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਰਾਗ ਮਾਝ ਵਿੱਚ ਬਾਰਹ ਮਾਹਾ ਵਿੱਚ ਉਚਾਰਦੇ ਹਨ-

ਪਾਰਬ੍ਰਹਮ ਪ੍ਰਭ ਸੇਵਦੇ ਮਨ ਅੰਦਰਿ ਏਕੁ ਧਰੇ॥
ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥

ਜੋ ਸਤਿਗੁਰ-ਪ੍ਰਮੇਸ਼ਰ ਨੂੰ ਸੇਵਦੇ ਹਨ ਭਾਵ ਉਸ ਦਾ ਸਿਮਰਨ ਕਰਦੇ ਹਨ ਅਤੇ ਇੱਕ ਤੇ ਹੀ ਟੇਕ ਰੱਖਦੇ ਹਨ। ਉਸ ਵਾਸਤੇ ਮਹੀਨੇ, ਦਿਨ ਮਹੂਰਤ ਸਭ ਭਲੇ ਹੁੰਦੇ ਹਨ ਜਿਸਤੇ ਪਰਮੇਸ਼ਰ ਦੀ ਮੇਹਰਿ ਨਦਰਿ ਹੁੰਦੀ ਹੈ। ਮੇਹਰ- ਨਦਰਿ, ਬਖਸ਼ਿਸ਼ ਉਸੇ ਤੇ ਹੋਵੇਗੀ ਜੋ ਸਤਿਗੁਰੂ ਦੇ ਸਨਮੁਖ ਹੋਵੇਗਾ, ਸਿੱਧਾ ਹੋਵੇਗਾ। ਮੂਧਾ ਭਾਂਡਾ ਬਰਸਾਤ ਵਿਚ ਪਿਆ ਵੀ ਖਾਲੀ ਰਹਿ ਜਾਂਦਾ ਹੈ। ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਰਾਗ ਰਾਮਕਲੀ ਵਿੱਚ ਸਨਮੁਖ ਸਿੱਖ ਦੀ ਤਾਰੀਫ ਲਿਖਦੇ ਹਨ-

ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ॥
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ॥

ਮੈਂ ਮੇਰੀ ਦਾ ਤਿਆਗ ਕਰਕੇ, ਲੋਕਾਚਾਰ ਦੀ ਪ੍ਰਵਾਹ ਨਾ ਕਰੇ ਅਤੇ ਆਪਣੇ ਸਤਿਗੁਰੂ ਤੋਂ ਬਿਨਾਂ ਹੋਰ ਕਿਸੇ ਤੇ ਟੇਕ ਨਾ ਰੱਖੇ। ਐਸੇ ਸਨਮੁਖ ਸਿੱਖ ਦੇ ਸਤਿਗੁਰੂ ਹਮੇਸ਼ਾਂ ਸਹਾਈ ਹੁੰਦਾ ਹੈ। ਪੰਡਤਾਂ ਵਲੋਂ ਨਛੱਤਰਾਂ, ਗ੍ਰਹਿਆਂ ਦੀ ਚਾਲ ਵੇਖਕੇ ਦੱਸਿਆ ਦਿਨ ਘੱਟੋ-ਘੱਟ ਇੱਕ ਗੁਰਸਿੱਖ ਵਾਸਤੇ ਇਸ ਕਰਕੇ ਵੀ ਅਸ਼ੁਭ ਹੋ ਜਾਂਦਾ ਹੈ ਕਿ ਜਦੋਂ ਕੋਈ ਸਿੱਖ ਆਪਣੇ ਗੁਰੂ ਨੂੰ ਛੱਡ ਕੇ ਹੋਰ ਕਿਸੇ ਦੀ ਟੇਕ ਰੱਖਦਾ ਹੈ ਤਾਂ ਭਾਈ ਗੁਰਦਾਸ ਜੀ ਲਿਖਦੇ ਹਨ-

ਗੁਰ ਸਿਖ ਹੋਇ ਆਨ ਦੇਵ ਸੇਵ ਟੇਵ ਗਹੈ
ਸਹੈ ਜਮ ਡੰਡ ਧ੍ਰਿਗ ਜੀਵਨੁ ਸੰਸਾਰ ਹੈ।

ਐਸੇ ਸਿੱਖ ਦਾ ਜੀਵਨ ਧ੍ਰਿਕਾਰ ਹੈ, ਨਖਿੱਧ ਹੈ ਅਤੇ ਪ੍ਰਲੋਕ ਵਿੱਚ ਉਸ ਲਈ ਜਮ ਦਾ ਡੰਡ ਤਿਆਰ ਹੈ।

ਸਭ ਤੋਂ ਸ਼ੁਭ ਮਹੂਰਤ ਹੁੰਦਾ ਹੈ- ਸਤਿਗੁਰੂ ਜੀ ਦੇ ਸਨਮੁਖ, ਸਾਧ ਸੰਗਤ ਵਿੱਚ ਵੱਡੇ ਮੇਲਿਆਂ, ਹੋਲਿਆਂ ਸਮੇਂ ਜਿੱਥੇ ਹਜ਼ਾਰਾਂ ਗੁਰਸਿਖਾਂ ਨੇ ਨਾਮ ਸਿਮਰਨ ਕੀਤਾ ਹੁੰਦਾ ਹੈ। ਉਸ ਸਮੇਂ ਅਨੰਦ ਕਾਰਜ ਹੋਣਾ, ਗ੍ਰਿਹਸਤ ਜੀਵਨ ਦੀ ਸ਼ੁਭ ਅਰੰਭਤਾ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਵੰਬਰ 1979 ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਸਲਾਨਾ ਜਪ ਪ੍ਰਯੋਗ ਤੋਂ ਬਾਅਦ ਦੁਬਾਰਾ ਮਹੀਨੇ ਭਰ ਦਾ ਨਾਮ-ਸਿਮਰਨ ਜੱਪ-ਪ੍ਰਯੋਗ ਕਰਵਾ ਕੇ, ਉਸ ਦੇ ਭੋਗ ਤੇ ਆਪਣੀ ਇਕਲੌਤੀ ਸਪੁੱਤਰੀ ਬੀਬਾ ਸਾਹਿਬ ਕੌਰ ਜੀ ਦਾ ਅਨੰਦ ਕਾਰਜ ਕੀਤਾ ਸੀ ਅਤੇ ਕੀਤਾ ਵੀ ਸਾਮੂਹਿਕ ਅਨੰਦ ਕਾਰਜਾਂ ਵਿੱਚ। ਕਈ ਵੇਰ ਅਸੀਂ ਆਪਣੇ ਰੁਤਬੇ ਜਾਂ ਮਾਇਆ ਦੀ ਹਉਮੈ ਵੱਸ ਆਪਣੇ ਬੱਚਿਆਂ ਦੇ ਅਨੰਦ ਕਾਰਜ ਸਮੇਂ ਜਾਂ ਘਰ ਦੇ ਕਿਸੇ ਜੀਅ ਦੇ ਨਮਿਤ ਪਾਠ ਭੋਗ ਦਾ ਸਮਾਗਮ ਵੀ ਇੱਕਲਿਆਂ ਦਾ ਕਰਨਾ ਚਾਹੁੰਦੇ ਹਾਂ। ਇਹ ਵੀ ਸੂਖਮ ਹੰਕਾਰ ਦਾ ਪ੍ਰਗਟਾਵਾ ਹੈ ਜੋ ਗੁਰ-ਦਰ ਪ੍ਰਵਾਨ ਨਹੀਂ ਹੁੰਦਾ। ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ-

ਹੋਹੁ ਨਿਮਾਣਾ ਸਤਿਗੁਰੂ ਅਗੈ ਮਤ ਕਿਛੁ ਆਪੁ ਲਖਾਵਹੇ॥
ਆਪਣੈ ਅਹੰਕਾਰਿ ਜਗਤੁ ਜਲਿਆ ਮਤ ਤੂੰ ਆਪਣਾ ਆਪੁ ਗਵਾਵਹੇ॥

ਸਤਿਗੁਰੂ ਦੇ ਸਨਮੁਖ ਸਾਧ ਸੰਗਤ ਵਿੱਚ ਆ ਕੇ ਆਪਣਾ ਸਭੋ ਕੁਛ ਗਵਾਉਣਾ ਹੀ, ਸਭ ਕੁਝ ਪਾਉਣਾ ਹੈ।

ਗੁਰਮਤਿ ਦੇ ਮਾਰਗ ਤੇ ਚੱਲਣ ਵਿੱਚ ਸਭ ਤੋਂ ਵੱਡਾ ਰੋੜਾ ਬਣਦਾ ਹੈ, ਹਉਮੈਂ, ਲੋਭ ਅਤੇ ਲੋਕਾਚਾਰ। ਭਗਤ ਕਬੀਰ ਜੀ ਸਮਝਾਉਂਦੇ ਹਨ:

'ਪਰਹਰੁ ਲੋਭੁ ਅਰੁ ਲੋਕਾਚਾਰੁ।' ਸਿੱਖ ਇਤਿਹਾਸ ਵਿੱਚ ਉਨ੍ਹਾਂ ਗੁਰਸਿੱਖਾਂ ਨੂੰ ਹੀ ਪਰਮ-ਪਦਵੀ ਪ੍ਰਾਪਤ ਹੋਈ ਜਿਨਾਂ ਨੇ ਲੋਕਾਚਾਰ, ਦੁਨੀਆਂਦਾਰੀ ਦੀ ਪ੍ਰਵਾਹ ਨਾ ਕਰਕੇ ਇਕ ਗੁਰੂ ਦੇ ਹੁਕਮ ਨੂੰ ਹੀ ਮੁੱਖ ਰੱਖਿਆ। ਸਤਿਗੁਰੂ ਰਾਮ ਸਿੰਘ ਜੀ ਵੇਲੇ ਦੇ ਨਾਮਧਾਰੀ ਸਿੱਖਾਂ ਬਾਰੇ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ-


ਦੇਵ-ਥਾਨ ਤੀਰਥ ਪੁਰਾਨ ਸਾਧੁ ਬਿਪਰੋਂ ਕੋ,
ਮਾਨ ਹੈ ਨ ਦਾਨ ਪੁੰਨ ਦੇਤ ਔਰ ਕੋ ਕਬੀ।
ਆਪਸ ਮੈ ਦੇਤ ਲੇਤ ਹੈਂ, ਸਹੇਤ ਸਾਕ ਨਾਤਾ,
ਰਾਜ ਲੈਨ ਕੇਰੀ ਇੱਛਯਾ ਮਨ ਸਭਿ ਕੇ ਫਬੀ।
ਮਰਣੇ ਔ ਪਰਣੇ ਮੈ ਬਿੱਪਰੈਂ ਬੁਲਾਵੈਂ ਨਾਂਹਿ,
ਆਨੰਦ ਪੜਾਵੈਂ ਰੀਤ ਗੁਰ ਘਰ ਕੀ ਲਭੀ।
ਰਾਮ ਸਿੰਘ ਹੀ ਕੋ ਸਤਿਗੁਰੂ ਅਵਤਾਰ ਪੀਰ ਜਾਨੈ,
ਜੋ ਬਖਾਨੈ ਸੋਊ ਮਾਨ ਹੈਂ ਸਭੀ॥

ਉਹ ਨਾਮਧਾਰੀ ਸਿੱਖ ਸਨ ਜੋ ਹੋਰ ਸਾਧਾਂ-ਸੰਤਾਂ, ਦੇਵੀ ਦੇਵਤਿਆਂ ਜਾਂ ਹੋਰ ਤੀਰਥਾਂ ਤੇ ਨਹੀਂ ਸਨ ਜਾਂਦੇ। ਰਿਸ਼ਤੇ ਨਾਤੇ ਵੀ ਨਾਮਧਾਰੀਆਂ ਵਿੱਚ ਹੀ ਕਰਦੇ ਸਨ। ਮਰਣੇ-ਪਰਣੇ ਜਾਂ ਅਨੰਦਾਂ ਤੇ ਪੰਡਤਾਂ ਨੂੰ ਨਹੀਂ ਸਨ ਬੁਲਾਉਂਦੇ- ਗੁਰੂ ਕੀ ਅਨੰਦ ਕਾਰਜ ਦੀ ਰੀਤ ਨਾਲ ਹੀ ਅਨੰਦ ਕਰਦੇ ਸਨ। ਆਪਣੇ ਸਤਿਗੁਰੂ ਨੂੰ ਹੀ ਗੁਰੂ ਪੀਰ ਅਵਤਾਰ ਕਰਕੇ ਜਾਣਦੇ ਅਤੇ ਉਸੇ ਦਾ ਹੁਕਮ ਮੰਨਦੇ ਸਨ। ਇਨ੍ਹਾਂ ਪਗ-ਚਿੰਨਾਂ ਤੇ ਚਲਦਿਆਂ ਸਾਨੂੰ ਵੀ ਚਾਹੀਦਾ ਹੈ ਕਿ ਕਦੇ ਵੀ ਕਿਤੇ ਮੜ੍ਹੀਆਂ, ਕਬਰਾਂ ਜਾਂ ਪੀਰਾਂ ਫਕੀਰਾਂ ਦੀ ਜਗ੍ਹਾ ਤੇ ਕਦੇ ਨਾ ਜਾਈਏ। ਨਾ ਹੀ ਪੰਡਤਾਂ ਤੋਂ ਕਿਸੇ ਕਾਰਜ ਦਾ ਵੀ ਮਹੂਰਤ ਕਢਵਾਈਏ। ਸਗੋਂ ਸਤਿਗੁਰੂ ਜੀ ਦੀ ਹਜ਼ੂਰੀ ਨੂੰ ਹੀ ਸਭ ਤੋਂ ਚੰਗਾ ਮਹੂਰਤ ਜਾਣਕੇ- ਮੇਲਿਆਂ ਤੇ ਆਪਣੇ ਬੱਚਿਆਂ ਦੇ ਅਨੰਦ ਕਾਰਜ ਕਰਵਾਈਏ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਨਾਮਧਾਰੀ ਸੰਗਤ ਦੇ ਨਾਮ ਫੁਰਮਾਣ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰਕਾਸ਼ ਸ਼ਤਾਬਦੀ ਤੇ ਘੱਟੋ-ਘੱਟ 100 ਅਨੰਦ ਕਾਰਜ ਇਕੱਠੇ ਕਰਕੇ ਪ੍ਰਕਾਸ਼ ਸ਼ਤਾਬਦੀ ਮਨਾਈਏ। ਸ੍ਰੀ ਸਤਿਗੁਰੂ ਜੀ ਨੇ ਇਹ ਵੀ ਬਚਨ ਕੀਤਾ ਹੈ ਕਿ ਜੇ ਸੰਗਤ ਉੱਦਮ ਕਰੇ ਤਾਂ ਦੋ ਸੌ ਅਨੰਦ ਕਾਰਜ ਵੀ ਹੋ ਸਕਦੇ ਹਨ। ਇਸ ਲਈ ਨਾਮਧਾਰੀ ਸੰਗਤਾਂ ਉੱਦਮ ਕਰਨ, ਆਪਣੇ ਲੜਕੇ-ਲੜਕੀਆਂ ਦੇ ਰਿਸ਼ਤੇ ਤੈਅ ਕਰਕੇ ਆਪਣੇ ਸੂਬਿਆਂ-ਪਰਬੰਧਕਾਂ ਰਾਹੀਂ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਭੇਜਣ ਅਤੇ ਗੁਰੂ ਦੀਆਂ ਖੁਸ਼ੀਆਂ ਦੇ ਪਾਤਰ ਬਣਨ।

ਹਰਪਾਲ ਸਿੰਘ ਸੇਵਕ
94176-01321

## ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਹੋਰੁ ਭਾਈ ਕੁੜੀ ਨੰਦਾ ਦਾ ਬੀ ਆਦਰੁ ਰਖੀ। ਹੋਰ ਮੇਰੇ ਕੜੇ ਬੀ ਹੋਰ ਗਹਿਣਾ ਬੀ, ਜਨਾਨਾ ਮਰਦਾਨਾ, ਸਭ ਬੇਚਕੇ ਹਰਿ ਕੇ ਲੇਖੇ ਲਾ ਦੇ। ਏ ਸਾਰੇ ਦਾ ਖਰਾ ਸੌਦਾ ਕਰ ਦੇਈ।


........ ਹੋਰ ਤਾ ਭੋਗ ਬਹੁਤ ਪਾਏ ਹਨ ਪਰ ਕੋਈ ਬੋਬੋ ਦੇ ਨਮਿਤ ਨਹੀ ਪਾਇਆ ਹੈ, ਸੋ ਤੈ ਏਹੁ ਬੀ ਕੰਮ ਕਰਨਾ। ਮਾਈ ਦੇ ਨਮਿਤ ਪੰਜ ਭੋਗ ਪਾ ਦੇਣੇ, ਕੁਛ ਕਪੜਾ ਲੀੜਾ ਭੀ ਦੇ ਦੇਣਾ। ਸਾਡੀ ਤਿਆਰੀ ਥੀ, ਵਿਚੇ ਹੀ ਇਹੁ ਭਾਣਾ ਵਰਤ ਗਿਆ। ਮੰਗਤੇ ਲੋਕਾ ਨੂ ਜਥਾ ਸਕਤਿ ਜੋ ਬਨਿ ਆਵੈ ਸੋ ਦੇਣਾ।

•ਬੋਬੋ (ਮਾਤਾ ਸਦਾ ਕੌਰ ਜੀ)

ਹੁਕਮਨਾਮਾ 11 ਵਿਚੋਂ

## ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

### ਮਨ ਏਸ ਤਰ੍ਹਾਂ ਦਾ ਬਣਾਓ



ਆਪਣੇ ਮਨ ਨੂੰ ਏਸ ਥਾਂ ਰੱਖਿਆ ਕਰੋ ਕਿ ਸਾਡਾ ਮਨ ਸਤਿਗੁਰਾਂ ਦਾ ਹੁਕਮ ਮੰਨਣ ਵਾਲਾ ਬਣਿਆ ਰਹੇ। ਜਿਹੜੀ ਜ਼ਮੀਨ ਚੰਗੀ ਬਣੀ ਹੋਵੇ ਤਾਂ ਉਹਦੇ ਵਿਚ ਹੀ ਬੀਜ ਚੰਗੀ ਉਪਜ ਦੇਂਦਾ ਹੈ। ਨਹੀਂ ਤੇ ਕਈ ਵਾਰ ਐਉਂ ਹੁੰਦਾ ਹੈ, ਜਿਨ੍ਹਾਂ ਦੇ ਮਨ ਠੀਕ ਨਹੀਂ ਹੁੰਦੇ ਹਨ, ਜਿਵੇਂ ਸਵਾਂਤੀ ਬੂੰਦ ਬਬੀਹੇ ਨੂੰ ਮਿਲੇ ਤਾਂ ਉਸਦੀ ਪਿਆਸ ਬੁੱਝ ਜਾਂਦੀ ਹੈ, ਤ੍ਰਿਪਤ ਹੋ ਜਾਂਦਾ ਹੈ। ਸਿੱਪ ਵਿੱਚ ਪਵੇ ਤਾਂ ਮੋਤੀ ਬਣ ਜਾਂਦਾ ਹੈ। ਹਾਥੀ ਦੇ ਸਿਰ ਤੇ ਪਵੇ ਤਾਂ ਗਜ ਮੋਤੀ ਬਣ ਜਾਂਦਾ ਹੈ। ਕੇਲੇ ਵਿਚ ਪਵੇ ਤਾਂ ਕਪੂਰ ਬਣ ਜਾਂਦਾ ਹੈ, ਪਰ ਉਹੋ ਸਵਾਂਤੀ ਬੂੰਦ ਗਿਦੜ ਤੇ ਪਵੇ ਤਾਂ ਉਹ ਹਲਕ ਜਾਂਦਾ ਹੈ। ਹੁਣ ਵੇਖੋ ਕਿ ਸਵਾਂਤੀ ਬੂੰਦ ਦਾ ਇਹਦੇ ਵਿਚ ਕੀ ਕਸੂਰ ਹੈ। ਉਹ ਥੱਲੇ ਦੀ ਜ਼ਮੀਨ ਦਾ ਅਸਰ ਹੈ। ਸਾਡੀ ਜ਼ਮੀਨ ਐਹੋ ਜਹੀ ਬਣੀ ਹੋਵੇ ਕਿ ਹਲਕਣ ਵਾਲੀ ਨਾ ਹੋਵੇ, ਉਹ ਕਪੂਰ ਬਨਣ ਵਾਲੀ ਹੋਵੇ, ਉਹ ਮੋਤੀ ਬਨਣ ਵਾਲੀ ਹੋਵੇ।

# ਪ੍ਰਵਚਨ
# ਸ੍ਰੀ ਸਤਿਗੁਰੂ ਉਦੇ ਸਿੰਘ ਜੀ

9 ਜੂਨ 2020 ਸ੍ਰੀ ਭੈਣੀ ਸਾਹਿਬ



ਸਤਿਕਾਰ ਯੋਗ ਸਾਧ ਸੰਗਤ ਜੀ, ਤੁਸੀਂ ਨਾਮ-ਸਿਮਰਨ ਕੀਤਾ ਹੈ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦੇ ਉਪਦੇਸ਼ ਸੁਣੇ ਨੇ। ਅੱਜ ਬਹੁਤੀ ਸੰਗਤ, ਮੇਰਾ ਖਿਆਲ ਹੈ ਕਿ ਲੁਧਿਆਣੇ ਤੋਂ ਆਈ ਹੈ। ਤੁਹਾਨੂੰ ਪਤਾ ਹੈ ਕਿ ਜਿਸ ਤਰ੍ਹਾਂ ਦਾ ਮਹੌਲ ਚੱਲ ਰਿਹਾ ਹੈ। ਉਸ ਕਰਕੇ ਅਰਜ਼ ਬੇਨਤੀ ਕੀਤੀ ਸੀ ਕਿ ਇੱਕ-ਇੱਕ ਇਲਾਕੇ ਤੋਂ ਸੰਗਤ ਆਵੇ ਤਾਂ ਕਿ ਬਹੁਤ ਵੱਡਾ ਇਕੱਠ ਨਾ ਹੋਵੇ,ਇਸ ਕਰੋਨਾ ਵਾਇਰਸ ਕਰਕੇ । ਅੱਜ ਅਸੀਂ ਭੈਣੀ ਸਾਹਿਬ ਦੀ ਸੰਗਤ ਨੂੰ ਵੀ ਕਿਹਾ ਹੈ ਕਿ ਉਨ੍ਹਾਂ ਦਾ ਨਾਮ-ਸਿਮਰਨ ਸ਼ਾਮ ਨੂੰ ਹੋਏਗਾ।

ਤੁਸੀਂ ਸੱਚੇ ਪਾਤਸ਼ਾਹ ਜੀ ਦਾ ਉਪਦੇਸ਼ ਸੁਣਿਆ ਹੈ, ਪਤਾ ਨਹੀਂ ਕਿ ਕਿੰਨਿਆਂ ਨੇ ਧਿਆਨ ਨਾਲ ਉਪਦੇਸ਼ ਸੁਣਿਆ ਹੈ, ਸਤਿਗੁਰੂ ਸੱਚੇ ਪਾਤਸ਼ਾਹ ਨੇ ਗੁਰਬਾਣੀ ਦਾ ਪ੍ਰਮਾਣ ਦਿੱਤਾ ਸੀ।

'ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥'

ਜਿੰਨ੍ਹੇ ਸਿੱਖ ਅਖਵਾਉਣਾ ਹੈ, ਇਹ ਨਹੀਂ ਕਿ ਉਹ ਚਿੱਟੀ ਵਾਲਾ ਹੈ, ਕਾਲੀ ਵਾਲਾ ਹੈ, ਨੀਲੀ ਵਾਲਾ ਹੈ, ਜੋ ਵੀ ਅੰਮ੍ਰਿਤ ਵੇਲੇ ਉੱਠ ਕੇ ਹਰੀ ਦਾ, ਰਾਮ ਦਾ, ਪ੍ਰਮਾਤਮਾ ਦਾ ਨਾਮ ਲੈਂਦਾ ਹੈ ਉਹ ਹੀ ਸਿੱਖ ਹੈ। ਮੈਨੂੰ ਪੁੱਛਦਿਆਂ ਸੰਗ ਆਏਗੀ ਕਿ ਜੇ ਮੈਂ ਇਹ ਪੁੱਛਾਂ ਕਿ ਕਿੰਨੀ ਸੰਗਤ ਹੈ ਜਿਹੜੀ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਇਸ਼ਨਾਨ ਕਰ ਲੈਂਦੀ ਹੈ। ਕਿੰਨੇ ਨੇ ਜਿਹੜੇ ਨਹੀਂ ਉੱਠਦੇ। ਬੜਿਆਂ ਤੇ ਕਿਰਪਾ ਹੈ,ਜੋ ਅੰਮ੍ਰਿਤ ਵੇਲੇ ਉੱਠਦੇ ਵੀ ਹੋਣਗੇ । ਪਰ ਬਹੁਤ ਸਾਰੇ ਉਹ ਨੇ, ਖਾਸ ਕਰਕੇ ਨੌਜਵਾਨਾਂ ਵਿੱਚ ਜਿਹੜੇ ਦਿਨ ਚੜ੍ਹੇ ਉੱਠਦੇ ਨੇ । ਪਹਿਲੀ ਮੈਂ ਅੱਜ ਬੇਨਤੀ ਕਰਾਂਗਾ ਕਿ ਸਿੱਖੀ ਤੇ ਤੁਰਨ ਦਾ ਇਹ ਰਸਤਾ ਹੈ ਕਿ ਅੰਮ੍ਰਿਤ ਵੇਲੇ ਜ਼ਰੂਰ ਉੱਠਿਆ ਕਰੋ। ਔਖੇ ਉੱਠਿਆ ਕਰੋ,ਸੌਖੇ ਉੱਠਿਆ ਕਰੋ। ਸੌਖਾ ਵੀ ਹੋ ਜਾਵੇਗਾ, ਜੇ ਆਦਤ ਪੈ ਜਾਵੇਗੀ। ਇੱਕ ਆਦਤ ਬਣ ਚੁੱਕੀ ਹੈ, ਕਿ ਰਾਤ ਨੂੰ ਦੇਰ ਤੱਕ ਜਾਗਣਾ ਤੇ ਰਾਤ ਨੂੰ ਬਹੁਤ ਲੇਟ ਰੋਟੀ ਖਾਣੀ ਹੈ । ਸ਼ਾਇਦ ਇਹ ਬਾਹਰ ਦੇ ਸਮਾਜ ਦਾ ਅਸਰ ਹੈ ਜਾਂ ਉਹਨੂੰ ਵੀ ਉੱਚੀ

ਸੋਸਾਇਟੀ ਸਮਝਿਆ ਜਾਂਦਾ ਹੈ। ਪਰ ਇਹ ਕੋਸ਼ਿਸ਼ ਕਰੋ ਕਿ ਜਲਦੀ ਰਾਤ ਨੂੰ ਸੁੱਤਾ ਜਾਵੇ ਅਤੇ ਸਵੇਰੇ ਜਲਦੀ ਉੱਠਿਆ ਜਾਵੇ। ਇੱਥੇ ਭੈਣੀ ਸਾਹਿਬ ਬੜੀ ਕਿਰਪਾ ਹੈ ਮੈਂ ਪ੍ਰਯੋਗ ਵਿੱਚ ਚਾਰ ਕੁ ਵਜੇ ਆਉਂਦਾ ਹਾਂ, ਮੇਰੇ ਆਉਂਦਿਆਂ ਨੂੰ ਕਾਫ਼ੀ ਸੰਗਤ ਬੈਠੀ ਹੁੰਦੀ ਹੈ। ਮੈਂ ਲੁਧਿਆਣੇ ਦੀ ਸੰਗਤ ਨੂੰ ਅਤੇ ਹੋਰ ਆਈ ਸੰਗਤ ਨੂੰ ਵੀ ਅਰਜ਼ ਬੇਨਤੀ ਕਰਦਾ ਹਾਂ ਕਿ ਅੰਮ੍ਰਿਤ ਵੇਲੇ ਜ਼ਰੂਰ ਉੱਠਿਆ ਕਰੋ, ਕੋਸ਼ਿਸ਼ ਕਰਿਆ ਕਰੋ ਕਿ ਤਿੰਨ ਵਜੇ ਉੱਠਿਆ ਕਰੋ। ਜੇ ਕੋਈ ਤਿੰਨ ਵਜੇ ਨਹੀਂ ਉੱਠ ਸਕਦਾ। ਚਾਰ ਵਜੇ ਤੋਂ ਲੇਟ ਕੋਈ ਵੀ ਨਾ ਹੋਵੇ। ਜਿਹੜਾ ਉਸ ਤੋਂ ਪਹਿਲਾਂ ਉੱਠ ਸਕਦਾ ਹੈ,ਉਹ ਚੰਗੀ ਗੱਲ ਹੈ। ਉੱਠ ਕੇ, ਇਸ਼ਨਾਨ ਕਰਕੇ ਇੱਥੋਂ ਆਸਾ ਦੀ ਵਾਰ ਦਾ ਕੀਰਤਨ ਲਾ ਲਿਆ ਕਰੋ। ਕਿਉਂਕਿ ਆਪਾਂ ਇਕੱਠੇ ਨਹੀਂ ਹੋ ਸਕਦੇ ਇਸ ਮਹਾਂਮਾਰੀ ਕਰਕੇ। ਉਨ੍ਹਾਂ ਚਿਰ ਘੱਟੋ-ਘੱਟ ਟੈਕਨੌਲੋਜੀ ਦਾ ਆਪਾਂ ਚੰਗਾ ਫ਼ਾਇਦਾ ਉਠਾਈਏ। ਉਹ ਫਾਇਦਾ ਇਸ ਤਰ੍ਹਾਂ ਉਠਾਈਏ ਕਿ ਤੁਸੀਂ ਆਸਾ ਦੀ ਵਾਰ ਦਾ ਕੀਰਤਨ ਆਪਣੇ ਘਰ ਵਿੱਚ ਟੀ.ਵੀ., ਲੈਪਟਾਪ ਅਤੇ ਆਈਪੈਡ ਤੇ ਲਾ ਕੇ ਸੁਣ ਸੱਕਦੇ ਹੋ, ਕੀਰਤਨ ਲਾ ਕੇ, ਬੈਠ ਕੇ ਸੁਣੋ, ਤੇ ਨਾਮ ਸਿਮਰਨ ਕਰੋ। ਨਾਮ ਸਿਮਰਨ ਕਰਦਿਆਂ ਇਹ ਕੋਸ਼ਿਸ਼ ਕਰੋ ਕਿ ਸਾਡਾ ਮਨ ਕਿੰਨਾਂ ਚਿਰ ਟਿਕਦਾ ਹੈ। ਜਾਂ ਸਾਡੇ ਮਨ ਵਿੱਚ ਜੇਕਰ ਖਿਆਲ ਵੀ ਆਉਂਦਾ ਹੈ ਕਿ ਜਿਹੜਾ ਸ਼ਬਦ ਪੜ੍ਹਦੇ ਨੇ, ਜਿਹੜਾ ਆਸਾ ਦੀ ਵਾਰ ਦਾ ਛੱਕਾ ਪੜ੍ਹਦੇ ਨੇ ਕੀ ਸਾਡਾ ਉਸ ਬਾਰੇ ਹੀ ਖਿਆਲ ਆਉਂਦਾ ਹੈ। ਤੁਸੀਂ ਲੁਧਿਆਣੇ ਦੇ ਨੌਜਵਾਨ ਇਕ ਗਰੁੱਪ ਵੀ ਬਣਾ ਲਓ ਅਤੇ ਮੇਰੇ ਨਾਲ ਰੋਜ਼ ਦੀ ਰਿਪੋਰਟ ਸ਼ੇਅਰ ਕਰ ਲਿਆ ਕਰੋ ਕਿ ਅਸੀਂ ਕਿੰਨੇ ਜਾਣਿਆਂ ਨੇ, ਸੱਤ ਸੌ, ਅੱਠ ਸੌ, ਹਜ਼ਾਰ, ਕਿੰਨੇ ਜਣੇ ਸੀ ਜਿਨ੍ਹਾਂ ਨੇ ਸਵੇਰੇ ਚਾਰ ਵਜੇ ਤੱਕ ਇਸ਼ਨਾਨ ਕਰ ਲਿਆ ਸੀ। ਚਾਰ ਵਜੇ ਤੱਕ ਇਸ਼ਨਾਨ ਕਰਕੇ ਤੁਸੀਂ ਦੋ ਘੰਟੇ ਨਾਮ ਸਿਮਰਨ ਕਰ ਲਓ। ਨਾਮ ਸਿਮਰਨ ਕਰਨ ਤੋਂ ਬਾਅਦ ਤੁਸੀਂ ਬਹੁਤੇ ਬਾਣੀ ਪੜ੍ਹਦੇ ਹੋ ,ਜੇ ਜ਼ਿਆਦਾ ਨਹੀਂ ਤਾਂ ਘੱਟੋ ਘੱਟ ਜਪੁਜੀ ਸਾਹਿਬ, ਸ਼ਬਦ ਹਜ਼ਾਰੇ ਪੜ੍ਹ ਲਓ। ਜਿਹੜੇ ਪੜ੍ਹ ਸਕਦੇ ਨੇ ਚੰਡੀ ਦੀ ਵਾਰ ਦਾ ਪਾਠ ਕਰੋ।ਹੋਰ ਸੱਚੇ ਪਾਤਸ਼ਾਹ ਨੇ ਇੱਕ ਗੁਰਬਾਣੀ ਦਾ ਪ੍ਰਮਾਣ ਦਿੱਤਾ ਹੈ :

'ਦਿਨ ਰਾਤੀ ਆਰਾਧਹੁ ਪਿਆਰੋ ਨਿਮਖ ਨਾ ਕੀਜੈ ਢੀਲਾ॥' ਪਰ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਨੇ ਹੁਕਮ ਕੀਤਾ ਹੈ ਕਿ ਘੱਟ ਤੋਂ ਘੱਟ ਇੱਕ ਘੰਟਾ ਨਾਮ ਸਿਮਰਨ ਜ਼ਰੂਰ ਕਰਿਆ ਕਰੋ।ਜੇ ਆਪਾਂ ਸਵੇਰੇ ਉਠਾਂਗੇ ਤਾਂ ਦੋ ਘੰਟੇ ਨਾਮ ਸਿਮਰਨ ਹੋ ਜਾਵੇਗਾ, ਪਾਠ ਹੋ ਹੋਵੇਗਾ। ਇਹਦੇ ਨਾਲ ਤੁਹਾਡਾ ਮਨ ਵੀ ਸੁਖੀ ਰਹੇਗਾ ਤੇ ਸੱਚੇ ਪਾਤਸ਼ਾਹ ਕਿਰਪਾ ਕਰਨਗੇ, ਤੁਹਾਡੇ ਕੰਮ ਕਾਰ ਵੀ ਚੰਗੇ ਹੋਣਗੇ। ਸਵੇਰੇ ਸਣੇ ਕੇਸੀ ਇਸ਼ਨਾਨ ਕਰਨ ਦੀ, ਉੱਠਣ ਦੀ ਆਦਤ ਜ਼ਰੂਰ ਪਾਓ। ਜਿਹੜੇ ਵੀ ਲੁਧਿਆਣੇ ਦੇ ਤੁਸੀਂ ਵਿੱਦਿਅਕ ਜਥੇ ਵਾਲੇ ਸਿੰਘ ਤੇ ਬੀਬੀਆਂ ਵੀ ਇਹ ਜ਼ਰੂਰ ਪਰੋਗਰਾਮ ਬਣਾ ਲਓ ਕਿ ਕਿੰਨੇ ਜਣੇ ਨੇ, ਜਿਹੜੇ ਸਵੇਰੇ ਉੱਠਦੇ ਨੇ। ਜਿਹੜੇ ਨਹੀਂ ਉੱਠਦੇ, ਇਸ਼ਨਾਨ ਨਹੀਂ ਕਰਦੇ, ਕਿਸੇ ਨੂੰ ਗੁੱਸੇ ਨਾਲ ਨਹੀਂ, ਕਿਸੇ ਤੇ ਤਰਕ ਨਹੀਂ ਕਰਨਾ। ਉਨ੍ਹਾਂ ਦੇ ਕੋਲ ਹੱਥ ਜੋੜ ਕੇ ਅਰਜ਼ ਬੇਨਤੀ ਕਰੋ ਕਿ ਉਹ ਅੰਮ੍ਰਿਤ ਵੇਲੇ ਉੱਠਿਆ ਕਰਨ, ਇਹਦੇ ਵਿੱਚ ਸਾਡਾ ਫਾਇਦਾ ਹੈ।

ਦੂਸਰੀ ਮੈਂ ਇੱਕ ਵਿਹਾਰਕ ਅਰਜ਼ ਕਰਨੀ ਚਾਹੁੰਦਾ ਹਾਂ, ਦੁਨੀਆਂਦਾਰੀ ਦੇ ਹਿਸਾਬ ਨਾਲ ਪੂਰੇ ਵਿਸ਼ਵ ਵਿੱਚ ਕੋਰੋਨਾ ਮਹਾਂਮਾਰੀ ਕਰਕੇ ਬੜਾ ਦੁੱਖ ਹੈ, ਦੁੱਖ ਵੀ ਉਹਦੀ ਰਜ਼ਾ ਵਿੱਚ ਹੀ ਆਉਂਦਾ ਹੈ।ਆਪਾਂ ਨਾਮਧਾਰੀ ਸੱਚੇ ਪਾਤਸ਼ਾਹ ਦੀ ਕ੍ਰਿਪਾ ਨਾਲ ਬਚੇ ਰਹੇ ਹਾਂ ਕਿਸੇ ਨਾਮਧਾਰੀ ਦਾ ਨੁਕਸਾਨ ਨਹੀਂ ਹੋਇਆ, ਅੱਗੋਂ ਵੀ ਸੱਚੇ ਪਾਤਸ਼ਾਹ ਦੇ ਚਰਨਾਂ ਵਿੱਚ ਹੱਥ ਜੋੜ ਕੇ ਬੇਨਤੀ ਹੈ, ਇਸ ਤਰ੍ਹਾਂ ਹੀ ਬਚੇ ਰਹੀਏ ਕ੍ਰਿਪਾ ਹੋਵੇ। ਪਰ ਇਸ ਤਕਲੀਫ ਦੇ ਟਾਈਮ ਤੇ ਆਪਣੇ ਸਮਾਜ ਵਿੱਚ ਵੀ ਖਾਸ ਕਰਕੇ ਅਤੇ ਆਪਣੇ ਸਮਾਜ ਤੋਂ ਬਾਹਰ ਵੀ ਨਾਮਧਾਰੀ ਸੰਗਤ ਨੇ ਲੋੜਵੰਦ ਲੋਕਾਂ ਦੀ ਲੰਗਰ ਪਾਣੀ ਦੀ ਸੇਵਾ ਕੀਤੀ ਹੈ, ਭੈਣੀ ਸਾਹਿਬ ਤੋਂ, ਲੁਧਿਆਣਾ ਦੀ ਸੰਗਤ ਨੇ, ਦਿੱਲੀ ਦੀ ਸੰਗਤ ਨੇ, ਯਮੁਨਾ ਨਗਰ ਦੀ ਸੰਗਤ ਨੇ ਅਤੇ ਹੋਰ ਵੀ ਕਈ ਜਗ੍ਹਾ ਸੰਗਤਾ ਨੇ ਲੰਗਰ ਦੀ ਸੇਵਾ ਕੀਤੀ। ਉਨ੍ਹਾਂ ਦੀ ਸੇਵਾ ਕੀਤੀ ਜਿਨ੍ਹਾਂ

ਨਾਲ ਕੋਈ ਰਿਸ਼ਤੇਦਾਰੀ ਨਹੀਂ ਸੀ, ਜਿਨ੍ਹਾਂ ਨੂੰ ਕੋਈ ਜਾਣਦਾ ਨਹੀਂ ਸੀ, ਸਾਰੇ ਸਿੱਖ ਪੰਥ ਨੇ ਬਹੁਤ ਸੇਵਾ ਕੀਤੀ ਹੈ।ਸਾਰੇ ਸਿੱਖ ਪੰਥ ਦਾ ਸਿਰ ਬਹੁਤ ਉੱਚਾ ਹੋਇਆ ਹੈ। ਪਰ ਮੈਂ ਇਹ ਖਾਸ ਕਰਕੇ ਨਾਮਧਾਰੀਆਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਸਮੇਂ ਦੇ ਦੌਰਾਨ ਜਿਹੜੇ ਆਪਣੇ ਸਮਾਜ ਵਿੱਚ ਕਈ ਦਿਹਾੜੀਆਂ ਕਰਦੇ ਸੀ ਜਿਨ੍ਹਾਂ ਦੇ ਕੰਮ ਬਹੁਤ ਛੋਟੇ-ਛੋਟੇ ਸੀ। ਕਈਆਂ ਦੀਆਂ ਬਹੁਤ ਛੋਟੀਆਂ-ਛੋਟੀਆਂ ਦੁਕਾਨਾਂ ਸੀ। ਉਨ੍ਹਾਂ ਚੋਂ ਕਿਸੇ ਨੂੰ ਜੇ ਇਸ ਤਰ੍ਹਾਂ ਦੀ ਮੁਸ਼ਕਿਲ ਹੋਵੇ ਕਿ ਉਨ੍ਹਾਂ ਕੋਲ ਰਸਤ ਨਾ ਹੋਵੇ। ਰੋਜ਼ ਦਿਹਾੜੀ ਦਾ ਖ਼ਰਚ ਕਰਨ ਲਈ ਕੰਮ ਨਾ ਹੋਵੇ। ਜਿਹੜੇ ਵੀ ਜ਼ਿੰਮੇਵਾਰ ਬੰਦੇ ਹੋ, ਲੁਧਿਆਣੇ ਦੇ ਲੁਧਿਆਣੇ ਵਿੱਚ, ਜਲੰਧਰ ਵਾਲੇ ਜਲੰਧਰ ਵਿੱਚ, ਅੰਮ੍ਰਿਤਸਰ ਵਾਲੇ ਅੰਮ੍ਰਿਤਸਰ ਵਿੱਚ. ਦਿੱਲੀ ਵਾਲੇ ਦਿੱਲੀ ਵਿੱਚ ਉਨ੍ਹਾਂ ਦੀ ਮੱਦਦ ਕਰੋ। ਦਿੱਲੀ ਦੀ ਸੰਗਤ ਦਾ ਮੈਨੂੰ ਮੈਸੇਜ ਆਉਂਦਾ ਰਹਿੰਦਾ ਹੈ। ਜਿਨ੍ਹਾਂ ਨੂੰ ਲੋੜ ਹੁੰਦੀ ਹੈ, ਹਰ ਰੋਜ਼ ਚਾਲੀ ਪੰਜਾਹ ਸਿੰਘਾਂ ਨੂੰ ਘਰ ਵਿੱਚ ਰਸਤ ਦੇ ਕੇ ਆਉਂਦੇ ਨੇ। ਤੁਸੀਂ ਵੀ ਲੁਧਿਆਣੇ ਵਾਲੇ, ਜਲੰਧਰ ਵਾਲੇ, ਪੰਜਾਬ ਵਿੱਚ ਹੋਰ ਵੀ ਜਿੱਥੇ ਵੀ ਕਿਸੇ ਨੂੰ ਲੋੜ ਹੋਵੇ, ਇੱਕ ਸਿਸਟਮ ਬਣਾ ਲਓ। ਘੱਟ ਤੋਂ ਘੱਟ ਜਿਹੜੀਆਂ ਰੋਜ਼ ਦਿਹਾੜੀ ਦੀਆਂ ਚੀਜ਼ਾਂ ਨੇ, ਬੱਚਿਆਂ ਦੀ ਫੀਸ ਤੋਂ, ਕੋਈ ਰੋਟੀ ਪਾਣੀ ਤੋਂ, ਕਿਸੇ ਨੂੰ ਵੀ ਤੰਗੀ ਨਾ ਆਵੇ। ਇਸ ਸਤਿਗੁਰੂ ਸੱਚੇ ਪਾਤਸ਼ਾਹ ਦੇ ਘਰ ਵਿੱਚ ਕੋਈ ਘਾਟਾ ਨਹੀਂ, ਬਖਸ਼ਿਸ ਉਨ੍ਹਾਂ ਨੇ ਕਰਨੀ ਹੈ, ਤੇ ਜਿਹਨੂੰ ਲੋੜ ਹੋਵੇ, ਆਪਣੇ ਇਲਾਕੇ ਦੇ ਸੂਬੇ ਨੂੰ, ਪ੍ਰਧਾਨ ਨੂੰ, ਉਹ ਵੀ ਮੈਸੇਜ ਕਰ ਲਿਆ ਕਰਨ , ਸਭ ਮਿਲ ਕੇ ਹੱਲਾ ਮਾਰੀਏ, ਇਹ ਗੁਰੂ ਨਾਨਕ ਦੇਵ ਦਾ ਘਰ ਹੈ, ਇੱਥੇ ਕੋਈ ਭੁੱਖਾ ਨਾ ਹੋਵੇ, ਕੋਈ ਦੁੱਖੀਆ ਨਾ ਹੋਵੇ, ਆਪਣੇ ਤੇ ਨੇੜੇ-ਨੇੜੇ ਵੀ, ਕੋਈ ਦੁਖੀਆ ਨਾ ਰਵੇ। ਜਿੱਥੋਂ ਦੀ ਤੁਸੀਂ ਲੰਘੋ, ਜਿੱਥੇ ਸਿੱਖ ਰਹਿੰਦਾ ਹੋਵੇ, ਉੱਥੇ ਸਭ ਸੁਖੀ ਹੋ ਜਾਣ। ਇਸ ਤਰ੍ਹਾਂ ਦਾ ਆਪਣਾ ਮਾਹੌਲ ਬਣਾ ਕੇ ਚੱਲੀਏ ।

ਇਸ ਟਾਈਮ ਦਾ ਵੱਧ ਤੋਂ ਵੱਧ ਫਾਇਦਾ ਉਠਾ ਕੇ, ਨਾਮ ਸਿਮਰਨ ਤੇ ਗੁਰਬਾਣੀ ਨਾਲ ਜੁੜੋ। ਸੱਚੇ ਪਾਤਸ਼ਾਹ ਦੇ ਉਪਦੇਸ਼ ਵਿੱਚੋਂ ਇੱਕ ਹੋਰ ਗਲ ਮੈਂ ਯਾਦ ਕਰਦਾ ਸੀ, ਸੱਚੇ ਪਾਤਸ਼ਾਹ ਹੁਕਮ ਕੀਤਾ ਸੀ-

'ਐਸਾ ਜਗੁ ਦੇਖਿਆ ਜੁਆਰੀ॥<br>
ਸਭ ਸੁਖ ਮਾਗੈ ਨਾਮੁ ਬਿਸਾਰੀ॥'

-ਕਿ ਨਾਮ ਤੋਂ ਬਿਨਾਂ ਸੁਖ ਨਹੀਂ ਮਿਲਦਾ। ਸੁਖ ਸਾਰੇ ਆ ਜਾਂਦੇ ਨੇ, ਸੁਖ-ਦੁਖ ਵੀ ਤੁਹਾਡੇ ਮਨ ਦੀ ਅਵਸਥਾ ਹੀ ਹੁੰਦੀ ਹੈ।ਐਸੇ ਬੜੇ ਉਦਾਹਰਨ ਨੇ, ਕਈ ਸਾਰਾ ਕੁਝ ਹੁੰਦਿਆਂ ਹੋਇਆਂ ਵੀ ਸਾਰੀ ਦੁਨੀਆਂ ਦਾ ਦੁੱਖ ਲਈ ਬੈਠੇ ਹੁੰਦੇ ਨੇ। ਸੱਚੇ ਪਾਤਸ਼ਾਹ ਨੇ ਸਾਨੂੰ ਰਸਤਾ ਦੱਸਿਆ ਹੈ, ਨਾਮ ਤੋਂ ਬਿਨਾਂ ਸੁਖ ਨਹੀਂ ਹੋਣਾ। ਸਤਿਗੁਰੂ ਸੱਚੇ ਪਾਤਸ਼ਾਹ ਦਾ ਹੁਕਮ ਹੈ, ਮੇਰੀ ਨੌਕਰੀ ਹੈ, ਹੱਥ ਜੋੜ ਕੇ ਅਰਜ਼ ਬੇਨਤੀ ਹੈ: ਸਵੇਰੇ ਅੰਮ੍ਰਿਤ ਵੇਲੇ ਜ਼ਰੂਰ ਉੱਠਿਆ ਕਰੋ, ਉੱਠ ਕੇ ਨਾਮ ਸਿਮਰਨ ਕਰਿਆ ਕਰੋ। ਇਹ ਵੀ ਲਿਖ ਲਿਆ ਕਰੋ ਕਿ ਅੱਜ ਇੰਨੇ ਮਿੰਟ ਮੇਰਾ ਮਨ ਨਾਮ ਸਿਮਰਨ ਵਿੱਚ ਜੁੜਿਆ ਹੈ, ਸੱਚੇ ਪਾਤਸ਼ਾਹ ਦੇ ਚਰਨਾਂ ਵਿੱਚ ਲੱਗਿਆ ਹੈ। ਅੱਜ ਏਨਾ ਚਿਰ ਸੀ ਕਿ ਜਦੋਂ ਮੈਨੂੰ ਆਪਾ ਭੁੱਲ ਗਿਆ। ਜਦੋਂ ਮੈਨੂੰ ਲੱਗਾ ਕਿ ਮੈਂ ਹੈ ਹੀ ਨਹੀਂ ਉੱਥੇ। ਮੇਰੀ ਹੋਂਦ ਹੀ ਖ਼ਤਮ ਹੋ ਗਈ। ਆਪਣਾ ਮਨ ਲੱਗੇ ਸੱਚੇ ਪਾਤਸ਼ਾਹ ਦੇ ਚਰਨਾਂ ਵਿੱਚ, ਉਹ ਕਿਰਪਾ ਕਰਨ, ਉਨ੍ਹਾਂ ਦਾ ਹੁਕਮ ਮੰਨ ਸੱਕੀਏ, ਉਨ੍ਹਾਂ ਦੇ ਨਾਮ ਦੇ ਨਾਲ ਜੁੜ ਸੱਕੀਏ। ਸੁਖ ਕੋਈ ਦੂਰ ਦੀ ਗੱਲ ਨਹੀਂ। ਏਨੀ ਅਰਜ਼ ਕਰਦਾ ਹੋਇਆ ਤੁਹਾਡੇ ਤੋਂ ਆਗਿਆ ਲੈਂਦਾ ਹਾਂ। ਸੰਗਤ ਆਈ ਹੈ, ਆਉਂਦਿਆਂ ਨੂੰ ਕਿਸੇ ਤਰ੍ਹਾਂ ਦੀ ਤਕਲੀਫ਼ ਹੋਈ ਹੋਵੇ, ਉਸ ਚੀਜ਼ ਦੀ ਮੁਆਫੀ ਮੰਗਦਾ ਹਾਂ।

ਸਤਿ ਸ੍ਰੀ ਅਕਾਲ

# ਬੀਤੇ ਦੀਆਂ ਪੈੜਾਂ- ਕਵੀ ਪ੍ਰੀਤਮ ਸਿੰਘ
## (ਅਣਛਪਿਆ-ਭਾਗ)

### 21 ਅਗਸਤ 1986, ਵੀਰਵਾਰ
### ਸੰਤ ਨਗਰ (ਸਰਸਾ)

ਗੱਲਾਂ ਲੱਖਾਂ ਦੀਆਂ - ਸੁਖਦੇਵ ਸਿੰਘ (ਸੰਤ ਨਗਰ) ਤੋਂ ਕੁਛ ਜਾਣਕਾਰੀ ਮੈਨੂੰ ਸਹਿਜ ਭਾ ਮਿਲ ਗਈ। ਉਸ ਅਨੁਸਾਰ ਠਾਕੁਰ ਦਲੀਪ ਸਿੰਘ ਨੇ ਇਸ ਸਾਲ ਮਸਤਾਨਗੜ੍ਹ ਦੇ ਸਫੈਦਿਆਂ ਤੋਂ 50,000/- ਵੱਟਿਆ ਹੈ ਅਤੇ ਇਸ ਵੇਲੇ ਤੱਕ ਇਸ ਸਾਲ ਦੀ ਜਿਣਸ ਦੇ ਵੀ 5-6 ਲੱਖ ਰੁਪੈ ਵੱਟੇ ਹਨ। ਇਸ ਤੋਂ ਠਾਕਰ ਜੀ ਦੀ ਆਰਥਕ ਸਥਿਤੀ ਤਾਂ ਕਾਫ਼ੀ ਮਜ਼ਬੂਤ ਲੱਗੀ।


ਪਰ ਸੁਖਦੇਵ ਸਿੰਘ ਕਹਿਣ ਲੱਗਾ : ਮੈਨੂੰ ਇਹ ਨਹੀਂ ਸਮਝ ਆਉਂਦੀ ਕਿ ਏਨੀ ਆਮਦਨ ਦੇ ਬਾਵਜੂਦ ਆਪਣੀ ਗੱਡੀ ਦੇ ਟਾਇਰ ਟਿਊਬਾਂ ਲਈ ਸਤਿਗੁਰੂ ਜੀ ਨੂੰ ਖੇਚਲ ਕਿਉਂ ਦਿੱਤੀ ਜਾਂਦੀ ਹੈ।

ਸੁਖਦੇਵ ਸਿੰਘ ਤੋਂ ਮਹਾਰਾਜ ਜੀ ਦੀ ਆਰਥਿਕਤਾ ਦਾ ਗਿਆਨ ਵੀ ਮਿਲਿਆ। ਉਸਨੇ ਦੱਸਿਆ ਕਿ ਮਹਾਰਾਜ ਜੀ ਨੇ ਸ੍ਰੀ ਸਤਿਗੁਰੂ ਜੀ ਦੇ ਲਗਾਏ ਜੀਵਨ ਨਗਰ ਵਿੱਚ ਸਫੈਦੇ ਵੇਚ ਕੇ 1,50,000/- ਵੱਟਿਆ ਹੈ। ਜੀਵਨ ਨਗਰ ਨਾਲ ਸੰਬੰਧਤ ਪਿੰਡਾਂ ਵਿੱਚੋਂ ਜ਼ਮੀਨੀ ਬੱਚਤਾਂ ਵੇਚ ਕੇ 15-16 ਲੱਖ ਹਾਸਲ ਕਰ ਲਿਆ ਹੈ। ਜੀਵਨ ਨਗਰ ਇਲਾਕੇ ਵਿੱਚੋਂ ਸਲਾਨਾ ਉਗਰਾਹੀ 1,50,000 ਹੋ ਜਾਂਦੀ ਹੈ। ਹੁਣ ਮਹਾਰਾਜ ਜੀ ਨੂੰ ਪਦਾਰਥ ਵਲੋਂ ਤਾਂ ਕੋਈ ਕਮੀਂ ਨਹੀਂ।

ਇੱਕ ਪਾਸੇ ਇਹ ਗੱਲ ਹੈ, ਦੂਜੇ ਪਾਸੇ ਸਤਿਗੁਰੂ ਜੀ ਤੰਗ ਦਸਤੀ ਨਾਲ ਦੋ ਚਾਰ ਹੋ ਰਹੇ ਹਨ। ਪੈਟਰੋਲ ਬਾਰੇ ਸਤਿਗੁਰੂ ਜੀ ਹੁਕਮ ਕਰਦੇ ਹਨ, ਕਰਾਇਆਂ ਬਾਰੇ ਵੀ ਆਪ ਹੀ ਇਰਸ਼ਾਦ ਫੁਰਮਾਂਦੇ ਹਨ। ਪਰ ਜਿਵੇਂ ਕਿਵੇਂ ਇਹ ਸਾਲ ਭੈਣੀ ਸਾਹਿਬ ਬੈਠ ਕੇ ਹੀ ਪੂਰਾ ਕੀਤਾ ਗਿਆ ਹੈ।

### 23 ਅਗਸਤ 1986, ਸ਼ਨੀਵਾਰ
### ਨਵੀਂ ਦਿੱਲੀ

ਸ. ਸੋਭਾ ਸਿੰਘ ਸੁਰਗਵਾਸ - ਮੈਂ ਅੱਜ 5 ਵਜੇ ਸ਼ਾਮ ਤੱਕ ਦਿੱਲੀ ਪਹੁੰਚ ਗਿਆ। ਅਖਬਾਰਾਂ ਦੀ ਅੱਜ ਦੀ ਜ਼ਰੂਰੀ ਖ਼ਬਰ ਸੀ ਕਿ ਪੰਜਾਬ ਦਾ ਪ੍ਰਸਿੱਧ ਚਿੱਤਰਕਾਰ, ਸ੍ਰ. ਸੋਭਾ ਸਿੰਘ 85 ਸਾਲ ਦੀ ਆਯੂ ਵਿੱਚ ਕੱਲ ਪੀ.ਜੀ.ਆਈ, ਚੰਡੀਗੜ੍ਹ ਵਿੱਚ ਪੂਰਾ ਹੋ ਗਿਆ।



ਸ੍ਰ. ਸੋਭਾ ਸਿੰਘ

ਉਸਨੂੰ ਹਾਰਟ ਦੀ ਤਕਲੀਫ ਸੀ। 30 ਸਾਲ ਹਿਮਾਚਲ ਪ੍ਰਦੇਸ ਦੇ ਅੰਦਰੇਟੇ ਪਿੰਡ ਵਿੱਚ ਕੁਦਰਤ ਦੀ ਗੋਦ ਦਾ ਨਜ਼ਾਰਾ ਮਾਣਦਾ ਰਿਹਾ। ਸ. ਸੋਭਾ ਸਿੰਘ ਇੱਕ ਚਿੰਤਕ ਵੀ ਸੀ।

ਸ. ਸੋਭਾ ਸਿੰਘ ਦੇ ਬੁਰਸ਼ ਨੇ ਗੁਰੂ ਨਾਨਕ ਦੇਵ, ਗੁਰੂ ਗੋਬਿੰਦ ਸਿੰਘ ਦੇ ਬੜੇ ਖ਼ੂਬਸੂਰਤ ਚਿੱਤਰ ਬਣਾਏ। ਸੋਹਣੀ ਮਹੀਂਵਾਲ ਅਤੇ ਕੁਛ ਹੋਰ ਚਿੱਤਰ ਉਸ ਦੀ ਕਲਾ ਦੀ ਗਹਿਰਾਈ ਤੱਕ ਲਜਾਂਦੇ ਹਨ।

ਇੱਕ ਤਸਵੀਰ ਸ. ਸੋਭਾ ਸਿੰਘ ਤੋਂ ਸਤਿਗੁਰੂ ਰਾਮ ਸਿੰਘ ਜੀ ਦੀ ਬਣਵਾਈ ਗਈ, ਪਰ ਉਹ



ਜ਼ਿਆਦਾਤਰ ਗੁਰੂ ਨਾਨਕ ਦੇ ਨੇੜੇ ਦੀ ਸੀ। ਗੁਰੂ ਰਾਮ ਸਿੰਘ ਜੀ ਦਾ ਪਤਲਾ ਲੰਮਾ ਤੇ ਉੱਚੀ ਗਰਦਨ ਵਾਲਾ ਆਕਾਰ ਉਸਦੇ ਜਚਾਅ ਜਾਂ ਸਮਝ ਦਾ ਭਾਗ ਨਹੀਂ ਸੀ। ਉਹ ਮੋਟੀ ਧੌਣ ਤੇ ਚੌੜੇ ਚਿਹਰੇ ਦੇ ਗੁਰੂ ਰਾਮ ਸਿੰਘ ਜੀ ਬਣਾ ਸੱਕਿਆ। ਭਾਵੇਂ ਉਹ ਚਿੱਤਰ ਸਿੱਖ ਅਜਾਇਬ ਘਰ ਅੰਮ੍ਰਿਤਸਰ ਦੀ ਸੋਭਾ ਤਾਂ ਬਣਿਆ ਰਿਹਾ ਪਰ ਨਾਮਧਾਰੀ ਜਗਤ ਵਿੱਚ ਮਕਬੂਲ ਨਹੀਂ ਹੋਇਆ। ਇਕ ਵਾਰ ਸ. ਸੋਭਾ ਸਿੰਘ ਨੂੰ ਮੈਂ ਸ੍ਰੀ ਭੈਣੀ ਸਾਹਿਬ ਵਿਖੇ ਆਇਆ ਵੀ ਵੇਖਿਆ। ਉਹ ਸਤਿਗੁਰੂ ਜਗਜੀਤ ਸਿੰਘ ਜੀ ਦੇ ਦੀਦਾਰਿਆਂ ਨੂੰ ਪਹੁੰਚਿਆ ਸੀ। ਹਸਮੁਖ ਉਦਾਰ ਤੇ ਵਿਨੋਦੀ ਸੁਭਾਅ ਵਾਲਾ।



ਸ. ਕਪੂਰ ਸਿੰਘ (ਆਈ.ਸੀ.ਐਸ.)- ਏਸੇ ਮਹੀਨੇ ਪਿਛਲੇ ਦਿਨੀਂ ਸਿੱਖ ਜਗਤ ਦੀ ਮੰਨੀ ਪਰਮੰਨੀ ਹਸਤੀ ਸ. ਕਪੂਰ ਸਿੰਘ ਆਈ. ਸੀ. ਐਸ. ਵੀ 80 ਤੋਂ ਵੱਧ ਦੀ ਉਮਰ ਦਾ ਹੋ ਕੇ ਸਵਾਸ ਪੂਰੇ ਕਰ ਗਿਆ। ਅਨੰਦਪੁਰ ਦਾ ਮਤਾ ਓਸੇ ਦੀ ਕਲਮ ਦਾ ਕ੍ਰਿਸ਼ਮਾ ਸੀ।

ਏਸ ਸਿੱਖ ਵਿਚਾਰਵਾਨ ਦੀ ਪੁਸਤਕ 'ਸਪਤ ਸ੍ਰਿੰਗ' ਵਿੱਚ ਗੁਰੂ ਰਾਮ ਸਿੰਘ ਜੀ ਨੂੰ ਅਕੀਦਤ ਪੇਸ਼ ਕਰਦਿਆਂ ਉਸ ਕਿਹਾ ਸੀ ਕਿ ਜੇ ਬਾਬਾ ਰਾਮ ਸਿੰਘ ਜੀ ਦੀਆਂ ਹੋਰ ਪ੍ਰਾਪਤੀਆਂ ਨੂੰ ਛੱਡ ਵੀ ਦੇਈਏ ਤਾਂ ਕੇਵਲ ਇਸਤਰੀ ਸੁਧਾਰ ਬਾਰੇ ਉਹਨਾਂ ਦੇ ਵਿਚਾਰ ਤੇ ਜਤਨ ਉਨ੍ਹਾਂ ਨੂੰ ਵਿਸ਼ਵ ਦੇ ਮੁਹਰਲੀ ਪਾਲ ਦੇ ਆਗੂ ਸਥਾਪਤ ਕਰਨ ਲਈ ਕਾਫ਼ੀ ਹੈ।



ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ
ਸੇਠ ਤਰਲੋਕ ਸਿੰਘ ਅਤੇ ਬੀਬੀ ਮਹਿੰਦਰ ਕੌਰ

## 24 ਅਗਸਤ 1986, ਐਤਵਾਰ
## ਨਵੀਂ ਦਿੱਲੀ

**ਬੀਬੀ ਮਹਿੰਦਰ ਕੌਰ ਚਾਵਲਾ ਦੇ ਪਹਿਲੇ ਵਰ੍ਹੀਣੇ ਬਾਰੇ** – ਮੈਨੂੰ ਸ. ਸ਼ੇਰ ਸਿੰਘ ਚਾਵਲਾ 'ਕੁਇੱਕ ਟ੍ਰੈਵਲਜ਼' ਵਾਲਿਆਂ ਤੋਂ ਮਾਲੂਮ ਹੋਇਆ ਕਿ ਉਨ੍ਹਾਂ ਦੀ ਮਾਤਾ ਨਮਿਤ ਥਾਈਲੈਂਡ ਵਿੱਚ ਪਹਿਲਾ ਵਰ੍ਹੀਣਾ ਮਨਾਇਆ ਜਾ ਰਿਹਾ ਹੈ। ਇਸ ਸੰਬੰਧ ਵਿੱਚ ਸ੍ਰੀ ਸਤਿਗੁਰੂ ਜੀ ਵੀ ਬੈਂਕੌਕ ਵਿਖੇ ਦਰਸ਼ਨ ਦੇਣਗੇ। ਜਥਾ 10-9-86 ਨੂੰ ਬੰਬਈ, ਓਥੋਂ 11 ਨੂੰ ਸਵੇਰੇ ਬੈਂਕੋਕ ਲਈ ਉੱਡੇਗਾ, ਵਾਪਸੀ 18-9-86 ਨੂੰ ਸਵੇਰੇ ਦਿੱਲੀ ਵਾਸਤੇ ਹੋਵੇਗੀ।

ਸ. ਸ਼ੇਰ ਸਿੰਘ ਚਾਵਲਾ ਅਨੁਸਾਰ ਹੇਠ ਲਿਖੇ ਵਿਅਕਤੀ ਬੈਂਕੋਕ ਜਾਣਗੇ:

1. ਸ੍ਰੀ ਸਤਿਗੁਰੂ ਜੀ, 2. ਸ੍ਰੀ ਮਾਤਾ ਚੰਦ ਕੌਰ ਜੀ, 3. ਮਹਾਰਾਜ ਬੀਰ ਸਿੰਘ ਜੀ, 4. ਬੇਬੇ ਦਲੀਪ ਕੌਰ, 5. ਬਲਦੇਵ ਸਿੰਘ ਨਿਜੀ ਸੇਵਕ, 6. ਮਹਿੰਦਰ ਸਿੰਘ ਪੂਰਬਾ ਗੁਰੂ ਕਾ ਖਜ਼ਾਨਚੀ, 7. ਸੰਤ ਤਰਸੇਮ ਸਿੰਘ ਨਿਜੀ ਸਕੱਤਰ, 8. ਪੰਡਿਤ ਗੋਪਾਲ ਸਿੰਘ, 9. ਸੰਤ ਹਰਬੰਸ ਸਿੰਘ ਘੁੱਲਾ ਰਾਗੀ, 10. ਸੰਤ ਖਜ਼ਾਨ ਸਿੰਘ ਰਾਗੀ, 11. ਸੰਤ ਗੁਲਜ਼ਾਰ ਸਿੰਘ ਦਮਦਮਾ, 12. ਪ੍ਰੀਤਮ ਸਿੰਘ ਕਵੀ

**ਉੱਚੇ ਕਲਾਕਾਰਾਂ ਦੀਆਂ ਗੱਲਾਂ** – ਹਰਭਜਨ ਸਿੰਘ ਨੇ ਮੈਨੂੰ ਦੱਸਿਆ ਕਿ ਪਿਛਲੇ ਦਿਨੀਂ ਪੰ. ਰਵੀ ਸ਼ੰਕਰ ਜੀ ਦੇ ਦਿੱਲੀ ਵਾਲੇ ਘਰ ਕਿਸੇ ਕਾਰਨ ਵਸ, ਮਿਸ਼ਰਾ ਬੰਧੂਆਂ ਦੇ ਸ਼ਾਗਿਰਦ ਮੋਹਨ ਸਿੰਘ-ਸੁਖਦੇਵ ਸਿੰਘ ਗਏ ਤਾਂ ਰਵੀ ਸ਼ੰਕਰ ਜੀ ਨੇ ਇਹਨਾਂ ਬੱਚਿਆਂ ਨੂੰ ਪੁੱਛਿਆ : "ਸ੍ਰੀ ਗੁਰੂ ਮਹਾਰਾਜ ਮੇਰੇ ਨਾਲ ਨਾਰਾਜ਼ ਹਨ ਜੁ ਮੈਨੂੰ ਕੋਈ ਵੀ ਸ਼ਾਗਿਰਦ ਨਹੀਂ ਦਿੱਤਾ?" ਬੱਚੇ ਕੀ ਜਵਾਬ ਦਿੰਦੇ! ਪਰ ਇੱਕ ਗੱਲ ਦਾ ਜਵਾਬ ਸਾਨੂੰ ਮਿਲ ਗਿਆ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੀ ਕਾਬਲੀਅਤ, ਉਦਾਰਤਾ ਅਤੇ ਦਰੁਸਤ ਪਹੁੰਚ ਨਾਲ ਸੰਗੀਤ ਜਗਤ ਦੇ ਮਹਾਨ ਸਿਤਾਰਿਆਂ ਨੂੰ ਮਜਬੂਰ ਕਰ ਦਿੱਤਾ ਹੈ ਕਿ ਉਹ ਸਤਿਗੁਰੂ ਜੀ ਦੀ ਕਾਰ ਕਰਦਗੀ ਤੇ ਨੋਟਿਸ ਲੈਣ।

ਸਤਿਗੁਰੂ ਜੀ ਹਿੰਦੂ ਮੁਸਲਿਮ ਦੇ ਚੱਕਰ ਵਿੱਚ ਨਹੀਂ ਪਏ ਅਤੇ ਹਰਿ ਜੀ ਨੂੰ ਹੰਕਾਰ ਵੀ ਭਾਉਂਦਾ ਨਹੀਂ। ਇਸ ਲਈ ਹਲੀਮ ਉਸਤਾਦ ਸਤਿਗੁਰੂ ਜੀ ਦੇ ਵਧੇਰੇ ਧਿਆਨ ਪਾਤਰ ਰਹੇ।

### 24 ਅਗਸਤ 1984, ਸੋਮਵਾਰ
### ਨਵੀਂ ਦਿੱਲੀ

**ਹਰਿ ਪ੍ਰੀਤਮ ਦਾ ਸੁਨੇਹਾ** – ਹਰਭਜਨ ਸਿੰਘ ਨੇ ਦੱਸਿਆ ਕਿ ਸੱਚੇ ਪਾਤਸ਼ਾਹ ਜੀ ਵਲੋਂ ਮੇਰੇ ਨਾਂ ਤੇ ਇੱਕ ਹੋਰ ਵੀ ਪੱਕੀ ਸੀ ਕਿ ਮੈਂ ਕੋਈ ਤਬਲਾ ਸਿੱਖਣ ਦਾ ਮੁਸ਼ਤਾਕ ਤਲਾਸ਼ ਕਰਾਂ, ਉਸਤਾਦ ਅੱਲਾ ਰੱਖਾ ਸਾਹਿਬ ਪਾਸ ਪੰਜਾਬੀ ਅੰਗ ਦਾ ਤਬਲਾ ਸਿਖਾਣ ਲਈ ਭੇਜਣਾ ਹੈ। ਅੱਲਾ ਰੱਖਾ ਜੀ ਨੇ ਵੀ ਮੰਗ ਕੀਤੀ ਹੈ। ਸਤਿਗੁਰਾਂ ਨੇ ਹਰਭਜਨ ਨੂੰ ਪੁੱਛਿਆ ਸੀ ਕਿ ਸ਼ਾਗਿਰਦ ਬੈਠਾਣਾ ਬੰਬਈ ਵਿੱਚ ਠੀਕ ਰਹੇਗਾ ਜਾਂ ਹੋਰ ਕਿਤੇ ?

### 26 ਅਗਸਤਰ 1986, ਮੰਗਲਵਾਰ
### ਨਵੀਂ ਦਿੱਲੀ

**ਸ਼ਹੀਦ ਬਿਸ਼ਨ ਸਿੰਘ ਸਕੂਲ ਵਿੱਚ** – ਸਕੂਲ ਪ੍ਰਿੰਸੀਪਲ ਦਾ ਸੁਨੇਹਾ ਸੀ ਕਿ ਮੈਂ ਸਕੂਲ ਆ ਕੇ ਮਿਲਾਂ ਅਤੇ ਜਦ ਤੱਕ ਮੈਂ ਦਿਨੇਂ 10 ਵਜੇ ਸਕੂਲ ਵਿੱਚ ਗਿਆ ਤਾਂ ਪ੍ਰਿੰਸੀਪਲ ਬੇਅੰਤ ਕੌਰ ਬਹੁਤ ਖੁਸ਼ ਸੀ। ਇੱਕ ਤਾਂ ਅੱਜ ਕੱਲ ਉਸ ਸਕੂਲ ਦੇ ਬੱਚਿਆਂ ਦੀ ਗਿਣਤੀ 400 ਹੋ ਗਈ ਹੈ ਜਿਸਦਾ ਆਰੰਭ 14 ਬੱਚਿਆਂ ਨਾਲ ਹੋਇਆ ਸੀ। ਦੂਜੇ ਇਸ ਸਕੂਲ ਦੀ ਥਾਂ ਥੋੜ੍ਹੀ ਹੋਣ ਕਰਕੇ ਹੁਣ 4 ਏਕੜ ਦੇ ਪਲਾਟ ਦੀ ਸਰਕਾਰ ਨਾਲ ਲਿਖਾ ਪੜ੍ਹੀ ਕੀਤੀ ਜਾ ਰਹੀ ਹੈ। ਆਸ ਹੈ ਕਿ ਨੇੜੇ ਹੀ ਕਿਤੇ ਪਲਾਟ ਮਿਲ ਜਾਵੇਗਾ। ਤੀਜੀ ਖੁਸ਼ੀ ਉਸਨੂੰ ਇਸ ਸਕੂਲ-ਪਲਾਟ ਵਿੱਚ ਆਪਣੀ ਕੋਠੀ ਦੀ ਪੂਰਣਤਾ ਦੀ ਸੀ, ਜਿੱਥੇ ਵਸੇਬਾ ਕਰਨ ਵਾਸਤੇ 30 ਅਗਸਤ ਨੂੰ ਵਰਨੀ ਕਰਵਾਈ ਜਾਣੀ ਸੀ, ਜਿਸ ਵਿੱਚ ਸ਼ਾਮਲ ਹੋਣ ਦੀ ਮੈਨੂੰ ਵੀ ਦਾਅਵਤ ਮਿਲੀ।

**ਅਕਸ ਵਿੱਚ ਹੰਸਪਾਲ ਜੀ** – ਬੀਬੀ ਪ੍ਰਿੰਸੀਪਲ ਨੇ ਮੈਨੂੰ ਵਿਦਾ ਹੋਣ ਲੱਗਿਆਂ ਇੱਕ ਪਰਚਾ 'ਅਕਸ' ਰਿਸਾਲੇ (ਅਗਸਤ ਅੰਕ) ਦਾ ਦਿੱਤਾ, ਇਸਦੇ 23, 24, 25 ਤੇ 26 ਸਫੇ ਤੇ ਸ. ਹਰਵਿੰਦਰ ਸਿੰਘ ਹੰਸਪਾਲ ਜੀ ਦਾ 'ਅਕਸ' ਵਲੋਂ ਲਿਆ ਗਿਆ ਸਾਖਿਆਤਕਾਰ ਸੀ। ਜਟਿਲ ਸਵਾਲਾਂ ਦੇ ਸਪਸ਼ਟ ਅਤੇ ਮੁਨਾਸਿਬ ਉੱਤਰ ਸਨ।

ਏਥੇ ਸ੍ਰੀ ਹੰਸਪਾਲ ਜੀ ਨਾਲ ਫੇਰ ਮੁਲਾਕਾਤ ਹੋਈ ਅਤੇ ਉਨ੍ਹਾਂ ਮੈਨੂੰ ਸਕੂਲ ਦੇ ਨਾਲ ਪੱਛਮੀਂ ਪਾਸੇ ਦੇ ਇੱਕ ਇਹਾਤੇ ਵੱਲ ਝਾਤੀ ਪੁਆਈ, ਉਹਨਾਂ ਦੇ ਜਤਨਾਂ ਨਾਲ ਇਹ ਜਗਹ ਸਰਕਾਰ ਵਲੋਂ ਸਕੂਲ ਨੂੰ ਮਿਲਣ ਵਾਲੀ ਹੈ। ਸਰਕਾਰ ਇਹਾਤਾ ਵਲ ਕੇ ਦੇਵੇਗੀ। ਜਗਹ 2000 ਗਜ਼ ਤੱਕ ਹੈ। ਕਮੇਟੀ ਮੈਂਬਰ ਸਾਰੇ ਹੀ ਖੁਸ਼ੀ ਤੇ ਤਸੱਲੀ ਵਿੱਚ ਸਨ।

**ਭੈਣੀ ਸਾਹਿਬ ਵਿਖੇ** – ਉਸਤਾਦ ਹਰਭਜਨ ਸਿੰਘ ਨੇ ਦੱਸਿਆ ਕਿ ਇਹ ਸ੍ਰੀ ਸਤਿਗੁਰੂ ਜੀ ਦਾ ਜਾਦੂ ਹੈ ਕਿ ਉਸਤਾਦ ਵਲਾਇਤ ਖਾਂ ਵਰਗਾ ਬੇਨਿਆਜ਼ ਵਿਅਕਤੀ 20 ਤਾਰੀਖ ਤੋਂ ਬੱਚਿਆਂ ਨੂੰ ਭੈਣੀ ਸਾਹਿਬ ਵਿਖੇ ਸੰਗੀਤ ਸਿਖਿਆ ਦੇ ਰਿਹਾ ਹੈ ਬਲਜੀਤ, ਮੋਹਨ, ਸੁਖਦੇਵ ਆਦਿ ਨੂੰ ਪਾਤਸ਼ਾਹ ਵੀ ਬੈਠਦੇ ਹਨ। ਖਾਂ ਸਾਹਿਬ ਰੀਝ ਨਾਲ ਰੀਤਾਂ ਸਿਖਾਂਦੇ ਤੇ ਨਾਲ ਨਾਲ ਸਿਤਾਰ ਵੀ ਵਜਾਂਦੇ ਹਨ। ਉਹ ਆਦਰ ਸਤਿਕਾਰ ਵੀ ਦਿਲੋਂ ਕਰਦੇ ਅਤੇ ਨਮਸਕਾਰ ਕਰਨ ਤੱਕ ਜਾਂਦੇ ਹਨ।

ਹਰਭਜਨ ਸਿੰਘ ਨੇ ਦੱਸਿਆ ਇਸ ਸਾਲ ਵਿਦਿਅਕ ਸੰਮੇਲਨ ਸਮੇਂ ਜਿਸਨੇ ਤਬਲਾ ਵਾਦਨ ਵਿੱਚ ਨੰਬਰ ਇੱਕ ਪ੍ਰਾਪਤ ਕੀਤਾ ਸੀ, ਉਸ ਨੌਜੁਆਨ ਨੇ ਸਤਿਗੁਰੂ ਜੀ ਦੀ ਸੇਵਾ ਵਿੱਚ ਬੇਨਤੀ ਕੀਤੀ ਹੈ ਕਿ ਉਸ ਨੂੰ ਉਸਤਾਦ ਅੱਲਾ ਰੱਖਾ ਦੀ ਸ਼ਾਗਿਰਦੀ ਲਈ ਪੇਸ਼ ਕੀਤਾ ਜਾਵੇ। ਉਹ ਨਾਮਧਾਰੀ ਸਿੰਘ ਸਜ ਜਾਵੇਗਾ। ਇਹ ਬੱਚਾ ਜਲੰਧਰ ਤੋਂ ਹੈ। ਇਸ ਦਾ ਸੰਗੀਤ ਪ੍ਰੇਮ ਵੇਖ ਇਸਨੂੰ

ਮੁਕਾਬਲੇ ਵਿੱਚ ਲੈ ਲਿਆ ਗਿਆ ਸੀ। ਇਹ ਬੱਚਾ ਰਾਮਗੜ੍ਹੀਆ ਘਰਾਣੇ ਦਾ ਹੈ।

ਇਸ ਵਾਰ 2 ਅਗਸਤ ਵਾਲੇ ਦਿਨ ਇੱਕ ਰਾਮਦਾਸੀਆ ਗ਼ੈਰ ਨਾਮਧਾਰੀ ਲੜਕੇ ਨੇ ਸਤਿਗੁਰੂ ਜੀ ਦੀ ਸੇਵਾ ਵਿੱਚ ਸਾਰੰਗੀ ਵਾਦਨ ਵੀ ਕੀਤਾ ਹੈ। ਉਹਦੀ ਪੇਸ਼ਕਾਰੀ ਤੇ ਸੰਗੀਤ ਸਮਝ ਵਧੀਆ ਹੈ। ਹਰਭਜਨ ਸਿੰਘ ਦੀ ਰਾਇ ਵਿੱਚ ਸੁਰਜੀਤ ਸਿੰਘ ਦਿੱਲੀ ਵਾਲੇ ਤੋਂ ਵੀ ਉਹ ਯੋਗ ਅਤੇ ਸੁਰੀਲਾ ਹੈ।



ਸ੍ਰੀ ਸਤਿਗੁਰੂ ਜੀ ਨੇ ਵਲਾਇਤ ਖਾਂ ਸਾਹਿਬ ਦਾ ਓਦੋਂ ਵੀ ਦਿਲ ਜਿੱਤ ਲਿਆ ਤੇ ਮਾਣ ਵਧਾ ਦਿੱਤਾ, ਜਦੋਂ ਮੋਹਨ ਸਿੰਘ ਵਲੋਂ ਕੀਤਾ ਗਿਆ ਸਮੁੱਚੀ ਸੰਗਤ ਲਈ ਬੂੰਦੀ ਦਾ ਲੰਗਰ ਖਾਂ ਸਾਹਿਬ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਐਲਾਨ ਦਿੱਤਾ। ਸ੍ਰੀ ਸਤਿਗੁਰੂ ਜੀ ਦੀ ਅਪਰੋਚ ਹੀ ਤਾਂ ਵੱਡੇ ਵੱਡੇ ਦਿਗੰਬਰਾਂ ਨੂੰ ਚਰਨੀਂ ਲਾ ਲੈਂਦੀ ਹੈ। ਅੱਜ ਦਾ ਲੰਗਰ ਸਾਰੀ ਸੰਗਤ ਦਾ ਲੰਗਰ ਸੰਤ ਪੂਰਨ ਸਿੰਘ ਜੀ ਮੋਰੋਂ ਤੇ ਆਪ ਦੇ ਸਪੁੱਤਰ ਸੰਗੀਤਕਾਰ ਮੋਹਨ ਸਿੰਘ ਭੈਣੀ ਸਾਹਿਬ ਵੱਲੋਂ ਸੀ।

### 2 ਸਤੰਬਰ 1986,
### ਐਤਵਾਰ
### ਨਵੀਂ ਦਿੱਲੀ

ਸਬੱਬ ਨਾਲ ਅੱਜ ਫਿਰ ਸੇਠ ਤਰਲੋਕ ਸਿੰਘ ਨਾਲ ਮੁਲਾਕਾਤ ਹੋ ਗਈ। ਉਹਨਾਂ ਬੀਬੀ ਮਹਿੰਦਰ ਕੌਰ ਸੇਠਣੀ ਬਾਰੇ ਆਪਣੀ ਭਾਵਨਾ ਦੱਸੀ ਅਤੇ ਉਹਦੀ ਇਹਨਾਂ ਬਾਰੇ ਭਗਤੀ ਤੇ ਰੌਸ਼ਨੀ ਪਾਈ। ਸੇਠ ਜੀ ਨੇ ਕਿਹਾ: ਇਹ ਸਤਿਗੁਰੂ ਜੀ ਨੇ ਅਪਾਰ ਕਿਰਪਾ ਕੀਤੀ ਹੈ ਕਿ ਆਪਣੀ ਸੇਵਕਾ ਮਹਿੰਦਰ ਕੌਰ ਦੀ ਪਹਿਲੀ ਸਾਲ ਗਿਰਹ ਦੇ ਅਵਸਰ ਤੇ ਬੈਂਕੋਕ ਦਰਸ਼ਨ ਦੇਣ ਦੀ ਆਗਿਆ ਕੀਤੀ ਹੈ। ਆਪਜੀ ਭੈਣੀ ਸਾਹਿਬ ਦਾ ਸਥਿਰ ਨਿਵਾਸ ਛੱਡ ਕੇ ਮਹਿੰਦਰ ਕੌਰ ਦੇ ਭੋਗ ਸਮੇਂ ਬੈਂਕੋਕ ਪਧਾਰਨਾ ਆਪ ਜੀ ਦਾ ਵਿਛੜੀ ਆਤਮਾ ਪ੍ਰਤੀ ਸਨੇਹ ਦਾ ਸੂਚਕ ਹੈ। ਉਸਨੂੰ ਮਾਣ ਦੇਣ ਵਾਲੀ ਗੱਲ ਹੈ।

ਸੇਠ ਜੀ ਨੇ ਕਿਹਾ : ਮੈਂ ਸੇਠਣੀ ਜੀ ਬਾਰੇ ਤੁਹਾਡੇ ਦੁਆਰਾ ਸੰਪਾਦਤ ਪੁਸਤਕ ਛਪਵਾ ਕੇ ਉਨ੍ਹਾਂ ਦੇ ਸਨੇਹ ਤੇ ਸਤਿਕਾਰ ਤੋਂ ਫਾਰਗ ਨਹੀਂ ਹੋ ਸਕਦਾ, ਮੈਂ ਦੇਣਦਾਰ ਹੀ ਰਹਾਂਗਾ, ਉਸ ਇਸਤਰੀ ਦਾ। ਮਹਿੰਦਰ ਕੌਰ ਨੇ ਮੇਰੇ ਨਾਲ ਜੀਵਨ ਦਾ ਲੰਮਾ ਸਫਰ ਕੀਤਾ ਹੈ ਪਰ ਇਸ ਵਿੱਚ ਉਸ ਦਾ ਗੁਰੂ ਘਰ ਪ੍ਰਤੀ ਸਨੇਹ ਇੱਕ ਪਲ ਲਈ ਵੀ ਘਟਿਆ ਜਾਂ ਡੋਲਿਆ ਨਹੀਂ, ਸਗੋਂ ਬਾ-ਦਸਤੂਰ ਕਾਇਮ ਰਿਹਾ ਅਤੇ ਵਧਦਾ ਰਿਹਾ। ਸਾਧ ਸੰਗਤ ਅਤੇ ਸਤਿਗੁਰਾਂ ਦੀ ਸੇਵਾ ਉਸਦੇ ਜੀਵਨ ਦਾ ਮੂਲ ਮੁੱਦਾ ਸੀ। ਮੈਨੂੰ ਵੀ ਉਸਨੇ ਭਰਪੂਰ ਧਿਆਨ ਅਤੇ ਸੇਵਾ ਦਿੱਤੀ ਹੈ।

ਲੰਮਾ ਚਿਰ ਜਦੋਂ ਸੰਤਾਨ ਨਹੀਂ ਸੀ ਕੋਈ ਅਤੇ ਫੇਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਨਾਲ ਹੋਈ ਚੋਖੀ ਸੰਤਾਨ ਸਮੇਂ ਵੀ, ਨੂੰਹਾਂ, ਧੀਆਂ, ਪੁੱਤਰਾਂ ਦੀ ਹੋਂਦ ਨੇ ਕਦੇ ਮੇਰੇ ਵਲੋਂ ਬੇਧਿਆਨੀ ਨਹੀਂ ਹੋਣ ਦਿੱਤੀ।

ਸੇਠ ਜੀ ਨੇ ਆਪਣੇ ਪਰਵਾਰਕ ਪਿਛੋਕੜ ਤੇ ਮੇਰੀ ਝਾਤ ਪੁਆਈ। ਉਨ੍ਹਾਂ ਦੱਸਿਆ : ਸਾਡੇ ਖਾਨਦਾਨ ਵਿੱਚ ਕੁਛ ਐਸੀ ਹੀ ਹੋਣੀ ਹੈ ਕਿ ਔਰਤਾਂ ਨੂੰ ਲੰਮਾ ਰੰਡੇਪਾ ਕੱਟਣਾ ਪਿਆ ਹੈ। ਸਾਡੇ ਪੜਦਾਦਾ ਜੀ ਤੋਂ ਪਿੱਛੋਂ ਚੋਖਾ ਚਿਰ ਪੜਦਾਦੀ ਜੀ ਨੂੰ ਇਕਹਿਰਾ ਜੀਊਣਾ ਪਿਆ। ਪਿਤਾ ਜੀ ਵੀ ਮਾਤਾ ਜੀ ਨੂੰ ਲੰਮਾ ਰੰਡੇਪਾ ਦੇ ਗਏ। ਮੇਰੇ ਭਰਾ ਅਤੇ ਭਣਵਈਆਂ ਨੂੰ ਇਹ ਲੋਕ ਪਹਿਲਾਂ ਤਿਆਗਣਾ ਪਿਆ ਅਤੇ ਮੇਰੀਆਂ ਭੈਣਾਂ ਭਰਜਾਈਆਂ ਇਕਲਾਪੀ ਜ਼ਿੰਦਗੀ ਭੋਗ ਰਹੀਆਂ ਹਨ। ਮਹਿੰਦਰ ਕੌਰ ਜੀ ਨੇ ਸਾਡੀ ਪੀੜ੍ਹੀ ਦੀ ਏਸ ਰਵਾਇਤ ਨੂੰ ਉਲਟਾ ਕੇ ਰੱਖ ਦਿੱਤਾ ਹੈ।

"ਗੱਲ ਇੰਜ ਹੋਈ" ਸੇਠ ਜੀ ਨੇ ਦੱਸਿਆ, "29 ਮਾਰਚ 1983 ਨੂੰ ਅਚਾਨਕ ਮੈਨੂੰ ਦਿਲ ਦਾ ਦੌਰਾ ਪੈ ਗਿਆ। ਕਿਸੇ ਸਮੇਂ ਵੀ ਮੇਰੇ ਪ੍ਰਾਣ ਜੁਦਾ ਹੋ ਸਕਦੇ ਸਨ। ਮੈਂ, ਸ੍ਰੀ ਸਤਿਗੁਰੂ ਜੀ ਨੂੰ ਦੌਰੇ ਵਿੱਚ ਸੁਨੇਹਾ ਭੇਜਿਆ ਆਪਣੀ ਤਕਲੀਫ ਦਾ। ਡਾਕਟਰਾਂ ਨੇ ਦਵਾ ਦਾਰੂ ਕੀਤਾ, ਪਰ ਉਹ ਚਾਂਹੁਦੇ ਸਨ ਕਮਜ਼ੋਰ ਸਰੀਰ ਨੂੰ ਦੂਜੇ ਦੌਰਿਓਂ ਬਚਾਣ ਲਈ ਮੈਨੂੰ ਹਸਪਤਾਲ ਲੈ ਜਾਣ, ਪਰ ਮੈਂ ਸਤਿਗੁਰੂ ਜੀ ਵਲੋਂ ਆਗਿਆ ਦਾ ਮੁਸ਼ਤਾਕ ਸਾਂ। ਸਤਿਗੁਰੂ ਜੀ ਨੇ ਕਿਤੋਂ ਫੋਨ ਕੀਤਾ : ਪਰਸੋਂ ਤੱਕ ਮੈਂ ਦਿੱਲੀ ਆ ਰਿਹਾ ਹਾਂ। ਫਿਰ ਸੋਚਾਂਗੇ ਕੀ ਕਰਨਾ ਹੈ। ਮੈਨੂੰ ਯਕੀਨ ਹੋ ਗਿਆ ਕਿ ਪਰਸੋਂ ਤੱਕ ਮੈਨੂੰ ਕੋਈ ਖ਼ਤਰਾ ਨਹੀਂ, ਕੋਈ ਤਕਲੀਫ ਨਹੀਂ ਹੋਵੇਗੀ।

"ਪਰ ਦੋ ਤਿੰਨ ਦਿਨ ਦੀ ਤਕਲੀਫ ਨੇ ਮੈਨੂੰ ਅਸਲੋਂ ਹੀ ਨਿਤਾਣਿਆਂ ਕਰ ਛਡਿਆ ਸੀ। ਇੱਕ ਰਾਤੀਂ ਮੈਨੂੰ ਜਰਾਬਾਂ ਪਹਿਨਾਂਦੀ ਮਹਿੰਦਰ ਕੌਰ ਰੋਂਦੇ ਰੋਂਦੇ ਕਹਿਣ ਲੱਗੀ, ਮੈਂ ਅਰਦਾਸਾਂ ਕਰਦੀ ਹਾਂ ਕਿ ਤੁਹਾਨੂੰ ਮੇਰੀ ਉਮਰ ਲੱਗ ਜਾਵੇ, ਤੁਸੀਂ ਲੰਮਾ ਚਿਰ ਜੀਵੋ ਤੇ ਮੈਂ ਤੁਹਾਡੇ ਹੱਥਾਂ ਵਿੱਚ ਹੀ ਸਹਿਜ ਭਾ ਚਲੀ ਜਾਵਾਂ। ਮੈਂ ਬੋਲ ਨਹੀਂ ਸਾਂ ਸੱਕਦਾ, ਪਰ ਇਹ ਸੁਣਨ ਦੀ ਵਾਹ ਮੇਰੀ ਵੀ ਨਹੀਂ ਸੀ।

"ਇੱਕ ਦਿਨ ਫੇਰ ਮੈਨੂੰ ਕਹਿਣ ਲੱਗੀ : ਸਤਿਗੁਰੂ ਜੀ ਨੇ ਮੇਰੀ ਬੇਨਤੀ ਪਰਵਾਨ ਕਰ ਲਈ ਹੈ। ਉਹਨਾਂ ਹਾਂ ਕਰ ਦਿੱਤੀ ਹੈ। ਤੁਸੀਂ ਜੀਵੋਗੇ, ਮੈਂ ਤੁਹਾਡੇ ਹੱਥਾਂ ਵਿੱਚ ਜਾਵਾਂਗੀ। ਅਤੇ ਕਵੀ ਜੀ, ਵੇਖ ਲਓ ਸਚੁਮੱਚ ਮਹਿੰਦਰ ਕੌਰ ਨੇ ਜੋ ਕਿਹਾ ਸੀ ਕਰ ਵਖਾਇਆ ਹੈ। ਸਭ ਤੋਂ ਵੱਡੀ ਗੱਲ ਕਿ ਸਾਡੇ ਖਣਵਾਦੇ ਦੀ ਉਸ ਰਵਾਇਤ ਨੂੰ ਦੂਜੇ ਰੁਖ਼ ਤੋਰ ਦਿੱਤਾ ਹੈ, ਉਹ ਤੁਰ ਗਈ ਹੈ ਤੇ ਮੈਂ ਜ਼ਿੰਦਗੀ ਵਿੱਚ ਕਾਇਮ ਹਾਂ।

"ਉਸਦੀ ਇਹ ਕੁਰਬਾਨੀ ਵੀ ਮੈਨੂੰ ਉਸਦੀ ਅਕੀਦਤ ਵਿੱਚ ਇੱਕ ਪੁਸਤਕ ਤਿਆਰ ਕਰਨ ਲਈ ਪ੍ਰੇਰਦੀ ਹੈ।"

ਕਾਫ਼ੀ ਸਮਾਂ ਅਸਾਂ ਗੱਲਾਂ ਕੀਤੀਆਂ। ਇੱਕ ਵਜੇ ਉੱਠੇ ਤਾਂ ਸੇਠ ਜੀ ਕਿਹਾ : ਤੁਹਾਡਾ ਕੀਮਤੀ ਸਮਾਂ ਲਿਆ ਹੈ ਪਰ ਗੱਲ ਵੀ ਮਹਿਰਮ ਨਾਲ ਹੀ ਹੁੰਦੀ ਹੈ।

## 3 ਸਤੰਬਰ 1986, ਬੁੱਧਵਾਰ
## ਨਵੀਂ ਦਿੱਲੀ

## ਦਾਸਤਾਨਿ ਦੁਰਗਾ ਲਾਲ –



ਉਸਤਾਦ ਹਰਭਜਨ ਸਿੰਘ ਨਾਲ ਮੈਂ ਸ਼ਾਮੀਂ 4.30 ਵਜੇ ਕਰੋਲ ਬਾਗ ਕੱਥਾਕਲੀ ਨ੍ਰਿਤ ਦੇ ਜਾਦੂਗਰ ਪੰ. ਦੁਰਗਾ ਲਾਲ ਦੇ ਗਿਆ। ਦੁਆਰ ਤੇ ਦਰਸ਼ਨ ਦੇਣ ਨਾਲ ਉਹ ਅੱਖਾਂ ਮਲਦਾ ਮਲਦਾ ਹੀ ਆਇਆ। ਅਜੇ ਸੁੱਤਿਆਂ ਨੂੰ ਅੱਧਾ ਘੰਟਾ ਵੀ ਨਹੀਂ ਸੀ ਹੋਇਆ ਕਿ ਅਸੀਂ ਜਾ ਵੱਜੇ। ਪੰ. ਦੁਰਗਾ ਲਾਲ ਜੀ ਨੇ ਸਾਨੂੰ ਹਾਰਦਿਕ ਜੀਉ ਆਇਆਂ ਨੂੰ ਕਿਹਾ ਅਤੇ ਪਹਿਲੀ ਗੱਲ ਇਸ ਖਦਸ਼ੇ ਦੀ ਕੀਤੀ ਕਿ ਇਸ ਵਾਰ ਸ੍ਰੀ ਸਤਿਗੁਰੂ ਜੀ ਦੇ ਭੈਣੀ ਸਾਹਿਬ ਬੁਲਾਵੇ ਤੇ ਪਹੁੰਚਿਆ ਨਹੀਂ ਜਾ ਸਕਿਆ, ਦਿੱਲੀ ਵਿੱਚ ਇੱਕ ਦੋ ਪ੍ਰੋਗਰਾਮਾਂ ਦੀ ਅਗਾਊਂ ਇਨ੍ਹਾਂ ਤਾਰੀਖਾਂ ਦੀ ਬੁਕਿੰਗ ਸੀ, ਕਿਤੇ ਦੀਨ ਦਿਆਲ ਨਰਾਜ਼ ਨਾ ਹੋਣ! ਅਸਾਂ ਸਤਿਗੁਰੂ ਜੀ ਦੀ ਸੁਭਾਵਕ ਖਿਮਾ ਸ਼ੀਲਤਾ ਅਤੇ ਉਦਾਰਤਾ ਦਾ ਜ਼ਿਕਰ ਕਰਕੇ ਦੁਰਗਾ ਲਾਲ ਜੀ ਨੂੰ ਚਿੰਤਾ ਮੁਕਤ ਕੀਤਾ।

ਪਰ ਦੁਰਗਾ ਲਾਲ ਜੀ ਨੇ ਉਸ ਸਾਰੇ ਪ੍ਰੋਗਰਾਮ ਦੀ ਇੱਕ ਕੈਸੇਟ ਕਾਪੀ ਸ੍ਰੀ ਸਤਿਗੁਰੂ ਜੀ ਦੇ ਭੇਟ ਕਰਨ ਹਿਤ ਕਿਹਾ ਜਿਸ ਵਿੱਚ ਦੁਰਗਾ ਲਾਲ ਜੀ ਦਾ ਆਪਣਾ ਨਿਰਦੇਸ਼ਨ, ਮਾਂਡ ਗਾਇਨ, ਨ੍ਰਿਤ ਅਤੇ ਪਖਾਵਜ ਦਾ ਸ਼ਾਨਦਾਰ ਸੰਗਮ ਹੈ।

## 4 ਸਤੰਬਰ 1986, ਵੀਰਵਾਰ
## ਨਵੀਂ ਦਿੱਲੀ

**ਮੰਡੀ ਵਿੱਚ ਦਰਸ਼ਨ** – ਅੱਜ ਸ਼ਾਮੀਂ ਆਜ਼ਾਦ ਭਵਨ, ਦਿੱਲੀ ਵਿਖੇ ਪੰਡਿਤ ਦੁਰਗਾ ਲਾਲ ਦਾ ਨ੍ਰਿਤ ਪ੍ਰੋਗਰਾਮ ਸੀ, ਜਿਸ ਵਿੱਚ ਉਪ ਰਾਸ਼ਟਰਪਤੀ ਨੇ ਵੀ ਪਹੁੰਚਣਾ ਸੀ। ਮੈਨੂੰ ਅਤੇ ਹਰਭਜਨ ਸਿੰਘ ਸਿਤਾਰ ਨੂੰ ਵੀ ਪ੍ਰੋਗਰਾਮ ਤੇ ਪਹੁੰਚਣ ਦੀ ਪੱਕੀ ਸੀ। ਇਸ ਸੰਬੰਧ ਵਿੱਚ ਅਸੀਂ ਰਮੇਸ਼ ਨਗਰ ਥਾਣੀਂ ਲੰਘੇ ਤਾਂ ਸਾਨੂੰ ਭੈਣੀ ਸਾਹਿਬ ਤੋਂ ਆਇਆ ਸੁਖਵਿੰਦਰ ਸਿੰਘ ਪਿੰਕੀ ਮਿਲ ਪਿਆ। ਉਸ ਨੇ ਦੱਸਿਆ ਕਿ ਸ੍ਰੀ ਸਤਿਗੁਰੂ ਜੀ ਪਰਸੋਂ ਦੇ ਅਰਥਾਤ 2.9.86 ਦੇ ਮੰਡੀ ਹਿਮਾਚਲ ਪਰਦੇਸ਼ ਪਧਾਰੇ ਹੋਏ ਹਨ, ਅੱਜ ਸ਼ਾਮ ਤੱਕ ਏਨ੍ਹਾਂ ਦੀ ਵਾਪਸੀ ਹੈ। ਉਸਤਾਦ ਵਲਾਇਤ ਖਾਂ ਤੇ ਮਿਸ਼ਰਾ ਬੰਧੂ ਕੱਲ ਹੀ ਆਪਣੇ ਆਪਣੇ ਟਿਕਾਣਿਆਂ ਨੂੰ ਪਹੁੰਚੇ।

ਤਾਂ ਸੱਚੇ ਪਾਤਸ਼ਾਹ ਜੀ ਨੇ ਆਪਣਾ ਬਾਹਰ ਨਾ ਜਾਣ ਦਾ ਬਰਤ ਪਹਿਲਾਂ ਮੰਡੀ ਦੀਆਂ ਸੰਗਤਾਂ ਨੂੰ ਦਰਸ਼ਨ ਦੇ ਕੇ ਤੋੜਿਆ ਹੈ।

## 7 ਸਤੰਬਰ 1986, ਐਤਵਾਰ
## ਨਵੀਂ ਦਿੱਲੀ

**ਸੇਠ ਹਰਮਹਿੰਦਰ ਸਿੰਘ ਚਾਵਲਾ** – ਹੰਸਪਾਲ ਸੁਆਗਤੀ ਸਮਾਰੋਹ ਤੋਂ ਝੱਟ ਕੁ ਪਹਿਲਾਂ ਮੈਨੂੰ ਸੇਠ ਹਰਮਹਿੰਦਰ ਸਿੰਘ ਚਾਵਲਾ-ਸੇਠ ਤ੍ਰਲੋਕ ਸਿੰਘ ਦਾ ਸਾਂਢੂ-ਬੈਂਕੋਕ ਥਾਈਲੈਂਡ ਵਾਲਿਆਂ ਨਾਲ ਮੁਲਾਕਾਤ ਹੋ ਗਈ। ਉਹਨਾਂ ਦੀ ਸੁਪਤਨੀ ਬੀਬੀ ਬਲਬੀਰ ਕੌਰ ਵੀ ਨਾਲ ਸੀ। ਇਹ ਪਿਛਲੇ ਮਹੀਨੇ ਤੋਂ ਹੀ ਭਾਰਤ ਵਿੱਚ ਆਏ ਲੱਗਦੇ ਹਨ। ਇਹਨਾਂ ਦੱਸਿਆ ਕਿ ਇਹ ਜੋੜਾ ਸ੍ਰੀ ਸਤਿਗੁਰੂ ਜੀ ਨਾਲ ਹੀ ਬੈਂਕੋਕ ਜਾਵੇਗਾ। ਬੈਂਕੋਕ ਦੀ ਸੰਗਤ ਵਲੋਂ ਬਾਰ ਬਾਰ ਆਗ੍ਰਹਿ ਕਰਨ ਅਤੇ ਥਾਈਲੈਂਡ ਵਿੱਚ ਗੁਰੂ ਕੇ ਦਰਸ਼ਨਾਂ ਦਾ ਸੁਭਾਗ ਮਨਵਾਣ ਲਈ ਹੀ ਇਹ ਏਥੇ ਆਏ ਹਨ। ਸੇਠਣੀ ਮਹਿੰਦਰ ਕੌਰ ਦਾ ਵਰ੍ਹੀਣਾ ਪਹਿਲਾਂ ਦਿੱਲੀ ਵਿੱਚ ਹੀ ਜਾਂ ਭੈਣੀ ਸਾਹਿਬ 28.8.1986 ਨੂੰ ਮਨਾਇਆ ਜਾਣਾ ਸੀ ਪਰ ਸੇਠ ਹਰਮਹਿੰਦਰ ਸਿੰਘ ਹੁਰਾਂ ਦੀ ਥਾਈ ਸੰਗਤ ਦੀ ਪ੍ਰਤੀਨਿਧਤਾ ਸਫਲ ਹੋਈ ਅਤੇ ਸ੍ਰੀ ਸਤਿਗੁਰੂ ਜੀ ਨੇ ਬੈਂਕੋਕ ਜਾਣਾ ਪਰਵਾਨ ਕਰ ਲਿਆ। ਹੁਣ ਬੈਂਕੋਕ ਵਿੱਚ 14.9.86 ਨੂੰ ਸੇਠਣੀ ਮਹਿੰਦਰ ਕੌਰ ਨਮਿਤ ਭੋਗ ਪਏਗਾ।

ਇਹ ਵੀ ਪਤਾ ਲੱਗਾ ਕਿ ਸ੍ਰੀ ਸਤਿਗੁਰੂ ਜੀ ਸਿੱਧੇ ਹੀ ਦਿੱਲੀਓਂ ਬੈਂਕੋਕ 11.9.86 ਨੂੰ ਪਧਾਰਨਗੇ ਪਰ ਨਾਲ ਦਾ ਜਥਾ ਬਾ-ਰਸਤਾ ਬੰਬਈ ਕੈਥੇ ਫੈਸੇਫਿਕ ਏਅਰ ਲਾਈਨ ਦੇ ਜਹਾਜ਼ ਤੇ ਜਾਵੇਗਾ।

**ਰੋਕ ਕਿੱਥੇ?** – ਮੈਂ ਸੇਠ ਹਰਮਹਿੰਦਰ ਸਿੰਘ ਨੂੰ ਆਪਣੀ ਇੱਛਾ ਦੱਸੀ ਕਿ ਮੇਰੇ ਜੀਅ ਆਈ ਹੈ ਕਿ ਬੈਂਕੋਕ ਦੀ ਸੰਗਤ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਚਨ, ਸ਼ਰਮਿੰਦਗੀ ਤੋਂ ਬਚਾਣ ਲਈ ਅਪੀਲ ਕਰਾਂ, ਕਿਉਂਕਿ ਆਪ ਜੀ ਦੇ 1934 ਵਿੱਚ ਪ੍ਰਥਮ ਥਾਈਲੈਂਡ ਦੇ ਦੌਰੇ ਸਮੇਂ ਰੰਗੂਨ ਵਿੱਚ ਸਿੱਖਾਂ ਦੀਆਂ ਸਿਵਲੀਅਨ ਤੇ ਫੌਜੀ ਪਾਰਟੀਆਂ ਦੇ ਤਕਾਜ਼ੇ ਕਾਰਨ ਗੁਰਦੁਆਰਾ ਬੰਦ ਪਿਆ, ਦਾ ਜ਼ਿਕਰ ਇੱਕ ਟੇਪ ਭਾਸ਼ਣ ਤੋਂ ਮਿਲਦਾ ਹੈ, ਅਤੇ ਹੁਣ ਅਸੀਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਿੱਖਾਂ ਵੀ ਓਹੋ ਗੱਲ ਕਰ ਵਖਾਈ ਹੈ, ਜਿਹੜੀ ਸੋਭਾ ਨਹੀਂ ਦੇਂਦੀ।

ਅਤੇ ਮੈਂ ਪੁੱਛਿਆ ਸਾਡੇ ਗੁਰਦੁਆਰੇ ਦੇ ਖੁਲ੍ਹਣ ਵਿੱਚ ਅੜਿਕਾ ਕਿੱਥੇ ਹੈ? ਸੇਠ ਹਰਮਹਿੰਦਰ ਸਿੰਘ ਹੁਰਾਂ ਦੱਸਿਆ : ਸੰਗਤ ਦਾ ਤਾਂ ਕੋਈ ਰੌਲਾ ਨਹੀਂ, ਰੌਲਾ ਜਸਪਾਲ ਸਿੰਘ ਤੇ ਗਿਆਨੀ ਹਰਬੰਸ ਸਿੰਘ ਦਾ ਹੈ। ਜਸਪਾਲ ਸਿੰਘ ਕਹਿੰਦਾ ਹੈ ਪਹਿਲਾ ਪਰਵਾਣਤ ਧਰਮਸਾਲਾ ਵਿਧਾਨ ਹੀ ਪ੍ਰਵਾਨ ਕਰੋ, ਧਰਮਸਾਲਾ ਅੱਜ ਖੋਲ੍ਹਦਾ ਹਾਂ। ਜਸਪਾਲ ਸਿੰਘ ਕਾਨੂੰਨੀ ਤੌਰ ਤੇ ਨਾਮਧਾਰੀ ਸੰਗਤ ਬੈਂਕੋਕ ਦਾ ਪ੍ਰਧਾਨ ਹੈ ਅਤੇ ਗਿਆਨੀ ਜੀ ਕਹਿੰਦੇ ਨੇ ਨਵੇਂ ਵਿਧਾਨ ਅਨੁਸਾਰ ਧਰਮਸਾਲਾ ਦਾ ਪ੍ਰਬੰਧ ਚਲੇਗਾ। ਪਹਿਲੇ ਵਿਧਾਨ ਵਿੱਚ ਸ੍ਰੀ ਸਤਿਗੁਰੂ ਜੀ ਦੀ ਆਗਿਆ ਅਧੀਨ ਸਭ ਕੁਝ ਹੈ, ਨਵੇਂ ਮੁਤਾਬਕ ਚੋਣਵੀਂ ਕਮੇਟੀ ਹੀ ਕਰਤਾ ਧਰਤਾ ਹੋਵੇਗੀ।

ਜੇ ਚੋਣ ਮੁਤਾਬਕ ਕਮੇਟੀ ਬਣੇ ਤਾਂ ਪ੍ਰਬੰਧਕ ਦਾੜ੍ਹੀ ਕੇਸ ਕੱਟੇ ਵੀ ਹੋ ਸਕਦੇ ਨੇ, ਜੇ ਹੁਕਮ ਅਨੁਸਾਰ ਕਮੇਟੀ ਬਣੇ ਤਾਂ ਚੋਣਵੇਂ ਗੁਰਸਿਖ ਹੀ ਧਰਮਸਾਲਾ ਦੇ ਜ਼ਿਮੇਵਾਰ ਰਹਿ ਸਕਣਗੇ।

ਚਲਦਾ....

# ਪੈਂਤੀ ਵਰ੍ਹਿਆਂ ਬਾਅਦ ਨਿਗਾਹ ਪਰਤੀ

ਹਰਪਾਲ ਸਿੰਘ ਸੇਵਕ

ਸ੍ਰੀ ਭੈਣੀ ਸਾਹਿਬ ਨਾਮ ਸਿਮਰਨ ਜੱਪ ਪ੍ਰਯੋਗ (ਅੱਸੂ ਦਾ ਮੇਲਾ) ਦੇ ਦਿਨਾਂ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਸੰਗਤਾਂ ਨੂੰ ਨਿਵਾਜ ਰਹੇ ਸਨ। ਮਾਨ ਸਰੋਵਰ ਚੋਂ ਹੰਸਾਂ ਵਾਂਗ ਸੰਗਤਾਂ ਅੰਮ੍ਰਿਤ ਨਾਮ ਦੇ ਸੁੱਚੇ ਮੋਤੀ ਚੁਗਦੀਆਂ ਇਲਾਹੀ ਬਾਣੀ ਦੇ ਕੀਰਤਨ ਦਾ ਆਤਮ ਰਸ ਮਾਣਦੀਆਂ, ਸਤਿਗੁਰੂ ਜੱਸ ਸਰਵਣ ਕਰਦੀਆਂ ਅਤੇ ਸਤਿਗੁਰੂ ਸੱਚੇ ਪਾਤਸ਼ਾਹ ਦੇ ਦਰਸ਼ਨ ਕਰਕੇ ਧੰਨ ਹੁੰਦੀਆਂ, ਜਨਮ ਸਫਲਾ ਕਰਦੀਆਂ।

28 ਸਤੰਬਰ 2008 ਈ. ਦਿਨ ਮੰਗਲਵਾਰ ਸ੍ਰੀ ਸਤਿਗੁਰੂ ਜੀ ਨਾਮ ਸਿਮਰਨ ਅਤੇ ਕੀਰਤਨ ਦੀ ਸਮਾਪਤੀ ਉਪਰੰਤ ਹਰੀ ਮੰਦਰ ਦੇ ਪਹਾੜ ਵਾਲੇ ਪਾਸਿਓਂ ਬਾਹਰ ਆਏ। ਕੋਠੀ ਜਾਣ ਲਈ ਕਲੱਬ ਕਾਰ ਵਿੱਚ ਬੈਠੇ। ਕਾਨ੍ਹਪੁਰ ਤੋਂ ਆਏ ਜਸਵੀਰ ਸਿੰਘ ਆਪਣੀ ਧਰਮ ਪਤਨੀ ਬੀਬੀ ਸੁਸ਼ੀਲ ਕੌਰ ਕੁਝ ਹੋਰ ਸੰਬੰਧੀਆਂ ਸਹਿਤ ਚਰਨੀ ਲੱਗੇ। ਸੇਵਕ ਰਛਪਾਲ ਸਿੰਘ ਨੇ ਅਰਜ਼ ਕੀਤੀ: "ਗ਼ਰੀਬ ਨਿਵਾਜ ਜੀ ਇਨ੍ਹਾਂ ਦਾ ਬੇਟਾ 30 ਕੁ ਵਰ੍ਹਿਆਂ ਦਾ ਕਾਕਾ ਦਲੀਪ ਸਿੰਘ ਦੋ ਮਹੀਨਿਆਂ ਤੋਂ ਪੀਲੀਏ ਕਰਕੇ ਸਖ਼ਤ ਬਿਮਾਰ ਸੀ, ਅੱਜ ਚੜ੍ਹਾਈ ਕਰ ਗਿਆ ਹੈ। ਸਸਕਾਰ ਵੀ ਇੱਥੇ ਹੀ ਕੀਤਾ ਹੈ। ਆਪ ਜੀ ਦੀ ਕ੍ਰਿਪਾ ਨਾਲ ਕੋਈ ਜੀਅ ਰੋਇਆ ਨਹੀਂ। ਭੋਗ ਵੀ ਇੱਥੇ ਸ੍ਰੀ ਭੈਣੀ ਸਾਹਿਬ ਹੀ ਆਪ ਜੀ ਦੀ ਹਜ਼ੂਰੀ ਚ ਪਾਉਣ ਦੀ ਆਗਿਆ ਮੰਗਦੇ ਹਨ।

"ਗਰੀਬ ਨਿਵਾਜ ਕ੍ਰਿਪਾ ਕਰੋ, ਭਾਣਾ ਮੰਨਣ ਦਾ ਬਲ ਬਖ਼ਸ਼ੋ। ਸੁੱਖ ਦੁੱਖ ਵਿੱਚ ਆਪ ਜੀ ਦੇ ਬਣੇ ਰਹੀਏ।" ਕਾਕੇ ਦੇ ਪਿਤਾ ਜਸਬੀਰ ਸਿੰਘ ਨੇ ਹੱਥ ਜੋੜ ਕੇ ਪੂਰੇ ਪਰਿਵਾਰ ਵੱਲੋਂ ਬੇਨਤੀ ਕੀਤੀ।

ਸ਼ਾਬਾਸ਼! ਸ਼ਾਬਾਸ਼!! ਤੁਹਾਡੇ ਵਰਗੇ ਸਿੱਖਾਂ ਨੂੰ ਵੇਖ ਕੇ ਬੜੀ ਖੁਸ਼ੀ ਹੁੰਦੀ ਹੈ। ਇਸੇ ਤਰ੍ਹਾਂ ਹੀ ਚਾਹੀਦਾ ਹੈ, ਸਾਡਾ ਨਾਮਧਾਰੀਆਂ ਦਾ ਬਾਕੀ ਲੋਕਾਂ ਤੋਂ ਇਹੋ ਫਰਕ ਹੋਣਾ ਚਾਹੀਦਾ ਹੈ ਕਿ ਨਾ ਖ਼ੁਸ਼ੀ ਵੇਲੇ ਬਹੁਤਾ ਫੁੱਲੀਏ ਅਤੇ ਨਾ ਹੀ ਕਿਸੇ ਜੀਅ ਦੇ ਚੜ੍ਹਾਈ ਕਰਨ ਤੇ ਬਹੁਤਾ ਦੁਖੀ ਹੋਈਏ। ਸ੍ਰੀ ਸਤਿਗੁਰੂ ਜੀ ਨੇ ਜਸਬੀਰ ਸਿੰਘ ਦੀ ਕੰਡ ਥਾਪੜਦਿਆਂ ਨਿਵਾਜਿਆ।

ਥੋੜ੍ਹਾ ਅੱਗੇ ਹੋਏ ਤਾਂ ਇੱਕ ਬਜ਼ੁਰਗ ਮਾਤਾ ਨੇ ਆਪਣੇ ਪੋਤਰੇ ਨਾਲ ਆ ਚਰਨ ਪਰਸੇ ਹੱਥ ਜੋੜ ਕੇ ਸਤਿਗੁਰੂ ਸੱਚੇ ਪਾਤਸ਼ਾਹ ਦੇ ਸਨਮੁੱਖ ਅਰਜ਼ ਕਰਨ ਲੱਗੀ: "ਸੱਚੇ ਪਾਤਸ਼ਾਹ ਮੇਰੀਆਂ ਅੱਖਾਂ ਨੂੰ ਚਾਨਣ ਤੁਸੀਂ ਬਖਸ਼ਿਆ ਹੈ। 35 ਸਾਲਾਂ ਬਾਅਦ ਆਪ ਜੀ ਦੇ ਦਰਸ਼ਨ ਕਰ ਰਹੀ ਹਾਂ। ਕਾਲੇ ਦਾੜੇ ਵਿੱਚ ਆਪ ਜੀ ਦੇ ਦਰਸ਼ਨ ਕੀਤੇ ਸਨ। ਮੈਂ ਤੇ ਆਸ ਲਾਹ ਦਿੱਤੀ ਸੀ। ਪਰ ਆਪ ਜੀ ਕ੍ਰਿਪਾ ਕੀਤੀ। ਏਨੇ ਵਰ੍ਹਿਆਂ ਬਾਅਦ ਮੈਂ ਆਪ ਜੀ ਦੇ ਦਰਸ਼ਨ ਕਰ ਰਹੀ ਹਾਂ। ਭਗਵਾਨ ਕ੍ਰਿਸ਼ਨ ਨੇ ਕੁਬਜਾ ਦਾ ਕੁੱਬ ਕੱਢਿਆ। ਆਪ ਜੀ ਮੇਰੇ ਲਈ ਭਗਵਾਨ ਕ੍ਰਿਸ਼ਨ ਬਣ ਕੇ ਬਹੁੜੇ ਹੋ। ਅੱਜ ਮੈਨੂੰ ਰੱਜ ਕੇ ਦਰਸ਼ਨ ਕਰ ਲੈਣ ਦਿਓ।" ਚੰਦਰ ਮੁੱਖ ਸਤਿਗੁਰੂ ਦੇ ਦਰਸ਼ਨ ਕਰਦਿਆਂ ਚਕੋਰ ਵਾਂਗ ਅਨੰਦ ਰੂਪ ਮਾਤਾ ਮਸਤਾਨੀ ਹੋਈ ਸਤਿਗੁਰੂ ਸੱਚੇ ਪਾਤਸ਼ਾਹ ਦੇ ਗੁਣ ਗਾਇਨ ਕਰ ਰਹੀ ਸੀ। ਖ਼ੁਸ਼ੀ ਸੀ ਕਿ ਸੰਭਾਲੀ ਨਹੀਂ ਸੀ ਜਾ ਰਹੀ। ਜਿਵੇਂ ਕਿਸੇ ਨੂੰ ਨਵਾਂ ਜਨਮ ਮਿਲਿਆ ਹੋਵੇ। ਇੱਕੋ ਸਾਹੇ ਜਿਵੇਂ ਮਾਤਾ ਬਹੁਤ ਕੁਝ ਆਖਣਾ ਚਾਹੁੰਦੀ ਸੀ। ਮੈਨੂੰ ਨਿਗ੍ਹਾ ਪਰਤਣ ਨਾਲੋਂ ਵੱਧ ਖੁਸ਼ੀ ਆਪ ਜੀ ਦੇ ਦਰਸ਼ਨ ਕਰਕੇ ਹੋਈ ਹੈ। ਮੇਰੇ ਲਈ ਤਾਂ 35 ਸਾਲਾਂ ਦੀ ਲੰਬੀ ਰਾਤ ਬਾਅਦ ਦਿਨ ਚੜ੍ਹਿਆ ਹੈ। ਮੇਰਾ ਸਰੀਰ ਸਾਥ ਦੇਵੇ ਮੈਂ ਸਭ ਥਾਈਂ ਜਾ-ਜਾ ਕੇ ਸੰਗਤਾਂ ਨੂੰ ਦੱਸਾਂਗੀ ਕਿ ਮੇਰੇ ਤੇ ਸੱਚੇ ਪਾਤਸ਼ਾਹ ਨੇ ਕਿਵੇਂ ਕ੍ਰਿਪਾ ਕੀਤੀ ਹੈ। ਸੱਚੇ ਪਾਤਸ਼ਾਹ ਤੁਸੀਂ ਸੂਰਜ ਬਣਾਉਣ ਵਾਲੇ, ਸੂਰਜਾਂ ਦੇ ਸੂਰਜ ਹੋ। ਤੁਹਾਡੀ ਕਿਰਪਾ ਹੋਈ ਤਾਂ ਸੂਰਜ ਦਾ ਚਾਨਣ ਦਿੱਸਿਆ, ਨਹੀਂ ਤੇ ਸੂਰਜ ਦੇ ਹੁੰਦਿਆਂ ਵੀ ਮੇਰੇ ਲਈ ਹਮੇਸ਼ਾ ਰਾਤ ਹੀ ਸੀ। ਇਸੇ ਤਰ੍ਹਾਂ ਬਜ਼ੁਰਗ ਮਾਤਾ ਮਸਤੀ ਵਿੱਚ ਸਤਿਗੁਰੂ ਸੱਚੇ ਪਾਤਸ਼ਾਹ ਦੇ ਗੁਣ ਗਾ ਰਹੀ ਸੀ। ਸ੍ਰੀ ਸਤਿਗੁਰੂ ਜੀ ਵੀ ਮਾਤਾ ਦੀ ਨਿਗ੍ਹਾ ਪਰਤੀ ਵੇਖ ਬੜੇ ਪ੍ਰਸੰਨ ਹੋਏ, ਬਚਨ ਕੀਤਾ: "ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਕਿਰਪਾ ਕੀਤੀ, ਤੁਹਾਨੂੰ ਨਿਗ੍ਹਾ ਬਖ਼ਸ਼ੀ ਹੈ।"

ਸ੍ਰੀ ਸਤਿਗੁਰੂ ਜੀ ਕੋਠੀ ਵਿੱਚ ਜਾ ਬਾਹਰ ਘਾਹ ਦੇ ਮੈਦਾਨ ਵਿੱਚ ਦਰਸ਼ਨ ਦਿੱਤੇ। ਜਿੱਥੇ ਨਾਮ ਸਿਮਰਨ ਜਪ-ਪ੍ਰਯੋਗ ਵਿੱਚ ਸ਼ਾਮਲ ਸਿੰਘਾਂ ਦਾ ਜਥਾ ਢੋਲਕ ਛੈਣਿਆਂ

ਨਾਲ ਜੋਟੀਆਂ ਵਾਲੇ ਸ਼ਬਦ ਗਾਇਨ ਕਰ ਰਹੇ ਸਨ। ਮਧੁਰ ਅਤੇ ਮੱਧਮ ਲੈਅ ਵਿੱਚ:

"ਗੁਰ ਜੈਸਾ ਨਾਹੀ ਕੋ ਦੇਵ॥
ਜਿਸ ਮਸਤਕ ਭਾਗ ਸੁ ਲਾਗਾ ਸੇਵ॥"

ਮੱਠੀ ਮੱਠੀ ਵਰਖਾ ਦੀ ਫੂਰ ਵਾਂਗ ਗੁਰਬਾਣੀ ਰਸ ਹਿਰਦਿਆਂ ਨੂੰ ਤ੍ਰਿਪਤ ਕਰ ਰਿਹਾ ਸੀ। ਪਰ ਮੈਂ (ਹਰਪਾਲ ਸੇਵਕ) ਅਤੇ ਸੂਬਾ ਰੇਸ਼ਮ ਸਿੰਘ ਮਾਤਾ ਕੋਲ ਹੀ ਰੁਕ ਗਏ, ਜਾਨਣਾ ਚਾਹੁੰਦੇ ਸਾਂ ਕਿ ਮਾਤਾ ਦੀ ਕਥਾ ਕੀ ਹੈ।

ਮਾਤਾ ਜੀ ਤੁਹਾਡੀ ਨਿਗਾਹ ਗਈ ਕਦੋਂ ਤੇ ਆਈ ਕਿਵੇਂ ? ਤੁਹਾਡਾ ਪਿਛੋਕੜ ਕਿੱਥੋਂ ਦਾ ਹੈ ? ਪਿਤਾ ਦਾਦਾ ਜਾਂ ਪੜਦਾਦੇ ਤੋਂ ਕਦੋਂ ਤੋਂ ਨਾਮਧਾਰੀ ਹੋ ? ਹੁਣ ਕਿੱਥੇ ਹੁੰਦੇ ਹੋ ? ਮੈਂ ਵਾਰ-ਵਾਰ ਪੁੱਛਣ ਨਾਲੋਂ ਇਕੋ ਵਾਰ ਸਾਰੇ ਸਵਾਲ ਕਰ ਦਿੱਤੇ ਤਾਂ ਕਿ ਮਾਤਾ ਆਪਣੀ ਕਥਾ ਵਿਸਥਾਰ ਨਾਲ ਸੁਣਾਵੇ ਅਤੇ ਅਸੀਂ ਸੁਣਦੇ ਜਾਈਏ। ਮਾਤਾ ਨੇ ਆਪਣੇ ਪੇਕੇ ਪਰਿਵਾਰ ਤੋਂ ਆਤਮ ਕਥਾ ਸ਼ੁਰੂ ਕੀਤੀ।

"ਮੇਰੇ ਪਿਤਾ ਸਰਦਾਰ ਦਸੌਂਦਾ ਸਿੰਘ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਦਲੇਅ ਦੇ ਨੰਬਰਦਾਰ ਸਨ। ਜ਼ਮੀਨ ਜਾਇਦਾਦ ਬਹੁਤ ਸੀ। ਉਨ੍ਹਾਂ ਦੇ ਬੱਚੇ ਨਹੀਂ ਸਨ ਬਚਦੇ, ਇਸ ਲਈ ਬੱਚੇ ਦੀ ਖਾਤਰ ਉਨ੍ਹਾਂ ਚਾਰ ਵਿਆਹ ਕਰਵਾਏ। ਸਾਡੇ 17 ਭੈਣ-ਭਰਾ ਹੋਏ ਤੇ ਸਾਰੇ ਛੋਟੀ ਉਮਰੇ ਹੀ ਚੱਲ ਵੱਸੇ। ਮੇਰੇ ਪਿਤਾ ਜੀ ਨਾਮਧਾਰੀ ਨਹੀਂ ਸਨ। ਕਈਆਂ ਸੰਤਾਂ ਸਾਧਾਂ ਕੋਲ ਜਾਣਾ, ਅਰਜ਼ਾਂ ਬੇਨਤੀਆਂ ਕਰਨੀਆਂ ਪਰ ਕਿਤੋਂ ਖੈਰ ਨਾ ਪਈ। ਫੇਰ ਸੰਤ ਕਰਮ ਸਿੰਘ ਜੀ ਹਿੰਮਤਪੁਰੇ ਵਾਲਿਆਂ ਰਾਹੀਂ ਸਾਡੇ ਮਾਤਾ ਪਿਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨੀ ਲੱਗੇ। ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਅਰਜ਼ ਕੀਤੀ, "ਸੱਚੇ ਪਾਤਸ਼ਾਹ ਕਿਰਪਾ ਕਰੋ ਬੱਚੇ ਨਹੀਂ ਬਚਦੇ ਝੋਲੀ ਖ਼ੈਰ ਪਾਓ।"

"ਹੁਣ ਤੁਸੀਂ ਸਾਧ ਸੰਗਤ ਵਿੱਚ ਆ ਗਏ ਹੋ ਨਾਮ ਲੈ ਲਿਆ ਹੈ। ਅੰਮ੍ਰਿਤ ਵੇਲੇ ਉੱਠ ਕੇ ਸਣੇ ਕੇਸੀ ਇਸ਼ਨਾਨ ਕਰਕੇ ਨਾਮ ਜਪਿਆ ਕਰੋ। ਇਹ ਤੁਹਾਡਾ ਨਵਾਂ ਜਨਮ ਹੈ ਗੁਰਸਿੱਖਾਂ ਦੇ ਰੂਪ ਵਿੱਚ, ਪਹਿਲੇ ਕਰਮ ਕੱਟੇ ਗਏ, ਹੁਣ ਨਹੀਂ ਬੱਚੇ ਮਰਦੇ, ਕ੍ਰਿਪਾ ਹੋਵੇਗੀ।" ਵੱਡ ਪ੍ਰਤਾਪੀ ਜੀ ਨੇ ਖ਼ੁਸ਼ੀਆਂ ਨਾਲ ਝੋਲੀਆਂ ਭਰ ਦਿੱਤੀਆਂ। ਉਸ ਤੋਂ ਬਾਅਦ ਸਾਡਾ ਦੋਵਾਂ ਭੈਣ ਭਰਾ ਦਾ ਜਨਮ ਹੋਇਆ। ਮੇਰਾ ਨਾਮ ਗੁਰਦੀਪ ਕੌਰ ਅਤੇ ਮੇਰਾ ਭਰਾ ਸਾਧੂ ਸਿੰਘ ਹੈ। ਸਾਡੀ ਮਾਤਾ ਰਤਨ ਕੌਰ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰੀ ਸੇਵਕ ਭਾਈ ਵਜੀਰ ਸਿੰਘ ਸਾਡੇ ਸਕੇ ਮਾਮਾ ਜੀ ਸਨ। ਮੇਰਾ ਅਨੰਦ ਕਾਰਜ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੀ ਕੀਤਾ। ਮੇਰੇ ਪਤੀ ਸਰਦਾਰ ਅਵਤਾਰ ਸਿੰਘ ਸਪੁੱਤਰ ਸਰਦਾਰ ਸੋਹਣ ਸਿੰਘ ਸਨ। ਮੇਰੀ ਸੱਸ ਬੇਬੇ ਈਸ਼ਰ ਕੌਰ ਸੂਬੇ ਵਰਿਆਮ ਸਿੰਘ ਦੀ ਸਕੀ ਭੈਣ ਸੀ। ਇਸ ਤਰ੍ਹਾਂ ਮੇਰਾ ਪੇਕਾ ਅਤੇ ਸਹੁਰਾ ਪਰਿਵਾਰ ਸਤਿਗੁਰੂ ਸੱਚੇ ਪਾਤਸ਼ਾਹ ਦੀਆਂ ਅਪਾਰ ਬਖਸ਼ਿਸ਼ਾਂ ਦਾ ਪਾਤਰ ਹੈ। ਮੇਰੇ ਦੋ ਪੁੱਤਰ ਗੁਰਦੇਵ ਸਿੰਘ ਅਤੇ ਸੁਖਦੇਵ ਸਿੰਘ ਅਜੇ ਛੋਟੇ-ਛੋਟੇ ਹੀ ਸਨ ਕਿ ਸੰਨ 1950 ਵਿਚ ਇਨ੍ਹਾਂ ਦੇ ਪਿਤਾ ਸਰਦਾਰ ਅਵਤਾਰ ਸਿੰਘ ਚੱਲ ਵਸੇ। ਉਨ੍ਹਾਂ ਦੇ ਭੋਗ ਸਮੇਂ ਪਿਤਾ ਦੀ ਪੱਗ ਵੱਡੇ ਪੁੱਤਰ ਨੂੰ ਬੰਨ੍ਹਣ ਦੀ ਰਸਮ ਦੀ ਗੱਲ ਚੱਲੀ ਤਾਂ ਮੈਂ ਕਿਹਾ ਸਾਡਾ ਸਿੱਖਾਂ ਦਾ ਅਸਲ ਮਾਤਾ ਪਿਤਾ ਤਾਂ ਸਤਿਗੁਰੂ ਹੈ। ਪਿਤਾ ਦੀ ਥਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਮਿਹਰ ਭਰਿਆ ਹੱਥ ਇਨ੍ਹਾਂ ਬੱਚਿਆਂ ਦੇ ਸਿਰ ਤੇ ਹੈ। ਇਸ ਲਈ ਅਸੀਂ ਪੱਗ ਬੰਨ੍ਹਣ ਦੀ ਰਸਮ ਨਹੀਂ ਕਰਨੀ। ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਮਿਹਰ ਭਰਿਆ ਹੱਥ ਹਮੇਸ਼ਾ ਸਾਡੇ ਪਰਿਵਾਰ ਦੇ ਸਿਰ ਤੇ ਰਿਹਾ ਹੈ। ਸੱਚੇ ਪਾਤਸ਼ਾਹ ਦੀ ਕ੍ਰਿਪਾ ਨਾਲ ਘਰ ਵਿੱਚ ਸਿੱਖੀ ਵੀ ਅਤੇ ਸੁੱਖ ਵੀ ਹੈ।

"ਮਾਤਾ ਜੀ ਨਿਗਾਹ ਕਦੋਂ ਤੇ ਕਿਵੇਂ ਚਲੀ ਗਈ।" "ਪੁੱਤਰਾ, ਕੋਈ ਮੇਰਾ ਹੀ ਕਰਮ ਹੋਵੇਗਾ। 35 ਕੁ ਸਾਲ ਪਹਿਲਾਂ ਕਰੀਬ 1973-74 ਵਿੱਚ ਮੇਰੀ ਨਿਗ੍ਹਾ ਘੱਟਣੀ ਸ਼ੁਰੂ ਹੋ ਗਈ। ਬੜੇ ਇਲਾਜ ਕਰਵਾਏ ਕਿਤੋਂ ਕੋਈ ਫ਼ਰਕ ਨਾ ਪਿਆ ਅਤੇ ਸਾਲ ਕੁ 'ਚ ਨਿਗ੍ਹਾ ਬਿਲਕੁੱਲ ਬੰਦ ਹੋ ਗਈ। ਸ਼ੁਰੂ ਸ਼ੁਰੂ ਵਿੱਚ ਤਾਂ ਬੜਾ ਔਖਾ ਲੱਗਿਆ, ਪਰ ਆਖਰ ਭਾਣਾ ਮੰਨਣਾ ਪਿਆ। ਲੁਧਿਆਣੇ ਦਾ ਦਇਆਨੰਦ ਹਸਪਤਾਲ, ਅੰਮ੍ਰਿਤਸਰ ਅਤੇ ਹੋਰ ਜਿੱਥੇ ਵੀ ਕੋਈ ਚੰਗੇ ਡਾਕਟਰ ਦੀ ਦੱਸ ਪੈਂਦੀ ਤਾਂ ਜਾ ਕੇ ਵਿਖਾਉਂਦੇ ਪਰ ਡਾਕਟਰਾਂ ਦਾ ਇੱਕੋ ਜਵਾਬ ਹੁੰਦਾ ਕਿ ਪਿੱਛੋਂ ਨਿਗਾਹ ਖਤਮ ਹੋ ਚੁੱਕੀ ਹੈ, ਇਸ ਲਈ ਆਪਰੇਸ਼ਨ ਦਾ ਕੋਈ ਫਾਇਦਾ ਨਹੀਂ।

ਬੇਬੇ ਦੇ ਪੋਤਰੇ ਬਲਿਹਾਰ ਸਿੰਘ ਨੇ ਦੱਸਿਆ ਕਿ ਇੱਕ ਵੇਰ ਸਾਡੇ ਪਿੰਡ ਸੰਤ ਨਗਰ ਕੁਝ ਦਿਨਾਂ ਲਈ ਅੱਖਾਂ ਦਾ ਕੈਂਪ ਲੱਗਿਆ। ਚਾਰ ਵੱਡੇ ਡਾਕਟਰਾਂ ਦਾ ਡੇਰਾ ਸਾਡੇ ਘਰ ਸੀ। ਉਸ ਵੇਲੇ 1998 ਈ. ਵਿੱਚ ਸਾਡੀ ਵੱਡੀ ਬੇਬੇ (ਪੜਦਾਦੀ) ਦੀ ਉਮਰ ਕਰੀਬ ਸੌ ਸਾਲ ਦੀ ਸੀ। ਉਸ ਦੀ ਨਿਗ੍ਹਾ ਵੀ ਬਹੁਤ ਘੱਟ ਗਈ ਸੀ। ਡਾਕਟਰਾਂ ਚੈੱਕ ਕਰਕੇ

ਆਖਿਆ ਕਿ "ਵੱਡੀ ਬੇਬੇ ਈਸ਼ਰ ਕੌਰ ਦੀ ਨਿਗਾਹ ਤੇ ਬਣ ਸਕਦੀ ਹੈ ਪਰ ਬੇਬੇ ਗੁਰਦੀਪ ਕੌਰ ਦੀ ਨਹੀਂ ਬਣ ਸਕਦੀ।"

ਅੱਗੋਂ ਵਾਰਤਾ ਬੇਬੇ ਨੇ ਜਾਰੀ ਰੱਖੀ "ਸਤਿਗੁਰੂ ਜਗਜੀਤ ਸਿੰਘ ਜੀ ਜਦੋਂ ਵੀ ਇਲਾਕਾ ਜੀਵਨ ਨਗਰ ਵਿੱਚ ਕਿਰਪਾ ਕਰਦੇ ਤਾਂ ਸਾਨੂੰ ਘਰ ਦਰਸ਼ਨ ਦੇ ਜਾਂਦੇ। ਮੈਂ ਚਰਨ ਪਰਸਦੀ ਪਰ ਦਰਸ਼ਨ ਨਾ ਹੁੰਦੇ। ਮੈਂ ਅਰਦਾਸਾਂ ਕਰਦੀ ਸੱਚੇ ਪਾਤਸ਼ਾਹ ਕਿਰਪਾ ਕਰੋ ਮਰਨ ਤੋਂ ਪਹਿਲਾਂ ਇੱਕ ਵੇਰ ਨਿਗ੍ਹਾ ਬਖ਼ਸ਼ ਦਿਓ। ਮੈਂ ਇੱਕ ਵਾਰ ਦਰਸ਼ਨ ਕਰ ਲਵਾਂ ਫੇਰ ਭਾਵੇਂ ਸਰੀਰ ਚੱਲ ਜਾਵੇ। ਮੇਰੀ ਅੰਤਿਮ ਭਾਵਨਾ ਪੂਰੀ ਕਰੋ।

ਅਕਤੂਬਰ 1998 ਵਿੱਚ ਸਤਿਗੁਰੂ ਸੱਚੇ ਪਾਤਸ਼ਾਹ ਸਾਡੇ ਘਰ ਕ੍ਰਿਪਾ ਕੀਤੀ। ਮੈਂ ਚਰਨ ਪਰਸੇ, ਪਾਸ ਖੜ੍ਹੇ ਗੁਰਦੇਵ ਸਿੰਘ, ਸੁਖਦੇਵ ਸਿੰਘ ਨਾਲ ਬਚਨ ਕੀਤਾ ਕਿ ਮਾਤਾ ਨੂੰ ਇੱਕ ਵੇਰ ਚੰਡੀਗੜ੍ਹ ਵਿਖਾ ਕੇ ਵੇਖ ਲਵੋ। ਅਪ੍ਰੇਸ਼ਨ ਕਰਵਾ ਕੇ, ਜੇ ਨਿਗ੍ਹਾ ਪਰਤ ਆਵੇ ਤਾਂ। ਪਰ ਸੱਚੇ ਪਾਤਸ਼ਾਹ ਦੇ ਬਚਨ ਵੱਲ ਕਿਸੇ ਖ਼ਾਸ ਗ਼ੌਰ ਨਾ ਕੀਤਾ। ਇਹ ਕਹਿਣ 25 ਸਾਲ ਹੋ ਗਏ ਹਨ। ਵੱਡੇ ਵੱਡੇ ਡਾਕਟਰਾਂ ਨੂੰ ਵਿਖਾ ਲਿਆ ਹੈ, ਸਭ ਨੇ ਜਵਾਬ ਦੇ ਦਿੱਤਾ ਹੈ, ਹੁਣ ਕਿੱਥੇ ਨਿਗਾਹ ਬਣਨੀ ਹੈ।

ਮੁੜ ਬਲਿਹਾਰ ਸਿੰਘ ਨੇ ਕਿਹਾ ਮਹੀਨਾ ਕੁ ਪਹਿਲਾਂ, ਬੇਬੇ ਮੈਨੂੰ ਆਖਣ ਲੱਗੀ, 'ਪੁੱਤਰਾ, ਸਤਿਗੁਰਾਂ ਨੇ ਇੱਕ ਵਾਰ ਬਚਨ ਕੀਤਾ ਸੀ ਕਿ ਚੰਡੀਗੜ੍ਹ ਵਿਖਾ ਲਓ। 10 ਸਾਲ ਹੋ ਗਏ ਹਨ। ਆਪਾਂ ਬਚਨ ਤੇ ਫੁੱਲ ਨਹੀਂ ਚੜ੍ਹਾਏ, ਕੀ ਪਤਾ ਕਿਰਪਾ ਹੋ ਜਾਵੇ। ਮੈਨੂੰ ਚੰਡੀਗੜ੍ਹ ਲਿਜਾ ਕੇ ਕਿਸੇ ਡਾਕਟਰ ਨੂੰ ਵਖਾ ਲਓ। ਅਸੀਂ ਚੰਡੀਗੜ੍ਹ ਵਿਖੇ ਗਰੇਵਾਲ ਹਸਪਤਾਲ ਵਿੱਚ ਗੱਲ ਕੀਤੀ। ਚੈੱਕ ਕਰਵਾਇਆ ਡਾਕਟਰ ਨੇ ਕਿਹਾ, ਜੇ ਤੁਸੀਂ ਕਹਿੰਦੇ ਹੋ ਤਾਂ ਅਪ੍ਰੇਸ਼ਨ ਕਰ ਵੇਖਦੇ ਹਾਂ। ਪਰ 35 ਵਰ੍ਹਿਆਂ ਬਾਅਦ ਨਿਗ੍ਹਾ ਪਰਤਣ ਦੀ ਉਮੀਦ ਕੋਈ ਨਹੀਂ।

'ਡਾਕਟਰ ਸਾਹਿਬ, ਤੁਸੀਂ ਅਪ੍ਰੇਸ਼ਨ ਕਰੋ ਸਾਡੇ ਸਤਿਗੁਰਾਂ ਦਾ ਬਚਨ ਹੋਇਆ ਹੈ, ਕਿਰਪਾ ਉਹਨਾਂ ਕਰਨੀ ਹੈ। ਤੁਸੀਂ ਆਪਣਾ ਫਰਜ ਨਿਭਾਓ। ਬੇਬੇ ਨੇ ਬੜੇ ਵਿਸ਼ਵਾਸ ਨਾਲ ਡਾਕਟਰ ਸਾਹਿਬ ਨੂੰ ਆਖਿਆ। ਅਪਰੇਸ਼ਨ ਤੋਂ ਬਾਅਦ ਜਦੋਂ ਅੱਖਾਂ ਤੋਂ ਪੱਟੀ ਖੋਲ੍ਹੀ ਤਾਂ ਬੇਬੇ ਦੀ ਖੁਸ਼ੀ ਅਤੇ ਡਾਕਟਰਾਂ ਦੀ ਹੈਰਾਨੀ ਦੀ ਹੱਦ ਨਾ ਰਹੀ। ਬੇਬੇ ਪੂਰੀ ਤਰ੍ਹਾਂ ਠੀਕ ਵੇਖ ਸਕਦੀ ਸੀ। ਅੱਜ ਹਸਪਤਾਲੋਂ ਸਿੱਧੇ ਇੱਥੇ

# ਆਯੁਰਵੇਦ ਰਾਹੀਂ ਅਰੋਗਤਾ

ਰੋਗ ਹੋਣ ਤੋਂ ਪਹਿਲਾਂ ਹੀ ਰੋਕਥਾਮ ਕਰਨਾ ਸਮਝਦਾਰੀ ਹੁੰਦੀ ਹੈ। ਰੋਕਥਾਮ ਕਰਨ ਵਿੱਚ ਸਰੀਰ ਦੀ ਰੋਗਾਂ ਪ੍ਰਤੀ ਲੜਨ ਦੀ ਸਮਰੱਥਾ (Immunity) ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਅੱਜ ਕੱਲ ਕੋਰੋਨਾ ਵਾਇਰਸ ਜਾਂ ਕੋਵਿਡ-19 ਮਹਾਂਮਾਰੀ ਦੇ ਚਲਦਿਆਂ ਆਪਣੀ ਰੋਗਾਂ ਨਾਲ ਲੜਨ ਦੀ ਸ਼ਕਤੀ ਵਧਾਉਣ ਲਈ ਆਯੁਰਵੇਦ ਅਨੁਸਾਰ ਇਹ ਉਪਰਾਲੇ ਕੀਤੇ ਜਾ ਸਕਦੇ ਹਨ-

· ਸੂਰਜ ਚੜ੍ਹਨ ਤੋਂ ਪਹਿਲਾਂ ਉੱਠ ਕੇ ਯੋਗਾ ਖਾਸ ਕਰ ਪ੍ਰਾਣਾਯਾਮ ਦਾ ਅਭਿਆਸ ਕਰਨਾ ਲਾਹੇਵੰਦ ਹੈ।
· ਭੋਜਨ ਵਿੱਚ ਜ਼ੀਰਾ, ਧਣੀਆਂ, ਲਸਣ, ਦਾਲਚੀਨੀ, ਹਲਦੀ ਆਦਿ ਮਸਾਲਿਆਂ ਦਾ ਪ੍ਰਯੋਗ ਕਰੋ।
· ਦਿਨ ਵਿੱਚ 6-7 ਵਾਰ ਕੋਸਾ ਪਾਣੀ ਜ਼ਰੂਰ ਪੀਓ।
· ਗੋਲਡਨ ਮਿਲਕ- ਦਿਨ ਵਿੱਚ 1 ਜਾਂ 2 ਵਾਰ 150 ਮਿ.ਲੀ. ਗਰਮ ਦੁੱਧ + ਅੱਧਾ ਛੋਟਾ ਚਮਚਾ ਹਲਦੀ ਦਾ ਸੇਵਨ ਕਰੋ।
· ਨਾਸਿਕਾਵਾਂ (ਨਾਸਾਂ) ਵਿੱਚ ਸਵੇਰੇ-ਸ਼ਾਮ ਨਾਰੀਅਲ ਦਾ ਤੇਲ ਜਾਂ ਦੇਸੀ ਘਿਉ ਲਗਾਓ।
· ਸਿੱਧੇ ਜਾਂ ਅਸਿੱਧੇ (ਚਵਨਪ੍ਰਾਸ਼) ਰੂਪ ਵਿਚ ਆਮਲੇ ਦਾ ਸੇਵਨ ਕਰਨਾ ਚਾਹੀਦਾ ਹੈ।

ਡਾ. ਕਮਲਦੀਪ ਕੌਰ ਕੂਕਾ
BAMS, NDDY, PGDHHM, PGDMLS
ਆਯੁਰਵੈਦਿਕ ਮੈਡੀਕਲ ਅਫ਼ਸਰ
ਜ਼ਿਲ੍ਹਾ ਹਸਪਤਾਲ, ਫਰੀਦਕੋਟ (ਪੰਜਾਬ)
ਫੋਨ: +91-95010156
ਈਮੇਲ: kamaldeepkaurkuka@gmail.com

# A Saga Of
# Sri Satguru Jagjit Singh Ji

Dr. Sharada Jayagovind

The Satguru never missed an opportunity to impress on world leaders the need for disarmament and said that powerful nations should lead the way and dump all their nuclear weapons in the ocean. He said that only a person who is at peace with himself can spread peace in the world. Acceptance of others as they are and tolerance towards other religions and cultures was central to his philosophy of life. He subscribed to Guru Gobind Singh Ji's views:

"Some are Hindus, some are Muslims, some are rafjis, imams and satis. But all belong to one race called humanity." According to the Satguru, if we follow the teachings of Guru Nanak, all the quarrels in the world will end.
Satguru Jagjit Singh ji said:

"We should get together in the form of sadh sangat regularly. We must not harbor ill feelings or negativity against others. We must try to rise above personal grudges. We should pray to Satguru to relieve us of the burden of jealousy, hatred, and animosity so that we can have peace of mind and happiness."

Patshaji was of the view that man's material and technological advancement is remarkable but it is of no use if the person sits in an air-conditioned room and is burning with jealousy about another's achievement or prosperity. Cleaning the mind of kaam, krodh and other baser instincts is the first step towards attaining inner peace. Naam simran, seva and surrender at the feet of the Guru purifies the mind. Such a mind can spread its happiness to the outer world.

Patsha ji brought a spiritual perspective to the World Peace Summits where he was a very respected leader. He laid the foundation of the Temple of Peace in Rajburi, Thailand on 19" October, 1978 and observed that silence and non-violence are signs of peace and happiness

At the World Peace Summit held in the Assembly Hall of the United Nations Organisation (UNO) at New York in August 2000, Satguru Jagjit Singh ji addressed two thousand leaders from ninety countries. His message for world peace was:

"We must donate something from our rights; we should never snatch others' rights, but should rather guard the rights of others. This approach will end all quarrels in the world."

When some religious leaders asked Patshaji:

"Why do you join hands with Russians, atheists and Communists for world peace?"

Patshaji answered:

"When your house is burning, if a Communist or a Muslim brings water to put out the fire, would you reject his gesture and let your house burn?"

He perceived that world peace was the collective responsibility of all human beings.

Patshaji used to quote from the Gurbani:

"O Nanak! When you forsake your ego and remain humble, you attain all the happiness and peace."

This is what the entire world is seeking. Patsha ji asks:

"When Guru Nanak Dev has given us the formula to attain peace, still why is it difficult to achieve this?"

Patsha ji answers his own question:

"It is our attachment to this world. It is the illusion or maya, which prevents us from attaining peace."

He said naam and ego are enemies and maya and ego are friends. Hence if we make naam our friend, ego will vanish and we can attain peace.

Instead of indulging in gossip, slander and jealousy, Patsha ji wants us to seek the meaning of life and attain spiritual success.

to be continued

# ਅਨੰਦ ਸ਼ਤਾਬਦੀ ਬੜੀ ਸ਼ਾਨ ਨਾਲ ਮਨਾਈ ਗਈ
# 3 ਜੂਨ 1863 ਪਿੰਡ ਖੋਟੇ ਵਿਖੇ

ਮਾ. ਨਿਹਾਲ ਸਿੰਘ

**ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ ਦੇ ਸੰਧਰਭ ਵਿੱਚ –ਸਤਿਜੁਗ ਦੇ ਖਜਾਨੇ ਵਿਚੋਂ**

ਨਾਮਧਾਰੀ ਸਮਾਜ ਵਿੱਚ ਸਾਲ 2020 ਈ. ਵਿੱਚ ਦੋ ਮਹੱਤਵਪੂਰਨ ਸ਼ਤਾਬਦੀਆਂ ਹਨ। ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ ਅਤੇ ਨਾਮਧਾਰੀ ਪੰਥ ਦਾ ਪਰਚਾ ਸਤਿਜੁਗ ਦੀ ਅਰੰਭਤਾ ਦਾ 100 ਵਾਂ ਵਰ੍ਹਾ। 3 ਜੂਨ 1963 ਨੂੰ ਪਿੰਡ ਖੋਟੇ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਮਨਾਈ ਗਈ ਅਨੰਦ ਕਾਰਜ ਸ਼ਤਾਬਦੀ ਦੀ ਰਿਪੋਰਟ ਮੁੜ ਪ੍ਰਕਾਸ਼ਿਤ ਕਰਨ ਦੇ ਤਿੰਨ ਮਨੋਰਥ ਹਨ। ਪਹਿਲਾ: ਸਤਿਜੁਗ ਦੀ ਸ਼ਤਾਬਦੀ ਦੇ ਸਬੰਧ ਵਿੱਚ ਸਤਿਜੁਗ ਦੇ ਖਜਾਨੇ ਚੋਂ ਇਤਿਹਾਸ ਪੇਸ਼ ਕਰਨਾ।

ਦੂਸਰਾ ਹੈ: ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਤਾ ਕਾਲ ਦੇ ਮਹੱਤਵਪੂਰਨ ਕਾਰਜਾਂ ਦੀ ਚਰਚਾ ਕਰਨਾ ਅਤੇ ਤੀਸਰਾ ਹੈ– ਤੇ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ 2020 ਤੇ 100 ਇਕੱਠੇ ਅਨੰਦ ਕਾਰਜ ਕਰਨ ਲਈ ਸੰਗਤ ਨੂੰ ਪ੍ਰੇਰਣਾਂ ਦੇਣਾ। ਇਨ੍ਹਾਂ ਤਿੰਨ ਉਦੇਸ਼ਾਂ ਨੂੰ ਮੁੱਖ ਰੱਖ ਕੇ ਪੰਥ–ਰਤਨ ਮਾਸਟਰ ਨਿਹਾਲ ਸਿੰਘ ਜੀ ਅਤੇ ਸਾਹਿਤ–ਰਤਨ ਕਵੀ ਪ੍ਰੀਤਮ ਸਿੰਘ ਜੀ ਦੁਆਰਾ ਲਿਖੀ 3 ਜੂਨ 1963 ਦੇ ਅਨੰਦ ਕਾਰਜ ਸ਼ਤਾਬਦੀ ਮੇਲੇ ਦੀ ਇਤਿਹਾਸਕ ਰਿਪੋਰਟ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 12 ਮਾਰਚ 1963 ਨੂੰ ਸੰਤ ਨਗਰ ਹੋਲੇ ਮਹੱਲੇ ਦੇ ਭੋਗ ਸਮੇਂ ਹੁਕਮ ਕੀਤਾ ਕਿ 3 ਜੂਨ 1963 ਨੂੰ ਪਿੰਡ ਖੋਟੇ ਵਿਖੇ ਅਨੰਦ ਕਾਰਜ ਸ਼ਤਾਬਦੀ ਮਨਾਉਣੀ ਹੈ। ਮੇਰਾ ਜੀਅ ਕਰਦਾ ਹੈ ਕਿ ਘੱਟੋ–ਘੱਟ 100 ਅਨੰਦ ਕਾਰਜ ਇਕੱਠੇ ਕੀਤੇ ਜਾਣ। ਕ੍ਰੀਬ ਢਾਈ ਮਹੀਨਿਆਂ ਵਿੱਚ ਹੀ ਸੰਗਤ ਨੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਲੈਣ ਲਈ 149 ਅਨੰਦ ਕਾਰਜ ਲਿਖਵਾ ਦਿੱਤੇ। ਹਾਲਾਂਕਿ ਸੰਤ ਨਗਰ ਹੋਲੇ–ਮਹੱਲੇ ਦੇ ਭੋਗ ਤੇ ਵੀ 40 ਅਨੰਦ ਕਾਰਜ ਹੋਏ ਸਨ। ਇਹ ਗਲ ਵੀ ਵਰਨਣ ਯੋਗ ਹੈ ਕਿ 3 ਜੂਨ 1863 ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਸਨਮੁੱਖ ਹੋਏ 6 ਅਨੰਦ ਕਾਰਜ ਅਤੇ 3 ਜੂਨ 1963 ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਹੋਏ 149 ਅਨੰਦ ਕਾਰਜ ਇਤਿਹਾਸ ਦੇ ਪੰਨਿਆਂ ਤੇ ਅਮਰ ਹੋ ਗਏ ਹਨ। ਹੁਣ ਸਤਿਗੁਰੂ ਉਦੇ ਸਿੰਘ ਜੀ ਦੀ ਛਤਰ ਛਾਇਆ ਹੇਠ ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ ਤੇ ਹੋਣ ਵਾਲੇ ਅਨੰਦ ਕਾਰਜ ਇਤਿਹਾਸ ਵਿੱਚ ਸਦਾ ਲਈ ਸੰਭਾਲੇ ਜਾਣਗੇ। ਸਤਿਗੁਰੂ ਉਦੇ ਸਿੰਘ ਜੀ ਨੇ ਹੁਕਮ ਕੀਤਾ ਹੈ ਕਿ ਸੰਗਤ ਹਿੰਮਤ ਕਰੇ ਤਾਂ 200 ਅਨੰਦ ਕਾਰਜ ਵੀ ਹੋ ਸੱਕਦੇ ਹਨ। ਇਸ ਲਈ ਸੰਗਤ ਨੂੰ ਸਨਿਮਰ ਬੇਨਤੀ ਹੈ ਕਿ ਵੱਧ ਤੋਂ ਵੱਧ ਆਪਣੇ ਬੱਚਿਆਂ ਦੇ ਰਿਸ਼ਤੇ ਤੈਅ ਕਰਕੇ ਆਪਣੇ ਸੂਬੇ ਸਾਹਿਬਾਨਾਂ ਨੂੰ ਨੋਟ ਕਰਵਾਉ। ਇਹ ਸਾਮੂਹਿਕ ਅਨੰਦ ਕਾਰਜ ਪ੍ਰੋਗਰਾਮ ਵਿਸ਼ਵ ਪੱਧਰ ਤੇ ਟੈਲੀਵਾਈਜ਼ ਕੀਤਾ ਜਾਵੇਗਾ।

–ਸੰਪਾਦਕ

ਜੇਠ 20–21 (2–3 ਜੂਨ)1963 ਈ. ਨੂੰ ਖੋਟੇ ਪਿੰਡ ਜ਼ਿਲਾ ਫਿਰੋਜ਼ਪੁਰ ਵਿਚ, ਸਤਿਗੁਰਾਂ ਦੀ ਅਪਾਰ ਕਿਰਪਾ ਦੁਆਰਾ ਅਨੰਦ ਸ਼ਤਾਬਦੀ ਹਰ ਪਹਿਲੂ ਤੋਂ ਭਲੀ ਭਾਂਤ ਸਫਲ ਹੋਈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਮਹਾਰਾਜ ਬੀਰ ਸਿੰਘ ਜੀ, ਬੇਬੇ ਚੰਦ ਕੌਰ, ਗੋਦ ਵਿੱਚ ਬੀਬਾ ਸਾਹਿਬ ਕੌਰ ਜੀ, ਬੇਬੇ ਦਲੀਪ ਕੌਰ, ਠਾਕੁਰ ਦਲੀਪ ਸਿੰਘ ਜੀ, ਛੋਟੇ ਤੇ ਮੌਜੀ ਠਾਕੁਰ 'ਮੱਘੋ' ਜੀ ਸੰਗਤਾਂ ਨੂੰ ਨਿਹਾਲ ਕਰਨ ਹਿਤ ਦਰਸ਼ਨ ਦੇ ਰਹੇ ਸਨ। ਹੋਰ ਸੂਬੇ, ਜਥੇਦਾਰ ਸੰਤ, ਮਹੰਤ, ਮਾਨ ਸਰੋਵਰ ਦੇ ਹੰਸਲਿਆ ਵਾਂਗੂੰ ਤਾਰੀਆਂ ਲਾ ਰਹੇ ਸਨ। ਇਸ ਕੜਾਕੇ ਦੀ ਗਰਮੀ ਦੀ ਰੁੱਤ ਵਿੱਚ ਸੰਗਤਾਂ ਤੇ ਅਨੰਦਾਂ ਵਾਲੀਆਂ ਜੋੜੀਆਂ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਹਿਤ, ਪੰਜਾਬ ਦੇ ਸਮੂਹ ਜਿਲਿਆਂ ਅਤੇ ਹਿਮਾਚਲ ਪ੍ਰਦੇਸ਼, ਰਾਜਸਥਾਨ, ਯੂ. ਪੀ., ਬੰਬਈ, ਬੰਗਾਲ, ਅਫਰੀਕਾ ਤੇ ਸਿਆਮ ਆਦਿ ਤੋਂ ਪੁੱਜੀਆਂ। ਨਗਰ ਵਾਸੀ ਮਾਈਆਂ ਤੇ ਭਾਈਆਂ ਬੜੇ ਉਤਸ਼ਾਹ ਨਾਲ ਸੇਵਾ ਵਿਚ ਹੱਥ ਵਟਾਇਆ। ਜਿੱਥੇ ਨਾਮਧਾਰੀ ਸੂਬੇ ਤੇ ਜਥੇਦਾਰ, ਇਸ ਮੌਕਿਆ ਤੇ ਧੰਨ ਭਾਗ ਜਾਣ ਰਹੇ ਸਨ, ਓਥੇ ਸ੍ਰੀ ਕੇਸੋ ਰਾਮ ਜੀ ਜਿਹੜੇ 1915 ਤੋਂ 1957 ਤੱਕ ਜਪਾਨ ਜਲਾਵਤਨ ਰਹੇ ਹਨ ਉਨ੍ਹਾਂ ਇਸ ਮੇਲੇ ਦੀ ਬੜੀ

ਪ੍ਰਸ਼ੰਸਾ ਕੀਤੀ। 20 ਜੇਠ 2 ਜੂਨ ਵਾਲੇ ਦਿਨ ਅੰਮ੍ਰਿਤ ਵੇਲੇ ਆਸਾ ਜੀ ਦੇ ਵਾਰੇ ਤੋਂ ਸਮਾਗਮ ਅਰੰਭ ਹੋਇਆ ਅਤੇ ਸਾਰਾ ਦਿਨ ਰੱਬੀ ਬਾਣੀ ਦੀ ਰਿਮ ਝਿਮ ਵਰਖਾ ਹੁੰਦੀ ਰਹੀ। ਸਮੂਹ ਜਥੇਦਾਰਾਂ ਤੇ ਪ੍ਰਚਾਰਕਾਂ ਬੜੇ ਪ੍ਰੇਮ ਨਾਲ ਅਨੰਦ ਦੀ ਮਰਯਾਦਾ ਬਾਰੇ, ਰੱਬੀ ਕੀਰਤਨ ਕਰਦਿਆਂ ਅਤੇ ਉਸਦੀ ਵਿਆਖਿਆ ਕਰਦਿਆਂ ਸੰਗਤਾਂ ਨੂੰ ਨਿਹਾਲ ਕੀਤਾ।

ਪਿਛਲੇ ਪਹਿਰ ਦੇ ਦੀਵਾਨ ਵਿਚ ਪੰਡਿਤ ਗੋਪਾਲ ਸਿੰਘ ਜੀ ਅਵਤਾਰ ਵਾਦ ਤੇ ਬੜੀ ਪ੍ਰਭਾਵਸ਼ਾਲੀ ਤਕਰੀਰ ਕੀਤੀ। ਆਪ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਨਦੇੜ ਪਿਛੋਂ ਦੇ ਨਰ ਨਾਟਕ ਨੂੰ ਬੜੇ ਸੁਚਜੇ ਢੰਗ ਨਾਲ ਦੱਸਿਆ ਤੇ ਸਿੱਧ ਕੀਤਾ ਕਿ ਗੁਰੂ ਜੀ ਸਿੱਖਾਂ ਦੀ ਸਹਾਇਤਾ ਤੇ ਅਗਵਾਈ ਕਰਦੇ ਰਹੇ। ਗੁਰੂ ਜੀ ਨੇ ਗੁਰਤਾ-ਗੱਦੀ ਗੁਰੂ ਬਾਲਕ ਸਿੰਘ ਜੀ ਨੂੰ ਸੌਂਪ ਦਿਤੀ ਅਤੇ ਕਹਿਆ ਕਿ ਅਸੀਂ ਰਾਮ ਸਿੰਘ ਦੇ ਰੂਪ ਵਿਚ ਲਵਾਂਗੇ। ਆਪ ਨੇ ਫੁਰਮਾਇਆ ਕਿ ਰੂਹਾਨੀਅਤ ਦਾ ਚਸ਼ਮਾਂ ਪਰੰਪਰਾ ਤੋਂ ਜਾਰੀ ਹੈ, ਤੇ ਜਾਰੀ ਰਹੇਗਾ। ਉਨ੍ਹਾਂ ਲੋਕਾਂ ਨੂੰ ਭੁਲੇਖਾ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਪਹਿਲਾ ਇਹ ਸੋਮਾ ਨਹੀਂ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪਿਛੋਂ ਬੰਦ ਹੋ ਗਿਆ। ਮਾਸ ਤੇ ਸ਼ਰਾਬ ਖਾਣ ਪੀਣ ਅਤੇ ਉਨਾਂ ਦੋਸ਼ਾਂ ਨੂੰ ਇਸ ਢੰਗ ਨਾਲ ਦੱਸਿਆ ਕਿ ਪੰਡਿਤ ਜੀ ਦੇ ਭਾਸ਼ਣ ਉਪ੍ਰੰਤ 112 ਇਸਤਰੀ, ਪੁਰਸ਼ਾਂ ਮਾਸ ਸ਼ਰਾਬ ਦਾ ਤਿਆਗ ਕਰ, ਭਜਨ ਪੁਛਿਆ ਅਤੇ ਅੰਮ੍ਰਿਤ ਛਕਣ ਦਾ ਪ੍ਰਣ ਕੀਤਾ। ਨਾਮ ਸਿਮਰਨ ਸਮੇਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪਵਿੱਤਰ ਉਪਦੇਸ਼ ਟੇਪ ਰੀਕਾਰਡ ਦੁਆਰਾ ਸੁਣਾਇਆ ਗਇਆ। ਸਾਰੀ ਰਾਤ ਪੰਡਾਲ ਵਿੱਚ ਕੀਰਤਨ ਹੁੰਦਾ ਰਹਿਆ।

21 ਜੇਠ 3 ਜੂਨ ਨੂੰ ਅੰਮ੍ਰਿਤ ਵੇਲੇ 2 ਵਜੇ ਸੰਤ ਪ੍ਰੀਤਮ ਸਿੰਘ ਜੀ ਪੱਦੀ, ਸੰਤ ਪ੍ਰੀਤਮ ਸਿੰਘ ਜੀ ਦਿੱਲੀ, ਤੇ ਸੰਤ ਨਗਰ, ਸ੍ਰੀ ਜੀਵਨ ਨਗਰ ਤੇ ਹੋਰ ਵਾਰੇ ਵਾਲੇ ਜਥਿਆਂ ਮਿਲਕੇ ਵਾਰਾ ਲਾਇਆ। ਵਾਰੇ ਉਪਰੰਤ ਇਸ ਸਾਦਗੀ ਤੇ ਸਤਿਜੁਗੀ ਮਰਿਯਾਦਾ ਨੂੰ ਵੇਖਦਿਆਂ ਸ੍ਰ. ਅਵਤਾਰ ਸਿੰਘ ਜੀ ਫੁਰਮਾਇਆ ਇਹ ਸ਼ਤਾਬਦੀ ਮਨਾਈ ਜਾਂਦੀ ਵੇਖਕੇ ਮੈਨੂੰ ਖੁਸ਼ੀ ਹੋ ਰਹੀ ਹੈ। ਨਾਮਧਾਰੀ ਲਹਿਰ ਦੇਸ਼-ਭਗਤੀ, ਗੁਰਮਤ ਪ੍ਰਚਾਰ ਦੀ ਲਹਿਰ ਹੈ ਅਤੇ ਸਮਾਜਕ ਬੁਰਾਈਆਂ ਦਾ ਖੁਰਾ ਖੋਜ ਮਿਟਾਉਣ ਵਾਲੀ ਹੈ। ਇਸ ਲਹਿਰ ਤੋਂ ਹਕੂਮਤ ਦੇ ਪੱਖੀ ਭਾਵੇਂ ਕਈ ਸਵਾਰਥੀ ਦੁਖੀ ਸਨ, ਮਗਰ ਇਹੋ ਨਮੂੰਨੇ ਦੀ ਲਹਿਰ ਸੀ।

ਸ੍ਰ: ਸਾਧੂ ਸਿੰਘ ਜੀ 'ਹਮਦਰਦ' ਨੇ ਕਿਹਾ ਕਿ ਮੈਂ ਇਸ ਅਗਾਂਹ-ਵਧੂ ਅਨੰਦ ਦੀ ਰਸਮ ਨੂੰ ਵੇਖਣ ਲਈ ਆਇਆ ਹਾਂ। ਆਓ ਅਸੀਂ ਸਾਰੇ ਇਥੋਂ ਨਵੀਂ ਸਪਿਰਟ ਲੈਕੇ ਜਾਈਏ।

ਸ੍ਰ. ਜਗਜੀਤ ਸਿੰਘ ਜੀ 'ਅਨੰਦ' ਨੇ ਕਿਹਾ ਕਿ ਗੁਰੂ ਰਾਮ ਸਿੰਘ ਜੀ ਇਨਕਲਾਬੀ ਗੁਰੂ ਹੋਏ ਹਨ, ਜਿਨ੍ਹਾਂ ਅਲੌਕਿਕ ਗੱਲਾਂ ਦਸੀਆਂ। ਮੈਂ ਇਨ੍ਹਾਂ ਜੋੜੀਆਂ ਨੂੰ ਸ਼ੁਭ ਇੱਛਾ ਭੇਟ ਕਰਦਾ ਹੋਇਆ ਅਰਦਾਸ ਕਰਦਾ ਹਾਂ, ਕਿ ਇਹ ਜੋੜੀਆਂ ਕਦਮ ਮਿਲਾਕੇ ਚਲਣ ਤੇ ਦੇਸ਼ ਨੂੰ ਅਸਲ ਟੀਚੇ ਤੇ ਪਹੁੰਚਾਣ ।

ਮਾਸਟਰ ਨਿਹਾਲ ਸਿੰਘ ਜੀ ਨੇ ਵਰਨਣ ਕੀਤਾ ਕਿ ਸਤਿਗੁਰੂ ਰਾਮ ਸਿੰਘ ਦੀ ਹਰੇਕ ਮਰਯਾਦਾ ਅਤੇ ਰੀਤੀ ਸੰਸਾਰ ਨਾਲੋਂ ਵਿਲੱਖਣ ਹੈ ਅਤੇ ਖਾਸ ਮਹਾਨਤਾ ਰੱਖਦੀ ਹੈ। ਉਨ੍ਹਾਂ ਕਹਿਆ ਕਿ ਮੈਨੂੰ ਇਸ ਅਨੰਦ ਦੀ ਮਰਯਾਦਾ ਵਿਚੋਂ ਸੋਸ਼ਲਿਜ਼ਮ ਦੀ ਸੁਗੰਧੀ ਆਉਂਦੀ ਹੈ। ਅਸੀਂ ਵੇਖ ਰਹੇ ਹਾਂ ਕਿ ਏਥੇ ਅਮੀਰ ਘਰਾਨਿਆਂ ਦੇ ਬੱਚੇ, ਕਿਰਤੀ ਘਰਾਨਿਆਂ ਦੇ ਬੱਚੇ, ਪੜ੍ਹੇ ਲਿਖੇ ਅਤੇ ਅਨਪੜ੍ਹ ਬੱਚੇ ਇੱਕੋ ਜਹੇ ਸਾਦੇ ਪਹਿਰਾਵੇ ਵਿੱਚ ਇੱਕੋ ਥਾਂ ਬੈਠੇ ਗੁਰੂ ਜੀ ਦੀਆਂ ਖੁਸ਼ੀਆਂ ਲੈ ਰਹੇ ਹਨ।

**ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ--** ਪਵਿਤ੍ਰ ਉਪਦੇਸ਼ ਬਖ਼ਸ਼ਦਿਆਂ ਫੁਰਮਾਇਆ ਕਿ ਸਤਿਗੁਰੂ



ਦਾ ਪ੍ਰਾਦਰ ਭਾਵ ਸੰਸਾਰ ਵਿਚ ਖੋਟੇ ਕਰਮ ਵਧਣ ਕਾਰਨ ਸਦ ਮਾਰਗ ਤੇ ਤੋਰਨ ਲਈ ਹੁੰਦਾ ਹੈ। ਸਤਿਗੁਰੂ ਰਾਮ ਸਿੰਘ ਦਾ ਪ੍ਰਾਦਰ ਭਾਵ ਵੀ ਉਨ੍ਹਾਂ ਹਾਲਾਤ ਵਿੱਚ ਹੋਇਆ। ਸਾਡਾ ਫਰਜ਼ ਹੈ, ਅਸੀਂ ਉਨ੍ਹਾਂ ਦੇ ਪੂਰਨਿਆਂ ਤੇ ਚੱਲੀਏ। ਸਤਿਗੁਰਾਂ ਨੇ ਸਤਿਜੁਗੀ ਮਰਿਯਾਦਾ ਤੋਰੀ। ਇਸ ਢੰਗ ਨਾਲ ਲੱਖਾਂ ਰੁਪਇਆਂ ਦੀ ਬੱਚਤ ਹੁੰਦੀ ਹੈ। ਅਸੀਂ ਵੱਡੇ ਦਿਲ ਤੋਂ ਕੰਮ ਲੈਣਾ ਹੈ। ਸਭ ਨੂੰ ਮਿਲਕੇ ਕੰਮ ਕਰਨਾ

ਚਾਹੀਦਾ ਹੈ। ਗਊ ਰਖਸ਼ਾ ਬਾਰੇ ਆਪ ਨੇ ਫੁਰਮਾਇਆ ਕਿ ਮੈਂ ਗਊ ਰੱਖਿਆ ਦਾ ਹਾਮੀ ਹਾਂ। ਮਗਰ ਮੈਂ ਕਹਿੰਦਾ ਹੁੰਦਾ ਹਾਂ ਕਿ ਹਰ ਪਾਰਟੀ ਗਊਆਂ ਨੂੰ ਬੁਚੜਾ ਕੋਲ ਨਾ ਵੇਚਣ ਦਾ ਪ੍ਰਣ ਕਰੇ, ਮੈਂ ਨਾਮਧਾਰੀਆਂ ਦਾ ਜ਼ਿੰਮਾ ਲੈਂਦਾ ਹਾਂ, ਦੂਜੀਆਂ ਪਾਰਟੀਆਂ ਦੇ ਮੁੱਖੀ ਉਨ੍ਹਾਂ ਦਾ ਜ਼ਿੰਮਾ ਲੈਣ। ਅੱਗੇ ਆਪ ਨੇ ਫੁਰਮਾਇਆ ਕਿ ਸਾਨੂੰ ਕੋਈ ਐਸਾ ਵਿਧਾਨ ਬਨਾਉਣਾ ਚਾਹੀਦਾ ਹੈ, ਜਿਸ ਨਾਲ ਮਿਲਕੇ ਬਜ਼ੁਰਗਾਂ ਦੇ ਦਿਨ ਦਿਹਾੜੇ ਮਨਾਈਏ। ਸਾਨੂੰ ਨਾਮ ਸਿਮਰਨ ਵੱਲ ਵੀ ਪੂਰਾ ਧਿਆਨ ਦੇਣਾ ਚਾਹੀਦਾ ਹੈ, ਨਾਮ ਸਿਮਰਨ ਸਭ ਰੋਗਾਂ ਦਾ ਦਾਰੂ ਹੈ। ਸਤਿਗੁਰਾਂ ਨੇ ਰੋਟੀ ਦੀ ਸਾਂਝ ਵਾਲਿਆਂ ਨਾਲ ਬੇਟੀ ਦੀ ਸਾਂਝ ਕਾਇਮ ਕੀਤੀ, ਅੱਜ ਤੋਂ ਸੌ ਸਾਲ ਪਹਿਲਾਂ ਤਰਖਾਣ ਦੀ ਲੜਕੀ ਅਰੋੜਿਆਂ ਨਾਲ ਤੇ ਦਰਜੀਆਂ ਦੀ ਲੜਕੀ ਦਾ ਅਨੰਦ ਕਾਰਜ ਕਿਸੇ ਦੂਜੇ ਸਿੱਖ ਦੇ ਬੱਚੇ ਨਾਲ ਕਰ ਦਿੱਤਾ। ਸਤਿਗੁਰਾਂ ਦਾ ਵਿਧਵਾ ਵਿਆਹ ਕਰਵਾਉਣ ਦਾ ਬਚਨ ਮੰਨ ਪੁੱਤਾਂ ਵਾਲੀਆਂ ਵਿਧਵਾ ਬੀਬੀਆਂ ਨੇ ਆਪਣੇ ਅਨੰਦ ਕਾਰਜ ਕਰਵਾ ਲਏ। ਲਾਲ ਸਿੰਘ, ਧੰਨਾ ਸਿੰਘ ਗੁਮਟੀ ਵਾਲਿਆਂ ਲਾਵਾਂ ਪੜ੍ਹੀਆਂ ਤੇ ਮਾਤਾ-ਪਿਤਾ ਨੇ ਫੇਰੇ ਲਏ, ਅੱਜ ਵੀ ਇੱਕ ਵਿਆਹੁਤਾ ਸੱਜਣ, ਅਨੰਦ ਕਾਰਜ ਵਿੱਚ ਸ਼ਾਮਲ ਹੋ ਰਹਿਆ ਹੈ। ਅੰਤ ਨੂੰ ਆਪ ਫਿਰ ਨਾਮ-ਸਿਮਰਨ ਵਾਸਤੇ ਹੁਕਮ ਬਖਸ਼ਿਆ।

ਸਤਿਗੁਰਾਂ ਦੇ ਪਵਿੱਤਰ ਉਪਦੇਸ਼ ਉਪਰੰਤ, ਲਾਵਾਂ ਅਨੰਦ ਕਾਰਜਾਂ ਦਾ ਸਮਾਗਮ ਅਰੰਭ ਹੋਇਆ। 200 ਫੁੱਟ ਅਨੰਦਾਂ ਦੇ ਘੇਰੇ ਦੀ ਵੇਦੀ ਸੀ, ਜਿਸ ਵਿਚ ਸਤਿਗੁਰਾਂ ਦੀਆਂ



ਖੁਸ਼ੀਆਂ ਦੀਆਂ ਪਾਤਰ ਜੋੜੀਆਂ ਬੈਠੀਆਂ ਸਨ। ਕੇਂਦਰ ਵਿਚ ਹਵਨ ਦੀ ਅਗਨੀ ਪ੍ਰਚੰਡ ਸੀ। ਆਕਾਸ਼ ਨੂੰ ਸੁਗੰਧੀ ਭਰਪੂਰ ਲਪਟਾਂ ਛੂਹ ਰਹੀਆਂ ਸਨ। ਗਰਮੀ ਤੋਂ ਬਚਾਉਣ



ਵਾਸਤੇ ਛੋਟੇ ਛੋਟੇ ਬਦਲ ਆਕਾਸ਼ ਵਿਚ ਛਤਰੀਆਂ ਲਈ ਖੜੇ ਸਨ। ਕੈਮਰਾ ਮੈਨ, ਇਸ ਅਨੋਖੀ ਰਸਮ ਦੀਆਂ ਤਸਵੀਰਾਂ ਲੈ ਰਹੇ ਸਨ, ਟੈਲੀਵੀਜ਼ਨ ਵਾਲੇ ਪ੍ਰਦੇਸਾਂ ਨੂੰ ਇਹ ਤਸਵੀਰਾਂ ਭੇਜ ਰਹੇ ਸਨ।

ਨਾਮਧਾਰੀ ਸਮਾਜ ਦਾ ਸਿਰ ਮਾਣ ਨਾਲ ਉੱਚਾ ਹੋ ਜਾਂਦਾ ਹੈ, ਜਦ ਉਹ ਸੰਸਾਰ ਨੂੰ ਸੁਨੇਹਾ ਦੇਂਦਾ ਹੈ ਕਿ ਸਾਦਗੀ ਵਿੱਚ ਸੁੰਦਰਤਾ ਹੈ। ਇਸ ਸਾਦਗੀ ਦੇ ਸਵੰਬਰ ਵਿੱਚ ਐਮ.ਏ. ਤੱਕ ਪੜ੍ਹੀਆਂ ਬੀਬੀਆਂ ਅਪਣੇ ਜੀਵਨ ਦੇ ਬਣਨ ਵਾਲੇ ਸਾਥੀ ਨਾਲ ਹਸੂੰ-ਹਸੂੰ ਕਰਦੀਆਂ ਬੈਠੀਆਂ ਸਨ। ਜਦ ਹੀ 'ਹਰਿ ਪਹਿਲੜੀ ਲਾਵ' - ਦੀ ਧੁਨੀ ਨਿਕਲੀ ਇਹ ਸੁਭਾਗੀ ਜੋੜੀਆਂ ਕਦਮ ਚੁੱਕੇ, ਚਿੱਟੇ ਬਸਤਰਾਂ ਵਿਚ, ਨੰਗੇ ਮੂੰਹ ਬਿਨਾਂ ਝਿਜਕ ਲਾਵਾਂ ਲੈ ਰਹੀਆਂ ਬੀਬੀਆਂ ਦੇਵੀਆਂ ਦਿਖਾਈ ਦੇਦੀਆਂ ਸਨ। ਤਿੰਨ ਵਾਰ ਲਾਵਾਂ ਦਾ ਪਾਠ ਹੋਇਆ ਪਹਿਲੀ ਵਾਰੀ 101, ਦੂਜੀ ਵੇਰ 47 ਤੇ ਤੀਜੀ ਵਾਰੀ ਕੇਵਲ ਇੱਕ। ਲਾਵਾਂ ਉਪਰੰਤ ਆਦਿ ਗੁਰੂ ਗਰੰਥ ਸਾਹਿਬ ਦੇ 106 ਪਾਠਾਂ ਦੇ ਭੋਗ ਪਏ 81 ਅਨੰਦ ਕਾਰਜਾਂ ਨਮਿਤ, 22 ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿਘ ਜੀ ਯਾਦ ਵਿੱਚ, ਜਿਨਾਂ ਇਸ ਮਰਯਾਦਾ ਨੂੰ ਸੁਖੈਨ ਤੋਂ ਸੁਖੈਨ ਬਨਾਉਣ ਹਿੱਤ ਬਹੁਤ ਕਿਰਪਾ ਕੀਤੀ। ਅਰਦਾਸ ਪਿਛੋਂ ਸ਼ਬਦ ਆਇਆ:-

ਸੋਰਠਿ ਮਹਲਾ ੫ ॥
ਜਨਮ ਜਨਮ ਕੇ ਦੂਖ ਨਿਵਾਰੈ,
ਸੂਕਾ ਮਨੁ ਸਾਧਾਰੈ ॥
ਦਰਸਨੁ ਭੇਟਤ ਹੋਤ ਨਿਹਾਲਾ,
ਹਰਿ ਕਾ ਨਾਮੁ ਬੀਚਾਰੈ॥੧॥
ਮੇਰਾ ਬੈਦੁ ਗੁਰੂ ਗੋਵਿੰਦਾ॥
ਹਰਿ ਹਰਿ ਨਾਮੁ ਅਉਖਧੁ
ਮੁਖਿ ਦੇਵੈ ਕਾਟੈ ਜਮ ਕੀ ਫੰਧਾ॥ ਰਹਾਉ।
ਸਮਰਥ ਪੁਰਖ ਪੂਰਨ ਬਿਧਾਤੇ,
ਆਪੇ ਕਰਣੈਹਾਰਾ।
ਅਪੁਨਾ ਦਾਸੁ ਹਰਿ ਆਪਿ, ਉਬਾਰਿਆ
ਨਾਨਕ ਨਾਮ ਅਧਾਰਾ।

ਕੜਾਹ ਪ੍ਰਸ਼ਾਦ ਵਰਤਾਇਆ ਗਿਆ, ਲੜਕੇ ਲੜਕੀਆਂ ਸਤਿਗੁਰਾਂ ਦੇ ਚਰਨ ਪਰਸੇ ਅਤੇ ਸਤਿਗੁਰਾਂ ਸੰਮੂਹ ਨੂੰ ਖੁਸ਼ੀਆਂ ਬਖਸ਼ੀਆਂ।

ਪਿੰਡ ਖੋਟੇ ਦੇ ਸੇਵਾ ਵਿਚ ਹਿੱਸਾ ਪਾਉਣ ਵਾਲੇ ਵੈਸੇ ਤਾਂ ਸਮੂਹ ਨਗਰ ਵਾਸੀਆਂ, ਘਰਾਂ ਦੇ ਬੂਹੇ ਖੋਲ੍ਹਕੇ ਸੰਗਤਾਂ ਨੂੰ ਜੀਅ ਆਇਆਂ ਕਹਿ ਜਲ ਪ੍ਰਸ਼ਾਦ ਦੀ ਸੇਵਾ ਕੀਤੀ, ਮਗਰ ਇਨ੍ਹਾਂ ਸੱਜਣਾਂ ਮੇਲਾ ਸਫਲ ਬਨਾਉਣ ਹਿਤ, ਦਿਨ ਰਾਤ ਇੱਕ ਕਰ ਦਿਤਾ। -- ਸ੍ਰੀ ਨਿੱਕਾ ਸਿੰਘ ਜੀ ਸਰਪੰਚ, ਸ੍ਰੀ ਸੁੰਦਰ ਸਿੰਘ ਜੀ ਨੰਬਰਦਾਰ, ਸ੍ਰੀ ਗੁਰਦਿਆਲ ਸਿੰਘ ਜੀ



ਜਥੇਦਾਰ, ਸ੍ਰੀ ਨਾਜਰ ਸਿੰਘ ਜੀ, ਸ੍ਰੀ ਸੁੱਚਾ ਸਿੰਘ ਜੀ, ਸ੍ਰੀ ਬਹਾਲ ਸਿੰਘ ਜੀ, ਸ੍ਰੀ ਨੱਥਾ ਸਿੰਘ ਜੀ, ਸ੍ਰੀ ਅਰਜਨ ਸਿੰਘ ਹਕੀਮ, ਸ੍ਰੀ ਅਜਾਇਬ ਸਿੰਘ ਜੀ, ਸ੍ਰੀ ਕਰਨੈਲ ਸਿੰਘ ਜੀ, ਦੋਵੇਂ ਲਾਲ ਸਿੰਘ ਜੀ, ਸ੍ਰੀ ਮਾਨ ਸਿੰਘ ਜੀ, ਸ੍ਰੀ ਬੰਤ ਸਿੰਘ ਜੀ, ਸ੍ਰੀ ਨੰਦ ਸਿੰਘ ਜੀ, ਸ੍ਰੀ ਕਿਹਰ ਸਿੰਘ ਜੀ ਅਤੇ ਸਮੂੰਹ ਰਾਮਦਾਸੀਏ ਸਿੱਖ। ਬੀਬੀ ਬਿਸ਼ਨ ਕੌਰ ਤੇ ਬੀਬੀ ਧਨ ਕੌਰ ਭਾਂਡੇ ਮਾਜਣ ਦੀ ਸੇਵਾ ਕੀਤੀ।

ਦੁੱਧ ਦੀ ਸੇਵਾ ਕਰਨ ਵਾਲੇ ਨਗਰ:-

1. ਮਾਣੂ ਕੇ, 2. ਬਾਰੇ ਵਾਲ, 3. ਰਮਤਾ, 4. ਨਿਹਾਲ ਸਿੰਘ ਵਾਲਾ, 5. ਜਵਾਲਾ ਸਿੰਘ ਵਾਲਾ।

ਸਭ ਤੋਂ ਵੱਡੀ ਸੇਵਾ:- ਸ੍ਰ: ਗੁਰਦੇਵ ਸਿੰਘ ਜੀ ਨਿੱਜੀ ਸਕੱਤਰ, ਜਿਨ੍ਹਾਂ ਇਸ ਮੇਲੇ ਨੂੰ ਹਰ ਪਹਿਲੂ ਤੋਂ ਸਫਲ ਬਨਾਉਣ ਹਿਤ ਦਿਨ ਰਾਤ ਇੱਕ ਕਰ ਦਿੱਤਾ।

ਪ੍ਰੈਸ ਪ੍ਰਤੀਨਿਧ-

1. ਸ੍ਰੀ ਜੋਗ ਰਾਉ ਬਲਿਟਜ਼ ਫੋਟੋਗ੍ਰਾਫਰ।
2. ਸ੍ਰੀ ਕੇਸ਼ੋਰਾਮ ਸਭਰਵਾਲ ਪ੍ਰੈਸ ਸਿੰਡੀਕੇਟ, ਜਾਪਾਨ।
3. ਦੀਵਾਨ ਇੰਦਰ ਨਾਥ ਪੰਜਾਬ ਅਖਬਾਰਾਂ ਦੇ ਪ੍ਰੀਤੀਨਿਧ।
4. ਸ੍ਰ. ਬਤਰਾ ਜੀ: ਯੁਨਾਈਟਿਡ ਪ੍ਰੈਸ ਇੰਟਰ ਨੈਸ਼ਨਲ।
5. ਸ੍ਰੀ ਰਤਨ ਸਿੰਘ- ਵੀਰ ਅਰਜਨ ਦਿੱਲੀ।
6. ਏਕੇ ਵਿਦਿਆ ਲੰਕਾਰ- ਮਹਾਰਾਸ਼ਟਰ।

7. ਸ੍ਰੀ ਓਮ ਪ੍ਰਕਾਸ਼- ਆਲ ਇੰਡੀਆ ਰੇਡੀਓ ਦਿੱਲੀ।
8. ਸੁਭਾਸ਼ ਚੋਪੜਾ- ਇੰਡੀਅਨ ਐਕਸਪ੍ਰੈਸ।
9. ਸੋਮ ਅਨੰਦ- ਪ੍ਰਤੀਨਿਧ ਕੈਨੇਡੀਅਨ ਪ੍ਰੈਸ ਤੇ ਫੋਟੋਗ੍ਰਾਫਰ।
10. ਫਰੀ ਪ੍ਰੈਸ ਜਰਨਲ।
11. ਜੀਵਨ ਕੁਮਾਰ ਪੈਟਰਾਏ ਫੋਟੋ।
12. ਯੂ.ਕੇ. ਟੈਲੀਵੀਯਨ ਗਰੁਪ।
13. ਜਰਮਨ ਟੈਲੀਵੀਯਨ ਗਰੁਪ।

ਵਿਸ਼ੇਸ਼ ਪਤ੍ਰ ਪ੍ਰੇਰਕ-

ਮਾ: ਨਿਹਾਲ ਸਿੰਘ

## ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਗੁਰਮਤਿ ਅਨੰਦ ਮਰਿਯਾਦਾ ਦੇ ਅਰੰਭ ਸਮੇਂ- 3 ਜੂਨ 1863 ਪਿੰਡ ਖੋਟੇ (ਜਿਲਾਂ ਫਿਰੋਜ਼ਪੁਰ) ਵਿਖੇ- ਛੇ ਅਨੰਦ ਕਾਰਜ

ਜਿਨੀਂ ਕੁ ਜਾਣਕਾਰੀ ਮਿਲੀ ਪ੍ਰਾਪਤ ਨਾਵਾਂ ਦਾ ਵੇਰਵਾ-

1. ਭਾਈ ਜੋਗਾ ਸਿੰਘ ਧੂੜਕੋਟ (ਜਿ: ਫਿਰੋਜ਼ਪੁਰ) ਦੀ ਪੁੱਤਰੀ ਬੀਬੀ ਬਿਸ਼ਨ ਕੌਰ ਦਾ। ਮੁਠਡਿਆਂ (ਜਿ: ਜਲੰਧਰ) ਦੇ ਭਾਈ ਫਤਹ ਦੇ ਸਪੁੱਤਰ ਸ੍ਰੀ ਬੀਰ ਸਿੰਘ ਨਾਲ।
2. ਸੂਬਾ, ਬਾਬਾ ਸਮੁੰਦ ਸਿੰਘ ਪਿੰਡ ਖੋਟੇ (ਜਿ: ਫ਼ੀਰੋਜ਼ਪੁਰ) ਦੀ ਪੁੱਤਰੀ ਪਿੰਡ ਠਰੀ (ਜਿ: ਫ਼ੀਰੋਜ਼ਪੁਰ) ਵਿਖੇ ਵਿਆਹੀ।
3. ਭਾਈ ਬੁੱਧ ਸਿੰਘ ਜੀ ਪੁੱਤਰੀ ਪ੍ਰੇਮ ਕੌਰ ਧੁਲੇਤੇ (ਜਿ: ਜਲੰਧਰ) ਵਿੱਚ ਵਿਆਹੀ।
4. ਸੰਤ ਫ਼ਤਹ ਸਿੰਘ ਦੀ ਪੁੱਤਰੀ ਦੇਸ ਕੌਰ ਨਿਹਾਲੇ ਵਾਲਾ (ਜਿ: ਫ਼ੀਰੋਜ਼ਪੁਰ) ਵਿਆਹੀ।
5. ਸੰਤ ਕਾਲਾ ਸਿੰਘ ਦੀ ਪੁੱਤਰੀ ਪਿੰਡ ਦੌਧਰ (ਜਿ: ਫ਼ੀਰੋਜ਼ਪੁਰ) ਵਿਆਹੀ।
6. ਭਾਈ ਸੁੰਦਰ ਸਿੰਘ ਦੀ ਪੁੱਤਰੀ ਪਿੰਡ ਉੱਬੋਕੇ (ਜਿ: ਅੰਮ੍ਰਿਤਸਰ) ਵਿੱਚ ਵਿਆਹੀ।

## ਅਨੰਦ ਸ਼ਤਾਬਦੀ 3 ਜੂਨ 1963 ਪਿੰਡ ਖੋਟੇ, ਜ਼ਿਲਾ ਫਿਰੋਜ਼ਪੁਰ
## ਅਨੰਦ ਕਾਰਜਾਂ ਵਾਲੇ ਜੋੜਿਆਂ ਦੇ ਨਾਮ

| ਲੜਕੇ ਦਾ ਨਾਮ / ਲੜਕੀ ਦਾ ਨਾਮ | ਪਿਤਾ ਦਾ ਨਾਮ | ਪਤਾ | |
|---|---|---|---|
| 1. ਹਰਜੀਤ ਸਿੰਘ | ਨਰਿੰਦਰ ਸਿੰਘ | ਚੰਗਮਈ | (ਥਾਈਲੈਂਡ) |
| ਦਰਸ਼ਨ ਕੌਰ | ਕਿਰਪਾਲ ਸਿੰਘ | ਰੁੜਕੀ | |
| 2. ਹਰਬੰਸ ਸਿੰਘ | ਗੁਰਦਿਆਲ ਸਿੰਘ | ਮੰਡੀ | (ਹਿ.ਪ੍ਰ.) |
| ਸਵਰਨ ਕੌਰ | ਸਰਦਾਰਾ ਸਿੰਘ | ਭੁਪਾਲ | (ਮ.ਪ.) |
| 3. ਅਮਰੀਕ ਸਿੰਘ | ਸੁਖਦੇਵ ਸਿੰਘ | ਨੈਰੋਬੀ ਕੇਨੀਆ | ਅਫਰੀਕਾ |
| ਦਰਸ਼ਨ ਕੌਰ | ਅਜੀਤ ਸਿੰਘ | ਪੱਦੀ ਖਾਲਸਾ | ਜਲੰਧਰ |
| 4. ਮੁਖਤਿਆਰ ਸਿੰਘ | ਤਾਰਾ ਸਿੰਘ | ਬਦੋਵਾਲ | ਲੁਧਿਆਣਾ |
| ਪਰਮਜੀਤ ਕੌਰ | ਮੇਲਾ ਸਿੰਘ ਜਥੇ. | ਰਛੀਨ | ਲੁਧਿਆਣਾ |
| 5. ਭਗਤ ਸਿੰਘ | ਖੇਮ ਸਿੰਘ | ਮੋਲੀ ਬੇਦਵਾਨ | ਅੰਬਾਲਾ |
| ਗੁਰਚਰਨ ਕੌਰ | ਮਸਤਾਨ ਸਿੰਘ | ਨੀਲੋਕਲਾਂ | (ਲੁਧਿ.) |
| 6. ਗੁਰਦੇਵ ਸਿੰਘ | ਬਾਲਕ ਸਿੰਘ | ਬਾਂਸਾਂ ਵਾਲਾ ਬਜਾਰ ਅੰਮ੍ਰਿਤਸਰ | |
| ਸੁਰਿੰਦਰ ਕੌਰ | ਅਮਰ ਸਿੰਘ ਠੇਕੇਦਾਰ | ਲਖਨਊ | |
| 7. ਪਿਆਰਾ ਸਿੰਘ | ਸੰਤੋਖ ਸਿੰਘ | ਫੋਰਟ ਰੋਡ | ਗਵਾਲੀਅਰ |
| ਰਨਜੀਤ ਕੌਰ | ਅਰਜਨ ਸਿੰਘ | ਲਖਨਊ | |
| 8. ਬਾਜ ਸਿੰਘ | ਲਾਲ ਸਿੰਘ | ਦੀਨਾ ਨਗਰ | ਗੁਰਦਾਸਪੁਰ |
| ਰਮੇਸ਼ ਕੌਰ | ਮੇਹਰ ਸਿੰਘ | ਚੰਡੀਗੜ | |

| | | | |
|---|---|---|---|
| 9. ਸੁਖਦੇਵ ਸਿੰਘ | ਹਰਬੰਸ ਸਿੰਘ | ਨਕੌੜਾ | ਹਿਸਾਰ |
| ਨਸੀਬ ਕੌਰ | ਕਰਤਾਰ ਸਿੰਘ | ਰੋਡੇ | ਫਿਰੋਜ਼ਪੁਰ |
| 10. ਜਸਵੰਤ ਸਿੰਘ | ਊਧਮ ਸਿੰਘ ਸੂ:ਮੇਜਰ | ਫੈਜ਼ਾਬਾਦ | |
| ਗੁਰਨਾਮ ਕੌਰ | ਤੀਰਥ ਸਿੰਘ | ਚੰਡੀਗੜ | ਅਮਬਾਲਾ |
| 11. ਗੁਰਦੀਪ ਸਿੰਘ | ਸ਼ੇਰ ਸਿੰਘ | ਬਸਤੀ ਸਾਬੋਵਾਲੀ | ਫਿਰੋਜ਼ਪੁਰ |
| ਪਾਲ ਕੌਰ | ਅਰਜਨ ਸਿੰਘ | ਰਾਜੀਬਾਲਾ | ਫਿਰੋਜ਼ਪੁਰ |
| 12. ਕੁਲਵੰਤ ਸਿੰਘ | ਲਾਭ ਸਿੰਘ | ਜਗਾਧਰੀ | ਅੰਬਾਲਾ |
| ਜੀਤ ਕੌਰ | ਸੰਤਾ ਸਿੰਘ | ਰਾਨੀਆਂ | ਹਿਸਾਰ |
| 13. ਜਸਪਾਲ ਸਿੰਘ | ਮੋਹਨ ਸਿੰਘ | ਪੱਖੋ | ਅੰਮ੍ਰਿਤਸਰ |
| ਦਤ ਕੌਰ | ਖਜਾਨ ਸਿੰਘ | ਭੋਇਵਾਲੀ | ਅੰਮ੍ਰਿਤਸਰ |
| 14. ਕਾਬਲ ਸਿੰਘ | ਕਰਤਾਰ ਸਿੰਘ | ਵਰਯਾਂ | ਅੰਮ੍ਰਿਤਸਰ |
| ਸਵਰਨ ਕੌਰ | ਬਘੇਲ ਸਿੰਘ | ਭੋਇਵਾਲੀ | ਅੰਮ੍ਰਿਤਸਰ |
| 15. ਪਹੁੰਚ ਨਹੀਂ ਸਕੇ | | ਚੋਗਾਵਾਂ | ਅੰਮ੍ਰਿਤਸਰ |
| ਗੁਰਦੀਪ ਕੌਰ | | ਮੁਹਾਵਾ | ਅੰਮ੍ਰਿਤਸਰ |
| 16. ਮਖਨ ਸਿੰਘ | ਗੁਰਬਖਸ਼ ਸਿੰਘ | ਗੁਝਾ ਪੀਰ | ਅੰਮ੍ਰਿਤਸਰ |
| ਜੋਗਿੰਦਰ ਕੌਰ | ਪੂਰਨ ਸਿੰਘ | ਭੋਇਵਾਲੀ | ਅੰਮ੍ਰਿਤਸਰ |
| 17. ਗੁਰਬਖਸ਼ ਸਿੰਘ | ਪਰਤਾਪ ਸਿੰਘ | ਖਾਪੜਖੇੜੀ | ਅੰਮ੍ਰਿਤਸਰ |
| ਸੁਰਜੀਤ ਕੌਰ | ਰਤਨ ਸਿੰਘ | ਸਮਾਨਾ ਮੰਡੀ | ਪਟਿਆਲਾ |
| 18. ਬਸੰਤ ਸਿੰਘ | ਵਰਿਆਮ ਸਿੰਘ | ਮੰਡੀ ਏਲਨਾਬਾਦ | ਹਿਸਾਰ |
| ਬਲਵੀਰ ਕੌਰ | ਅਤਰ ਸਿੰਘ ਮਹੰਤ | ਨਾਮ.ਧਰਮ. | ਅੰਮ੍ਰਿਤਸਰ |
| 19. ਗੁਰਦਿਆਲ ਸਿੰਘ | ਬਾਵਾ ਸਿੰਘ | ਜਗਦੇ | ਅੰਮ੍ਰਿਤਸਰ |
| ਜਸਵੰਤ ਕੌਰ | ਭਗਵਾਨ ਸਿੰਘ | ਭੋਇਵਾਲੀ | ਅੰਮ੍ਰਿਤਸਰ |
| 20. ਝਲਮਨ ਸਿੰਘ | ਲਾਭ ਸਿੰਘ | ਮੋਰੋਂ | ਜਲੰਧਰ |
| ਜੋਗਿੰਦਰ ਕੌਰ | ਅਮਰ ਸਿੰਘ | ਗੜ੍ਹੀ | ਜਲੰਧਰ |
| 21. ਪਾਲਾ ਸਿੰਘ | ਲਾਭ ਸਿੰਘ | ਬਲ | ਸੰਗਰੂਰ |
| ਗੁਰਮੀਤ ਕੌਰ | ਪਰਤਾਪ ਸਿੰਘ | ਭੱਟੀਆਂ | ਸੰਗਰੂਰ |
| 22. ਪੂਰਨ ਸਿੰਘ | ਇੰਦਰ ਸਿੰਘ | ਬਲ | ਸੰਗਰੂਰ |
| ਅਮਰੀਕ ਕੌਰ | ਦਲੀਪ ਸਿੰਘ | ਚਰਪਾਉਂਦਾ | ਸੰਗਰੂਰ |
| 23. ਗੁਰਨਾਮ ਸਿੰਘ | ਸਵਰਨ ਸਿੰਘ | ਬਾਜਾਖਾਨਾ | ਬਠਿੰਡਾ |
| ਗੁਰਨਾਮ ਕੌਰ | ਖੇਮ ਸਿੰਘ | ਮੌਲੀ ਬੇਦਵਾਂ | ਅੰਬਾਲਾ |
| 24. ਮਹਿੰਦਰ ਸਿੰਘ | ਇੰਦਰ ਸਿੰਘ | ਬਸਤੀ ਭੂਰੇ ਖਾਨ | ਜਲੰਧਰ |
| ਜਸਬੀਰ ਕੌਰ | ਸਰੈਣ ਸਿੰਘ | ਬਸਤੀ ਭੂਰੇਖਾਨ | ਜਲੰਧਰ |
| 25. ਸੁਰਜੀਤ ਸਿੰਘ | ਸ਼ਾਮ ਸਿੰਘ | ਬੰਗਾ | ਜਲੰਧਰ |
| ਪਰਮਜੀਤ ਕੌਰ | ਕੇਹਰ ਸਿੰਘ | ਗੁਰਾਇਆਂ | ਜਲੰਧਰ |
| 26. ਜੋਗਿੰਦਰ ਸਿੰਘ | ਸਵਰਨ ਸਿੰਘ | ਚੱਕ | ਜਲੰਧਰ |
| ਜੀਤ ਕੌਰ | ਊਧਮ ਸਿੰਘ | ਗੜ੍ਹੀਮਹਾਂਸਿੰਘ | ਜਲੰਧਰ |
| 27. ਸੋਹਣ ਸਿੰਘ | ਊਧਮ ਸਿੰਘ | ਮੁਠੱਡੇ | ਜਲੰਧਰ |
| ਗੁਰਬਖਸ਼ ਕੌਰ | ਕਰਤਾਰ ਸਿੰਘ | ਫਲਪੋਤਾ | ਜਲੰਧਰ |

| | | | |
|---|---|---|---|
| 28. ਅਮਰ ਸਿੰਘ | ਗੁਰਬਖਸ਼ ਸਿੰਘ | ਚਰੀ | ਲੁਧਿਆਣਾ |
| ਦਲਵਿੰਦਰ ਕੌਰ | ਬੰਤਾ ਸਿੰਘ | ਕਲਾਲਮਾਜਰਾ | ਲੁਧਿਆਣਾ |
| 29. ਕਰਤਾਰ ਸਿੰਘ | ਨਿਰੰਜਨ ਸਿੰਘ | ਵਣ | ਅੰਮ੍ਰਿਤਸਰ |
| ਵੀਰ ਕੌਰ | ਨੱਥਾ ਸਿੰਘ | ਕਲਸੀਆਂਖੁਰਦ | ਅੰਮ੍ਰਿਤਸਰ |
| 30. ਹਰਬੰਸ ਸਿੰਘ | ਗੁਰਬਚਨ ਸਿੰਘ | ਜੀਵਨ ਨਗਰ | ਹਿਸਾਰ |
| ਕ੍ਰਿਸ਼ਨ ਕੌਰ | ਦੇਸਾ ਸਿੰਘ | ਰੂੜੇ ਕੇ | ਸੰਗਰੂਰ |
| 31. ਮੋਹਨ ਸਿੰਘ | ਸੇਵਾ ਸਿੰਘ ਜਥੇ. | ਮੰਡੀ ਸਟੇਟ | ਹਿ.ਪ੍ਰ. |
| ਅਵਤਾਰ ਕੌਰ | ਪਿਆਰਾ ਸਿੰਘ ਜਥੇ: | ਹੁਸ਼ਿਆਰਪੁਰ | |
| 32. ਗੁਰਦੇਵ ਸਿੰਘ | ਸਾਧੂ ਸਿੰਘ | ਹੋਸ਼ਿਆਰਪੁਰ | |
| ਸੁਰਿੰਦਰ ਕੌਰ | ਚਰਨ ਸਿੰਘ ਮਹੰਤ | ਗਰੜੀਵਾਲਾ | ਹੋਸ਼ਿਆਰਪੁਰ |
| 33. ਬਲਕਾਰ ਸਿੰਘ | ਪਾਲਾ ਸਿੰਘ ਜਥੇ: | ਦਕੋਹਾ | ਜਲੰਧਰ |
| ਸੰਤੋਖ ਕੌਰ | ਸੁੰਦਰ ਸਿੰਘ | ਹੋਸ਼ਿਆਰਪੁਰ | |
| 34. ਕਿਸ਼ਨ ਸਿੰਘ | ਭਗਵਾਨ ਦਾਸ | ਹੋਸ਼ਿਆਰਪੁਰ | |
| ਸਮਿਤਰ ਕੌਰ | ਸਰਨਦਾਸ | ਕਰਤਾਰਪੁਰ | ਜਲੰਧਰ |
| 35. ਗੁਰਬਚਨ ਸਿੰਘ | ਖਜਾਨ ਸਿੰਘ | ਬਕੋਟ | ਗੁਰਦਾਸਪੁਰ |
| ਲਖਵਿੰਦਰ ਕੌਰ | ਖਜਾਨ ਸਿੰਘ | ਗੁਰੂ ਕਾ ਬੀੜ | ਪਟਿਆਲਾ |
| 36. ਦਰਸ਼ਨ ਸਿੰਘ | ਪਰੀਤਮ ਸਿੰਘ | ਨਕੌੜਾ | ਹਿਸਾਰ |
| ਪਰਸਿੰਨ ਕੌਰ | ਹਰਨਾਮ ਸਿੰਘ | ਹਾਰਨੀ | ਹਿਸਾਰ |
| 37. ਤਰਲੋਕ ਸਿੰਘ | ਹਰਨਾਮ ਸਿੰਘ | ਮੰਡੀ ਸਟੇਟ | ਹਿ.ਪ੍ਰ. |
| ਸੁਰਿੰਦਰ ਕੌਰ | ਪਰਮਜੀਤ ਸਿੰਘ | ਮੰਡੀ ਸਟੇਟ | ਹਿ.ਪ੍ਰ. |
| 38. ਗੁਰਮੁਖ ਸਿੰਘ | ਕੇਸਰ ਸਿੰਘ | ਸੁਭਾਸ਼ ਨਗਰ | ਦਿੱਲੀ |
| ਸਤਪਾਲ ਕੌਰ | ਸਰਦਾਰਾ ਸਿੰਘ | ਸੁਕੇਤ ਮੰਡੀ | ਹਿ.ਪ੍ਰ. |
| 39. ਮੁਖਤਿਆਰ ਸਿੰਘ | ਦਿਆਲ ਸਿੰਘ | ਸੰਤ ਨਗਰ | ਹਿਸਾਰ |
| ਮੁਹਿੰਦਰ ਕੌਰ | ਬਗਾ ਸਿੰਘ | ਅੰਮਰਾਸਰਕਲਾਂ | ਹਿਸਾਰ |
| 40. ਕਿਰਪਾਲ ਸਿੰਘ | ਬਚਿੰਤ ਸਿੰਘ | ਮੋਰੋਂ | ਜਲੰਧਰ |
| ਮਹਿੰਦਰ ਕੌਰ | ਪਰੀਤਮ ਸਿੰਘ | ਦਮਦਮਾ | ਹਿਸਾਰ |
| 41. ਬਹਾਦਰ ਸਿੰਘ | ਬਚਿੰਤ ਸਿੰਘ | ਮੋਰੋਂ | ਜਲੰਧਰ |
| ਜੁਗਿੰਦਰ ਕੌਰ | ਪਰੀਤਮ ਸਿੰਘ | ਦਮਦਮਾ | ਹਿਸਾਰ |
| 42. ਅਵਤਾਰ ਸਿੰਘ | ਜਗਤ ਸਿੰਘ | ਕੋਹਾਲੀ | ਗੁਰਦਾਸਪੁਰ |
| ਛਿੰਦੋ | ਗੁਰਮੁਖ ਸਿੰਘ | ਲੀਲ ਕਲਾਂ | ਗੁਰਦਾਸਪੁਰ |
| 43. ਸਵਿੰਦਰ ਸਿੰਘ | ਸੂਰਤਾ ਸਿੰਘ | ਖਿਹਾਲਾ | ਅੰਮ੍ਰਿਤਸਰ |
| ਅਮਰ ਕੌਰ | ਮਲੂਕ ਸਿੰਘ | ਕਰੀਵਾਲਾ | ਹਿਸਾਰ |
| 44. ਦਰਬਾਰਾ ਸਿੰਘ | ਸੰਤੋਖ ਸਿੰਘ | ਸਾਗਰਵਾਲਾ | ਗੰਗਾ ਨਗਰ |
| ਗਿਆਨ ਕੌਰ | ਸ਼ਾਮ ਸਿੰਘ | ਵਡਾਲਾ ਜੌਹਲ | ਅੰਮ੍ਰਿਤਸਰ |
| 45. ਹਰਦੇਵ ਸਿੰਘ | ਮੋਹਨ ਸਿੰਘ | ਚਕ 6 ਂ | ਗੰਗਾ ਨਗਰ |
| ਜਗੀਰ ਕੌਰ | ਸੁਜਾਨ ਸਿੰਘ | ਚੱਕ 3 ਭਭ | ਗੰਗਾ ਨਗਰ |
| 46. ਬਲਦੇਵ ਸਿੰਘ | ਜੰਗ ਸਿੰਘ | ਸਰਾਵਾਂ | ਫਿਰੋਜਪੁਰ |
| ਮੁਹਿੰਦਰ ਕੌਰ | ਮੁਖਤਿਆਰ ਸਿੰਘ | ਗੁਮਟੀ | ਬਠਿੰਡਾ |

| | | | |
|---|---|---|---|
| 47. ਝਲਮਨ ਸਿੰਘ | ਬੰਤਾ ਸਿੰਘ | ਲਾਲੀਆਂ | ਜਲੰਧਰ |
| ਗੁਰਦੇਵ ਕੌਰ | ਉਜਾਗਰ ਸਿੰਘ | ਮੋਰੋਂ | ਜਲੰਧਰ |
| 48. ਗੁਰਦੀਪ ਸਿੰਘ | ਪਿਆਰਾ ਸਿੰਘ | ਕਰੀਵਾਲਾ | ਹਿਸਾਰ |
| ਸਵਿੰਦਰ ਕੌਰ | ਭਜਨ ਸਿੰਘ | ਹਾਰਨੀ | ਹਿਸਾਰ |
| 49. ਗੁਰਨਾਮ ਸਿੰਘ | ਮੰਗਲ ਸਿੰਘ | ਕਰੀਵਾਲਾ | ਹਿਸਾਰ |
| ਕੁਲਵੰਤ ਕੌਰ | ਬਸੰਤ ਸਿੰਘ(ਸਵ) | ਅਮਰਾਸਰ ਕਲਾਂ | ਹਿਸਾਰ |
| 50. ਸੇਵਕ ਸਿੰਘ | ਅਤਰ ਸਿੰਘ | ਬੁਰਜ ਥਰੌੜ | ਬਠਿੰਡਾ |
| ਛਿੰਦ ਕੌਰ | ਚੰਦਾ ਸਿੰਘ | ਥਰਾਜ | ਫਿਰੋਜਪੁਰ |
| 51. ਨਿਹਾਲ ਸਿੰਘ | ਬਖਸ਼ੀਸ਼ ਸਿੰਘ | ਦਮਦਮਾ | ਹਿਸਾਰ |
| ਸਰਜੀਤ ਕੌਰ | ਜੈ ਸਿੰਘ | ਜੀਵਨ ਨਗਰ | ਹਿਸਾਰ |
| 52. ਗੁਰਮੇਜ ਸਿੰਘ | ਤਾਰਾ ਸਿੰਘ (ਸਵ) | ਕੰਗਨਪੁਰ | ਹਿਸਾਰ |
| ਚਰਨ ਕੌਰ | ਸਰਦਾਰਾ ਸਿੰਘ | ਮਿਰਜਾਪੁਰ | ਹਿਸਾਰ |
| 53. ਗੁਰਮੇਲ ਸਿੰਘ | ਗੱਜਣ ਸਿੰਘ | ਸੰਤਨਗਰ | ਹਿਸਾਰ |
| ਸਰਜੀਤ ਕੌਰ | ਸ਼ਿੰਗਾਰਾ ਸਿੰਘ | ਨਲਵਿਨ | ਕਰਨਾਲ |
| 54. ਸਰਜੀਤ ਸਿੰਘ | ਵਸਾਖਾ ਸਿੰਘ | ਵਿਸ਼ਨੂੰਗੜ੍ਹ | ਦਿੱਲੀ |
| ਬਲਬੀਰ ਕੌਰ | ਵਸਾਵਾ ਸਿੰਘ | ਹਾਰਨੀਆਂ | ਹਿਸਾਰ |
| 55. ਗੁਰਭਜਨ ਸਿੰਘ | ਹਰਨਾਮ ਸਿੰਘ | ਸੰਤਨਗਰ | ਹਿਸਾਰ |
| ਸੁਰਿੰਦਰ ਕੌਰ | ਤਾਰਾ ਸਿੰਘ | ਹਾਰਨੀਆਂ | ਹਿਸਾਰ |
| 56. ਜੁਗਿੰਦਰ ਸਿੰਘ | ਗੰਗਾ ਸਿੰਘ | ਹਾਰਨੀਆਂ | ਹਿਸਾਰ |
| ਬਲਵੀਰ ਕੌਰ | ਅਮਰ ਸਿੰਘ | ਚੱਕ 18 | ਗੰਗਾਨਗਰ |
| 57. ਅਮਰੀਕ ਸਿੰਘ | ਪ੍ਰਤਾਪ ਸਿੰਘ | ਕਲਕੱਤਾ | |
| ਉੱਤਮਜੀਤ ਕੌਰ | ਅਮਰ ਸਿੰਘ | ਕੈਂਪਟੀ | ਨਾਗਪੁਰ |
| 58. ਨਰਿੰਦਰ ਸਿੰਘ | ਲਾਲ ਸਿੰਘ | ਸੁਦਰਸ਼ਨ ਪਾਰਕ | ਨਵੀਂ ਦਿੱਲੀ |
| ਗੁਰਮੀਤ ਕੌਰ | ਆਤਮਾ ਸਿੰਘ | ਰਮੇਸ਼ਨਗਰ | ਦਿੱਲੀ |
| 59. ਲੱਖਾ ਸਿੰਘ | ਨਰੰਜਨ ਸਿੰਘ(ਜਥੇ) | ਸੰਤ ਨਗਰ | ਹਿਸਾਰ |
| ਨਰਿੰਦਰ ਕੌਰ | ਸੁਚੈਨ ਸਿੰਘ | ਰਾਏਸਰ | ਸੰਗਰੂਰ |
| 60. ਭਜਨ ਸਿੰਘ | ਅਮਰ ਸਿੰਘ | ਕਰੀਵਾਲਾ | ਹਿਸਾਰ |
| ਬਲਵਿੰਦਰ ਕੌਰ | ਪਿਆਰਾ ਸਿੰਘ | ਜੰਗੀਆਣਾ | ਸੰਗਰੂਰ |
| 61. ਅਵਤਾਰ ਸਿੰਘ | ਅਰਜਨ ਸਿੰਘ | ਮਹਿਨਪੁਰ | ਕਰਨਾਲ |
| ਕਰਤਾਰ ਕੌਰ | ਕੰਦਾਰਾ ਸਿੰਘ | ਹਾਰਨੀਆਂ | ਹਿਸਾਰ |
| 62. ਹਰਭਜਨ ਸਿੰਘ | ਉਜਾਗਰ ਸਿੰਘ | ਸੰਤ ਨਗਰ | ਹਿਸਾਰ |
| ਮੁਹਿੰਦਰ ਕੌਰ | ਹਰਨਾਮ ਸਿੰਘ | ਹਾਰਨੀ | ਹਿਸਾਰ |
| 63. ਨਿਸ਼ਾਨ ਸਿੰਘ | ਅਨੋਖ ਸਿੰਘ | ਕਰੀਵਾਲਾ | ਹਿਸਾਰ |
| ਕਪੂਰ ਕੌਰ | ਵੀਰ ਸਿੰਘ | ਅਮਰਾਸਰ ਕਲਾ | ਹਿਸਾਰ |
| 64. ਜਗਤਾਰ ਸਿੰਘ | ਸੇਵਾ ਸਿੰਘ | ਮਿਰਜਾਪੁਰ | ਹਿਸਾਰ |
| ਹਰਭਜਨ ਕੌਰ | ਪ੍ਰੀਤਮ ਸਿੰਘ | ਅਮਰਾਸਰ ਕਲਾ | ਹਿਸਾਰ |

| | | | |
|---|---|---|---|
| 65. ਮੁਹਿੰਦਰ ਸਿੰਘ | ਚੰਨਨ ਸਿੰਘ | ਕਾਲਾ ਬਾਗ | ਹੁਸ਼ਿਆਰਪੁਰ |
| ਅਮਰ ਕੌਰ | ਸੁਦਾਗਰ ਸਿੰਘ | ਅਲਤ ਪੁਰ | ਹੁਸ਼ਿਆਰਪੁਰ |
| 66. ਦਲਬੀਰ ਸਿੰਘ | ਸੇਵਾ ਸਿੰਘ | ਜਗਾਦਰੀ | ਅੰਬਾਲਾ |
| ਜਸਬੀਰ ਕੌਰ | ਅਵਤਾਰ ਸਿੰਘ | ਜਲੰਧਰ | |
| 67. ਦਰਸ਼ਨ ਸਿੰਘ | ਹਵੇਲਾ ਸਿੰਘ | ਕੋਲਵਾੜਾ | ਬੰਬਈ |
| ਰਜਿੰਦਰ ਕੌਰ | ਜਸਵੰਤ ਸਿੰਘ | ਮੰਡੀ ਸਟੇਟ | ਹਿ.ਪ੍ਰਦੇਸ਼ |
| 68. ਗੁਰਚਰਨ ਸਿੰਘ | ਸੰਪੂਰਨ ਸਿੰਘ | ਦਮਦਮਾ | ਹਿਸਾਰ |
| ਗੁਰਚਰਨ ਕੌਰ | ਗੁਰਦਿਆਲ ਸਿੰਘ | ਭਦੌੜ | ਸੰਗਰੂਰ |
| 69. ਗੁਰਦੀਪ ਸਿੰਘ | ਇੰਦਰ ਸਿੰਘ | ਸੰਤ ਨਗਰ | ਹਿਸਾਰ |
| ਮੁਹਿੰਦਰ ਕੌਰ | ਹਰੀ ਸਿੰਘ | ਸੰਤ ਨਗਰ | ਹਿਸਾਰ |
| 70. ਸੁਵਿੰਦਰ ਸਿੰਘ | ਅਨੂਪ ਸਿੰਘ | ਹਾਰਨੀ | ਹਿਸਾਰ |
| ਸੁਵਿੰਦਰ ਕੌਰ | ਤੇਜਾ ਸਿੰਘ | ਅਮਰਾਸਰ ਕਲਾਂ | ਹਿਸਾਰ |
| 71. ਕਰਤਾਰ ਸਿੰਘ | ਸੋਹਨ ਸਿੰਘ | ਹਰੀਪੁਰ | ਹਿਸਾਰ |
| ਸੁਰਜੀਤ ਕੌਰ | ਪਿਆਰਾ ਸਿੰਘ | ਅਮਰਾਸਰ ਕਲਾਂ | ਹਿਸਾਰ |
| 72. ਨਰਿੰਜਨ ਸਿੰਘ | ਸਰਦਾਰ ਸਿੰਘ | ਭੁਪਾਲ | ਮੱਧ ਪ੍ਰਦੇਸ਼ |
| ਨਿਰਮਲ ਕੌਰ | ਪਿਆਰਾ ਲਾਲ | ਭੁਪਾਲ | ਮੱਧ ਪ੍ਰਦੇਸ਼ |
| 73. ਸੁਰਜੀਤ ਸਿੰਘ | ਕਰਤਾਰ ਸਿੰਘ | ਕਰੀਵਾਲਾ | ਹਿਸਾਰ |
| ਕਿਰਪਾਲ ਕੌਰ | ਕਰਤਾਰ ਸਿੰਘ | ਨਕੌੜਾ | ਹਿਸਾਰ |
| 74. ਗੁਰਬਚਨ ਸਿੰਘ | ਕਰਮ ਸਿੰਘ | ਧਰਮਪੁਰਾ | ਹਿਸਾਰ |
| ਜਸਵੰਤ ਕੌਰ | ਮੋਹਨ ਸਿੰਘ | ਸੰਨਤੋਖਪੁਰਾ | ਹਿਸਾਰ |
| 75. ਹਰਬੰਸ ਸਿੰਘ | ਰਤਨ ਸਿੰਘ | ਮਹਿਤਪੁਰ | ਹੁਸ਼ਿਆਰਪੁਰ |
| ਦਰਸ਼ਨ ਕੌਰ | ਕਰਮ ਸਿੰਘ | ਧਰਮਪੁਰ | ਹਿਸਾਰ |
| 76. ਗੁਰਚਰਨ ਸਿੰਘ | ਸਹਿਣ ਸਿੰਘ | ਬਲਾਚੌਰ | ਹੁਸ਼ਿਆਰਪੁਰ |
| ਹਰਬੰਸ਼ ਕੌਰ | ਰਤਨ ਸਿੰਘ | ਮਹਿਤਪੁਰ | ਹੁਸ਼ਿਆਰਪੁਰ |
| 77. ਕਾਬਲ ਸਿੰਘ | ਮੰਗਲ ਸਿੰਘ | ਫਤੇਪੁਰ | ਲੁਧਿਆਨਾ |
| ਜਸਵਿੰਦਰ ਕੌਰ | ਜੀਤ ਸਿੰਘ | ਫੀਲਡ ਗੰਜ | ਲੁਧਿਆਨਾ |
| 78. ਅਜੀਤ ਸਿੰਘ | ਕਿਸ਼ਨ ਸਿੰਘ | ਜਮਨਾਨਗਰ | ਅੰਬਾਲਾ |
| ਸੁਰਿਦਰ ਕੌਰ | ਸੰਤ ਸਿੰਘ | ਗੱਜੂਵਾਲ | ਜਲੰਧਰ |
| 79. ਕਿਰਪਾਲ ਸਿੰਘ | ਸਰਦੂਲ ਸਿੰਘ | ਅਮਰਾਸਰ ਕਲਾਂ | ਹਿਸਾਰ |
| ਗੁਰਮੀਤ ਕੌਰ | ਕਿਸ਼ਨ ਸਿੰਘ | ਜੰਡ ਵਾਲਾ | ਫਿਰੋਜਪੁਰ |
| 80. ਜਸਵੰਤ ਸਿੰਘ | ਹਰਨਾਮ ਸਿੰਘ | ਰਾਣੀਆਂ | ਹਿਸਾਰ |
| ਗੁਰਮੀਤ ਕੌਰ | ਤਾਰਾ ਸਿੰਘ | ਸੰਤਨਗਰ | ਹਿਸਾਰ |
| 81. ਕਰਨੈਲ ਸਿੰਘ | ਇੰਦਰ ਸਿੰਘ | ਸੰਤਨਗਰ | ਹਿਸਾਰ |
| ਸਿੰਦਰ ਕੌਰ | ਸ਼ੰਗਾਰਾ ਸਿੰਘ | ਸੰਤਨਗਰ | ਹਿਸਾਰ |
| 82. ਸੰਮਪੂਰਨ ਸਿੰਘ | ਇੰਦਰ ਸਿੰਘ | ਕਰੀਵਾਲਾ | ਹਿਸਾਰ |
| ਸੁਰਜੀਤ ਕੌਰ | ਸਾਧੂ ਸਿੰਘ | ਸੰਤਨਗਰ | ਹਿਸਾਰ |

| | | | |
|---|---|---|---|
| 83. ਸੇਵਾ ਸਿੰਘ | ਸ਼ੰਗਾਰਾ ਸਿੰਘ | ਸੰਤਨਗਰ | ਹਿਸਾਰ |
| ਹਰਬੰਸ ਕੌਰ | ਅਵਤਾਰ ਸਿੰਘ | ਅਮਰਾਸਰ ਕਲ੍ਹਾਂ | ਹਿਸਾਰ |
| 84. ਰਤਨ ਸਿੰਘ | ਅਮਰ ਸਿੰਘ | ਨਕੌੜਾ | ਹਿਸਾਰ |
| ਚਰਨ ਕੌਰ | ਬਲਬੀਰ ਸਿੰਘ | ਦਮਦਮਾ | ਹਿਸਾਰ |
| 85. ਰਘਬੀਰ ਸਿੰਘ | ਵਰਿਆਮ ਸਿੰਘ | ਕੋਹਲੀਵਾੜਾ | ਬੰਬਈ |
| ਅਨੂਪ ਕੌਰ | ਸਾਧੂ ਸਿੰਘ | ਖੰਨਾ | ਲੁਦਿਆਨਾ |
| 86. ਸੁਖਦੇਵ ਸਿੰਘ | ਨਰਿੰਦਰ ਸਿੰਘ | ਚੰਗਮਈ | ਥਾਈਲੈਂਡ |
| ਇੰਦਰਜੀਤ ਕੌਰ | ਕਰਮ ਸਿੰਘ | ਵੈਸਟ ਪਟੇਲਨਗਰ | ਦਿੱਲੀ |
| 87. ਦਇਆ ਸਿੰਘ | ਜੈ ਸਿੰਘ | ਕਰੀਵਾਲਾ | ਹਿਸਾਰ |
| ਪਾਲ ਕੌਰ | ਗਿਆਨ ਸਿੰਘ | ਕੰਗਨਪੁਰ | ਹਿਸਾਰ |
| 88. ਭਜਨ ਸਿੰਘ | ਪਾਲਾ ਸਿੰਘ | ਹਾਰਨੀ | ਹਿਸਾਰ |
| ਵੀਰ ਕੌਰ | ਹਰਨਾਮ ਸਿੰਘ | ਭਾਈਰੂਪਾ | ਬਠਿੰਡਾ |
| 89. ਮੁਖਤਿਆਰ ਸਿੰਘ | ਖੁਸ਼ਹਾਲ ਸਿੰਘ | ਹਾਰਨੀ | ਹਿਸਾਰ |
| ਸੁਰਜੀਤ ਕੌਰ | ਪਾਲਾ ਸਿੰਘ | ਕਰੀਵਾਲਾ | ਹਿਸਾਰ |
| 90. ਸਵਰਨ ਸਿੰਘ | ਹਜਾਰਾ ਸਿੰਘ | ਜੀਵਨ ਨਗਰ | ਹਿਸਾਰ |
| ਇੰਦਰਜੀਤ ਕੌਰ | ਦਲੀਪ ਸਿੰਘ | ਸਰਸਾ | ਹਿਸਾਰ |
| 91. ਬਲਕਾਰ ਸਿੰਘ | ਮੰਗਲ ਸਿੰਘ | ਅਮਰਾਸਰ ਕਲਾਂ | ਹਿਸਾਰ |
| ਪਰਸਿੰਨ ਕੌਰ | ਪਾਲਾ ਸਿੰਘ | ਕਰੀਵਾਲਾ | ਹਿਸਾਰ |
| 92. ਨੱਥਾ ਸਿੰਘ | ਸੇਵਾ ਸਿੰਘ | ਅਮਰਾਸਰ ਕਲਾ | ਹਿਸਾਰ |
| ਗੁਰਮੀਤ ਕੌਰ | ਵਰਿਆਮ ਸਿੰਘ | ਹਾਰਨੀ | ਹਿਸਾਰ |
| 93. ਜੈਮਲ ਸਿੰਘ | ਮੱਖਣ ਸਿੰਘ | ਕਰੀਵਾਲਾ | ਹਿਸਾਰ |
| ਪ੍ਰੀਤਮ ਕੌਰ | ਖਜਾਨ ਸਿੰਘ | ਹਾਰਨੀ | ਹਿਸਾਰ |
| 94. ਅਵਤਾਰ ਸਿੰਘ | ਪਿਆਰਾ ਸਿੰਘ | ਹਾਰਨੀ | ਹਿਸਾਰ |
| ਗੁਰਬਚਨ ਕੌਰ | ਜੀਵਨ ਸਿੰਘ | ਹਾਰਨੀ | ਹਿਸਾਰ |
| 95. ਗੁਰਬਚਨ ਸਿੰਘ | ਜਗਤ ਸਿੰਘ | ਸੰਤ ਨਗਰ | ਹਿਸਾਰ |
| ਬਲਜੀਤ ਕੌਰ | ਕ੍ਰਿਪਾਲ ਸਿੰਘ | ਚੱਕ | ਗੰਗਾ ਨਗਰ |
| 96. ਰੂਪ ਸਿੰਘ | ਸੁੱਚਾ ਸਿੰਘ | ਨੌਹਰ | ਗੰਗਾ ਨਗਰ |
| ਜੁਗਿੰਦਰ ਕੌਰ | ਦਰਬਾਰਾ ਸਿੰਘ | ਜੀਵਨ ਨਗਰ | ਹਿਸਾਰ |
| 97. ਗੁਰਦੇਵ ਸਿੰਘ | ਅਵਤਾਰ ਸਿੰਘ | ਸੰਤ ਨਗਰ | ਹਿਸਾਰ |
| ਅਮਰਜੀਤ ਕੌਰ | ਗਿਆਨ ਸਿੰਘ | ਸੰਤ ਨਗਰ | ਹਿਸਾਰ |
| 98. ਭਜਨ ਸਿੰਘ | ਸੇਵਾ ਸਿੰਘ | ਨਕੌੜਾ | ਹਿਸਾਰ |
| ਬਚਨ ਕੌਰ | ਭਾਗ ਸਿੰਘ | ਕੰਧਾਂਵਾਲੀ | ਫਿਰੋਜਪੁਰ |
| 99. ਬੇਅੰਤ ਸਿੰਘ | ਦੀਦਾਰ ਸਿੰਘ | ਕੰਗਨ ਪੁਰ | ਹਿਸਾਰ |
| ਸ਼ਿੰਦਰ ਕੌਰ | ਸੂਰਤਾ ਸਿੰਘ | ਕਰੀਵਾਲਾ | ਹਿਸਾਰ |
| 100 ਪਰੀਤਮ ਸਿੰਘ | ਵੀਰ ਸਿੰਘ | ਖਰੜ | ਅੰਬਾਲਾ |
| ਸਰਿੰਦਰ ਕੌਰ | ਸਾਧੂ ਸਿੰਘ | ਸਾਹਿਬ ਪੁਰਾ | ਨ. ਦਿੱਲੀ |

| | | | |
|---|---|---|---|
| 101. ਬਲਵੰਤ ਸਿੰਘ | ਬਾਵਾ ਸਿੰਘ | ਸੰਤਨਗਰ | ਹਿਸਾਰ |
| ਬਲਬੀਰ ਕੌਰ | ਤਰਲੋਕ ਸਿੰਘ | ਟਿਬੀ | ਗੰਗਾਨਗਰ |
| 102. ਦਰਬਾਰਾ ਸਿੰਘ | ਕਿਸ਼ਨ ਸਿੰਘ | ਮਾੜੀ | ਫਿਰੋਜਪੁਰ |
| ਜਗੀਰ ਕੌਰ | ਭਾਨ ਸਿੰਘ | ਖੋਟੇ | ਫਿਰੋਜਪੁਰ |
| 103. ਜਸਪਾਲ ਸਿੰਘ | ਕਰਤਾਰ ਸਿੰਘ | ਮੰਡੀ | ਹਿ: ਪ੍ਰ: |
| ਗੁਰਦੀਪ ਕੌਰ | ਪਿਆਰ ਸਿੰਘ | ਸਮਾਣਾ ਭਉ | ਕਰਨਾਲ |
| 104. ਅਛਰ ਸਿੰਘ | ਸੂਬਾ ਬਹਾਲ ਸਿੰਘ | ਰੋਡੇ | ਫਿਰੋਜਪੁਰ |
| ਮਹਿੰਦਰ ਕੌਰ | ਹਮੀਰ ਸਿੰਘ | ਦਮਦਮਾ | ਹਿਸਾਰ |
| 105. ਗਿਆਨ ਸਿੰਘ | ਗੁਰਦਿਆਲ ਸਿੰਘ | ਬੁਰਜ ਥਰੌੜ | ਬਠਿੰਡਾ |
| ਸਵਰਨ ਕੌਰ | ਗੁਰਦਿਆਲ ਸਿੰਘ | ਮੱਧੇ | ਫਿਰੋਜਪੁਰ |
| 106. ਰਣਜੀਤ ਸਿੰਘ | ਭੰਗਾ ਸਿੰਘ | ਮਸੂਰਵਾਲ | ਫਿਰੋਜਪੁਰ |
| ਸੰਤ ਕੌਰ | ਅਮਰ ਸਿੰਘ | ਭੇਖਾ | ਫਿਰੋਜਪੁਰ |
| 107. ਲਾਭ ਸਿੰਘ | ਈਸ਼ਰ ਸਿੰਘ | ਤਲਵੰਡੀ | ਬਠਿੰਡਾ |
| ਰਣਜੀਤ ਕੌਰ | ਸਰਮੁਖ ਸਿੰਘ | ਭਾਈ ਰੂਪਾ | ਬਠਿੰਡਾ |
| 108. ਗੁਰਦਿਆਲ ਸਿੰਘ | ਤਾਰਾ ਸਿੰਘ | ਰੂੜੇਕਾ | ਅੰਮ੍ਰਿਤਸਰ |
| ਨਰਿੰਦਰ ਕੌਰ | ਪਰੀਤਮ ਸਿੰਘ | ਖਾਪੜਖੇੜੀ | ਅੰਮ੍ਰਿਤਸਰ |
| 109. ਗੁਰਦੇਵ ਸਿੰਘ | ਜਗਤ ਸਿੰਘ | ਜੰਮੂ | ਤਵੀ |
| ਅਜੀਤ ਕੌਰ | ਹਰਨਾਮ ਸਿੰਘ | ਲਖਨਊ | ਯੂ.ਪੀ. |
| 110. ਧਰਮ ਸਿੰਘ | ਬਿਸ਼ਨ ਸਿੰਘ | ਗਾਡੇ ਲਖੋਵਾਲ | ਲੁਧਿਆਨਾ |
| ਭਗਵੰਤ ਕੌਰ | ਮਲ ਸਿੰਘ | ਚਰੀ | ਲੁਧਿਆਨਾ |
| 111. ਤਾਰਾ ਸਿੰਘ | ਗੁਲਜਾਰ ਸਿੰਘ | ਤਖਾਣਵਾਲਾ | ਫਿਰੋਜਪੁਰ |
| ਸੁਰਜੀਤ ਕੌਰ | ਉਜਾਗਰ ਸਿੰਘ | ਖੋਟੇ | ਫਿਰੋਜਪੁਰ |
| 112. ਹਰਜੀਤ ਸਿੰਘ | ਨਰਿੰਦਰ ਸਿੰਘ | ਚੰਗਮਈ | ਥਾਈਲੈਂਡ |
| ਦਰਸ਼ਨ ਕੌਰ | ਕਿਰਪਾਲ ਸਿੰਘ | ਰੁੜਕੀ | ਸਹਾਰਨਪੁਰ |
| 113. ਗੱਜਨ ਸਿੰਘ | ਜੈਮਲ ਸਿੰਘ | ਟਿਬੀ | ਗੰਗਾਨਗਰ |
| ਜਗੀਰ ਕੌਰ | ਬੰਤਾ ਸਿੰਘ | ਗੁਲਾਲੀਪੁਰ | ਅੰਮ੍ਰਿਤਸਰ |
| 114. ਪ੍ਰਿਥੀਪਾਲ ਸਿੰਘ | ਬਲਵੰਤ ਸਿੰਘ | ਮੰਡੀ | ਹਿ: ਪ੍ਰ: |
| ਰਵਿੰਦਰ ਕੌਰ | ਸੇਵਾ ਸਿੰਘ | ਮੰਡੀ | ਹਿ:ਪ੍ਰ: |
| 115. ਗੋਪਾਲ ਸਿੰਘ | ਸ਼ੰਗਾਰਾ ਸਿੰਘ | ਬੰਦਰਾ | ਬੰਬਈ |
| ਬਲਬੀਰ ਕੌਰ | ਵਰਿਆਮ ਸਿੰਘ | ਬੰਬਈ | |
| 116. ਬਾਬੂ ਸਿੰਘ | ਬਲਵੰਤ ਸਿੰਘ | ਤਲਵਾੜਾ | ਹਿਸਾਰ |
| ਬਲਵਿੰਦ੍ਰ ਕੌਰ | ਸਮਾ ਸਿੰਘ | ਚੱਕ8 ਐਨ.ਐਲ. | ਗੰਗਾਨਗਰ |
| 117. ਸਵਿੰਦਰ ਸਿੰਘ | ਪਰੇਮ ਸਿੰਘ | ਗਾਂਧੀ ਨਗਰ | ਦਿੱਲੀ |
| ਮਹਿੰਦਰ ਕੌਰ | ਰਤਨ ਸਿੰਘ | ਰਮੇਸ਼ਨਗਰ | ਦਿੱਲੀ |
| 118. ਵੱਸਣ ਸਿੰਘ | ਬਚਨ ਸਿੰਘ | ਗੁਰੂਨਾਨਕ ਨਗਰ | ਦਿੱਲੀ |
| ਭਜਨ ਕੌਰ | ਹਰਨਾਮ ਸਿੰਘ | ਨਡਾਲਾ | ਜਲੰਧਰ |

| | | | |
|---|---|---|---|
| 119. ਜੁਗਿੰਦਰ ਸਿੰਘ | ਹਰੀ ਸਿੰਘ | ਮੋਠ ਮਸਜਦ | ਦਿੱਲੀ |
| ਚੰਨ ਕੌਰ | ਬਲਵੰਤ ਸਿੰਘ | ਸਸੌਣਾ ਮੁਜ਼ਫਰਨਗਰ ਯੂ.ਪੀ. | |
| 120. ਜਗਤਾਰ ਸਿੰਘ | ਸ਼ੰਗਾਰਾ ਸਿੰਘ | ਕਰੀਵਾਲਾ | ਹਿਸਾਰ |
| ਹਰਭਜਨ ਕੌਰ | ਆਤਮਾ ਸਿੰਘ | ਕੰਗਣਪੁਰ | ਹਿਸਾਰ |
| 121. ਦਰਸ਼ਨ ਸਿੰਘ | ਵੀਰ ਸਿੰਘ | ਪਟਿਆਲਾ | |
| ਜੀਤ ਕੌਰ | ਦਾਨ ਸਿੰਘ | ਮੈਸਮ ਪੁਰਾ | ਅੰਮ੍ਰਿਤਸਰ |
| 122. ਕੁਲਦੀਪ ਸਿੰਘ | ਸੁੰਦਰ ਸਿੰਘ | ਗੁਰੂਨਾਨਕ ਨਗਰ | ਦਿੱਲੀ |
| ਸੰਤੋਸ਼ ਕੌਰ | ਸੰਤਾ ਸਿੰਘ | ਰਜ਼ੌਰੀ ਗਾਰਡਨ | ਦਿੱਲੀ |
| 123. ਜਗੀਰ ਸਿੰਘ | ਜਵਾਲਾ ਸਿੰਘ | ਵਾਂ.ਬੁੱਢਾ ਸਿੰਘ | ਅੰਮ੍ਰਿਤਸਰ |
| ਨਰਿੰਦਰ ਕੌਰ | ਪਰੀਤਮ ਸਿੰਘ | ਬੰਗਾਲੀਪੁਰ | ਅੰਮ੍ਰਿਤਸਰ |
| 124. ਕੰਧਾਰਾ ਸਿੰਘ | ਤਾਰਾ ਸਿੰਘ | ਕਿਰੀਆਂ | ਅੰਮ੍ਰਿਤਸਰ |
| ਵੀਰ ਕੌਰ | ਚਰਨ ਸਿੰਘ | ਵਾਂ.ਬੁੱਢਾ ਸਿੰਘ | ਅੰਮ੍ਰਿਤਸਰ |
| 125. ਉਧਮ ਸਿੰਘ | ਤਰਲੋਕ ਸਿੰਘ | ਤਾਤਲੇ | ਅੰਮ੍ਰਿਤਸਰ |
| ਮਹਿੰਦਰ ਕੌਰ | ਮੇਹਰ ਸਿੰਘ | ਬੰਗਾਲੀਪੁਰ | ਅੰਮ੍ਰਿਤਸਰ |
| 126. ਅਮਰੀਕ ਸਿੰਘ | ਸੁਲੱਖਣ ਸਿੰਘ | ਖਾਨਪੁਰ | ਪਟਿਆਲਾ |
| ਬਲਬੀਰ ਕੌਰ | ਹਰਨਾਮ ਸਿੰਘ | ਖਾਨਪੁਰ | ਪਟਿਆਲਾ |
| 127. ਸਵਿੰਦਰ ਸਿੰਘ | ਦਲੀਪ ਸਿੰਘ | ਮਹੱਲਾ ਡੋਗਰਾਂ | ਹਿਸਾਰ |
| ਸਵ੍ਰਨਜੀਤ ਕੌਰ | ਕਰਤਾਰ ਸਿੰਘ | ਰਮੇਸ਼ਨਗਰ | ਦਿੱਲੀ |
| 128. ਲਖਵਿੰਦਰ ਸਿੰਘ | ਕਰਤਾਰ ਸਿੰਘ | ਫੱਤੋਵਾਲ | ਜਲੰਧਰ |
| ਸੁਖਵਿੰਦ੍ਰ ਕੌਰ | ਧੰਨਾ ਸਿੰਘ | ਭਲੱਥ | ਜਲੰਧਰ |
| 129. ਹਰਭਜਨ ਸਿੰਘ | ਨੱਥਾ ਸਿੰਘ | ਸ਼ਹੀਦਾਂਵਾਲੀ | ਹਿਸਾਰ |
| ਪੂਰਨ ਕੌਰ | ਮੇਹਰ ਸਿੰਘ | ਰਾਣੀਆਂ | ਹਿਸਾਰ |
| 130. ਨਾਨਕ ਸਿੰਘ | ਚੈਨ ਸਿੰਘ | ਕਿਲਾ ਦੂਸ਼ਨ ਸਿੰਘ ਗੁਰਦਾਸਪੁਰ | |
| ਪਰਸਿੰਨ ਕੌਰ | ਚਰਨ ਸਿੰਘ | ਸਰਸਾ | ਹਿਸਾਰ |
| 131. ਨਿਰਮਲ ਸਿੰਘ | ਹਰਨਾਮ ਸਿੰਘ | ਕਾਲੇ ਖੁਰਦ | ਗੁਰਦਾਸਪੁਰ |
| ਸਵਿੰਦਰ ਕੌਰ | ਲਾਲ ਸਿੰਘ | ਰਮੇਸ਼ਨਗਰ | ਦਿੱਲੀ 15 |
| 132. ਨਿਰਮਲ ਸਿੰਘ | ਦਰਸ਼ਨ ਸਿੰਘ | ਸ਼ਾਦੀਪੁਰ | ਦਿੱਲੀ |
| ਸਤਵੰਤ ਕੌਰ | ਸੂਬਾ ਹਰਦਿੱਤ ਸਿੰਘ | ਸ਼ਾਮ ਨਗਰ | ਦਿੱਲੀ |
| 133. ਨਿਰਮਲ ਸਿੰਘ | ਕਰਨੈਲ ਸਿੰਘ | ਭਗਵਾਂ | ਅੰਮ੍ਰਿਤਸਰ |
| ਗੁਰਨਾਮ ਕੌਰ | ਸਾਧੂ ਸਿੰਘ | ਗੰਗੋਵਾਲ | ਅੰਮ੍ਰਿਤਸਰ |
| 134. ਦਰਸ਼ਨ ਸਿੰਘ | ਫੌਜਾ ਸਿੰਘ | ਮੰਡੀ | ਹਿ: ਪ੍ਰ: |
| ਜਸਬੀਰ ਕੌਰ | ਗੁਰਬਚਨ ਸਿੰਘ | ਮੰਡੀ | ਹਿ:ਪ੍ਰ: |
| 135. ਮਨਜੀਤ ਸਿੰਘ | ਹਰਭਜਨ ਸਿੰਘ | ਵਿਸ਼ਨੂ ਗਾਰਡਨ | ਦਿੱਲੀ |
| ਸੁਵਿੰਦਰ ਕੌਰ | ਕਰਤਾਰ ਸਿੰਘ | ਰਮੇਸ਼ ਨਗਰ | ਦਿੱਲੀ |
| 136. ਅਰਜਨ ਸਿੰਘ | ਈਸ਼ਰ ਸਿੰਘ | ਮੰਡੀ | ਹਿ:ਪ੍ਰ: |
| ਪਰਵਿੰਦਰ ਕੌਰ | ਤੇਜਾ ਸਿੰਘ | ਮੰਡੀ | ਹਿ: ਪ੍ਰ: |

| | | | |
|---|---|---|---|
| 137. ਤਾਰਾ ਸਿੰਘ | ਮੁਨਸ਼ਾ ਸਿੰਘ | ਬੀਕਾ, | ਜਲੰਧਰ |
| ਤਰਸੇਮ ਕੌਰ | ਰੱਖਾ ਸਿੰਘ | ਮੋਰੋਂ | ਜਲੰਧਰ |
| 138. ਮੇਵਾ ਸਿੰਘ | ਲਾਲ ਸਿੰਘ | ਰਮੇਸ਼ ਨਗਰ | ਦਿੱਲੀ |
| ਜੋਗਿੰਦਰ ਕੌਰ | ਬਲਵੰਤ ਸਿੰਘ | ਮੁਹੱਲਾ | ਡੋਗਰਾਂ ਹਿਸਾਰ |
| 139. ਸੁਰਜੀਤ ਸਿੰਘ | ਗੁਰਬਖਸ਼ ਸਿੰਘ | ਭਲੱਥ | ਜਲੰਧਰ |
| ਸਿੰਦਰ ਕੌਰ | ਹਰਨਾਮ ਸਿੰਘ | ਲਿਟਾਂ | ਜਲੰਧਰ |
| 140. ਹਰਚਰਨ ਸਿੰਘ | ਸਾਧੂ ਸਿੰਘ | ਛਨਾਂ | ਸੰਗਰੂਰ |
| ਨਸ਼ੱਤਰ ਕੌਰ | ਗੁਰਬਚਨ ਸਿੰਘ | ਸੰਤ ਨਗਰ | ਹਿਸਾਰ |
| 141. ਮਾਨ ਸਿੰਘ | ਕਰਮ ਸਿੰਘ | ਕੰਡੀਆਲਾ | ਗੁਰਦਾਸਪੁਰ |
| ਗੁਰਮੀਤ ਕੌਰ | ਅੱਛਰ ਸਿੰਘ | ਮੁਨਾਂ ਕਲਾਂ | ਗੁਰਦਾਸਪੁਰ |
| 142. ਸਵਰਨ ਸਿੰਘ | ਜਗਤ ਸਿੰਘ | ਸੈਨਪੁਰ ਜਲੰਧਰ | |
| ਗਿਆਨ ਕੌਰ | ਊਧਮ ਸਿੰਘ | ਗੜੀ ਮਹਾਂ ਸਿੰਘ | ਜਲੰਧਰ |
| 143. ਗੁਰਦਿਆਲ ਸਿੰਘ | ਸੁਚਾ ਸਿੰਘ | ਰੁੜਕਾ | ਜਲੰਧਰ |
| ਪੰਜਾਬ ਕੌਰ | ਕਰਤਾਰ ਸਿੰਘ | ਗੜ੍ਹ ਪਧਾਣਾ | ਜਲੰਧਰ |
| 144. ਇਕਬਾਲ ਸਿੰਘ | ਫੌਜਾ ਸਿੰਘ | ਲਿਟਾਂ | ਜਲੰਧਰ |
| ਜਸਵਿੰਦਰ ਕੌਰ | ਦੀਦਾਰ ਸਿੰਘ | ਰਾਈ ਪਿੰਡ | ਹੁਸ਼ਿਆਰਪੁਰ |
| 145. ਦਰਸ਼ਨ ਸਿੰਘ | ਕਿਰਪਾ ਸਿੰਘ | ਆਜ਼ਾਦਪੁਰ | ਦਿੱਲੀ |
| ਬਲਬੀਰ ਕੌਰ | ਕਰਤਾਰ ਸਿੰਘ | ਸੰਤ ਨਗਰ | ਹਿਸਾਰ |
| 146. ਲਖਵੰਤ ਸਿੰਘ | ਹਰਨਾਮ ਸਿੰਘ | ਫੱਜੂਪੁਰਾ | ਗੁਰਦਾਸਪੁਰ |
| ਬਾਵੀ | ਕਰਤਾਰ ਸਿੰਘ | ਮਹਿਮੂਦਪੁਰ | ਬਟਾਲਾ |
| 147. ਦਿਆਲ ਸਿੰਘ | ਕਰਤਾਰ ਸਿੰਘ | ਨਾਗਰ | ਜਲੰਧਰ |
| ਨਿਰਮਲ ਕੌਰ | ਪੂਰਨ ਸਿੰਘ | ਗੜ੍ਹ ਪਧਾਣਾ | ਜਲੰਧਰ |
| 148. ਪੂਰਨ ਸਿੰਘ | ਸਵਰਨ ਸਿੰਘ | ਖਤਰਾਅ | ਅੰਮ੍ਰਿਤਸਰ |
| ਜਸਵਿੰਦਰ ਕੌਰ | ਗਿਆਨ ਸਿੰਘ | ਭੋਇਵਾਲੀ | ਅੰਮ੍ਰਿਤਸਰ |
| 149. ਜੰਗ ਸਿੰਘ | ਕਰਨੈਲ ਸਿੰਘ | ਗਿਲ ਕਲਾਂ | ਬਠਿੰਡਾ |
| ਮਹਿੰਦਰ ਕੌਰ | ਸੰਤ ਸਿੰਘ | ਬਾਜਾ ਖਾਨਾ | ਬਠਿੰਡਾ |

**ਸੰਗਤਾਂ ਦੇ ਧਿਆਨ ਯੋਗ:–** 3 ਜੂਨ 1863 ਈ: ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਹਜ਼ੂਰੀ ਵਿੱਚ ਹੋਏ ਛੇ ਅਨੰਦ ਕਾਰਜਾਂ ਵਾਲੇ ਲੜਕੇ-ਲੜਕੀਆਂ ਦੇ ਨਾਮ ਇਤਿਹਾਸ ਵਿਚ ਲਿਖੇ ਮਿਲਦੇ ਹਨ। ਉਸ ਤੋਂ ਬਾਅਦ 3 ਜੂਨ 1963 ਈ: ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਮਨਾਈ ਗਈ ਅਨੰਦ ਸ਼ਤਾਬਦੀ ਸਮੇਂ ਹੋਏ 149 ਅਨੰਦ ਕਾਰਜਾਂ ਦੇ ਨਾਮ ਵੀ ਇਤਿਹਾਸ ਵਿੱਚ ਦਰਜ ਹਨ। ਹੁਣ ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ ਸਮੇਂ ਸਤਿਗੁਰੂ ਉਦੇ ਸਿੰਘ ਜੀ ਦੀ ਛਤਰ-ਛਾਇਆ ਹੇਠ ਹੋਣ ਵਾਲੇ ਸੌ ਅਨੰਦ ਕਾਰਜਾਂ ਵਾਲੇ ਜੋੜਿਆਂ ਦੇ ਨਾਮ ਵੀ ਇਤਿਹਾਸ ਵਿੱਚ ਸਦੀਵੀ ਸੁਰੱਖਿਅਤ ਰਹਿਣਗੇ। ਇਸ ਲਈ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਹੈ ਕਿ ਆਪਣੇ ਵਿਆਹ ਯੋਗ ਲੜਕੇ ਲੜਕੀਆਂ ਦੇ ਰਿਸ਼ਤੇ ਤੈਅ ਕਰਕੇ ਆਪਣੇ ਇਲਾਕੇ ਦੇ ਸੂਬੇ ਸਾਹਿਬਾਨ ਰਾਹੀਂ ਸ੍ਰੀ ਭੈਣੀ ਸਾਹਿਬ ਸੂਬਾ ਬਲਵਿੰਦਰ ਸਿੰਘ ਜੀ ਪਾਸ ਨੋਟ ਕਰਵਾਉ ਜੀ।

–ਸੰਪਾਦਕ

# ਅਨੰਦ ਸ਼ਤਾਬਦੀ ਦੀ ਸਫ਼ਲਤਾ

(ਸਤਿਜੁਗ ਦੇ ਖਜਾਨੇ 'ਚੋਂ) ਸਵ. ਕਵੀ ਪ੍ਰੀਤਮ ਸਿੰਘ

ਕੋਈ 15-20 ਅਖਬਾਰਾਂ ਦੇ ਨੁਮਾਇੰਦੇ, ਰੇਡੀਓ ਪ੍ਰਤੀਨਿਧ ਤੇ ਫਿਲਮਾਂ ਲਈ ਕੰਮ ਕਰਨ ਵਾਲੇ ਸੱਜਣਾਂ ਨਾਲ ਅਸੀਂ ਦਿੱਲੀ ਤੋਂ ਖੋਟੇ ਨਗਰ ਪੁੱਜੇ। ਸ੍ਰੀ ਮਹਾਰਾਜ ਬੀਰ ਸਿੰਘ ਜੀ ਦਾ ਪ੍ਰਬੰਧ ਲਾ ਮਿਸਾਲ ਸੀ, 149 ਜੋੜਿਆਂ ਦਾ ਬੈਠਿਆਂ ਹੋਣਾ ਇਕ ਦੈਵੀ ਦ੍ਰਿਸ਼ ਪੇਸ਼ ਕਰ ਰਿਹਾ ਸੀ। ਇਹ ਸਤਿਗੁਰੂ ਹੀ ਹਨ ਜਿਨ੍ਹਾਂ ਦੇ ਆਮ ਬੁਲਾਵੇ ਨਾਲ ਨਾਮਧਾਰੀਆਂ ਨੇ 298 ਯੁਵਕ ਯੁਵਤੀਆਂ ਨੂੰ ਇਕੋ ਹਵਨ ਮੰਡਪ ਦੇ ਚੁਫੇਰੇ ਘੇਰੇ ਵਿੱਚ149 ਸਾਂਝੇ ਪ੍ਰਵਾਰਾਂ ਵਿਚ ਬਦਲਣ ਲਈ ਤਿਆਰ ਕਰ ਦਿੱਤਾ।

ਜੋ ਕੁਝ ਆਮ ਨਜ਼ਰ ਆ ਰਹੀ ਸੀ ਉਹ ਉਹਨਾਂ ਦੀ ਮਹਾਨ ਦ੍ਰਿੜ੍ਹਤਾ ਸੀ। ਜਿਸ ਸਦਕਾ ਉਹ ਅਸੰਭਵ ਨੂੰ ਸੰਭਵ ਕਰ ਦਿੰਦੇ ਹਨ, ਦੋ ਮਹੀਨਿਆਂ ਦੇ ਸੰਖੇਪ ਅਰਸੇ ਵਿੱਚ 149 ਅਨੰਦ ਕਾਰਜਾਂ ਦਾ ਤਿਆਰ ਹੋ ਜਾਣਾ ਨਾਮਧਾਰੀਆਂ ਦਾ ਆਪਣੇ ਸਤਿਗੁਰੂ ਉੱਤੇ ਵਿਸ਼ਵਾਸ ਦਾ ਬੜਾ ਸ਼ਾਨਦਾਰ ਪ੍ਰਗਟਾਵਾ ਸੀ।

ਇਕ ਅ-ਪ੍ਰਸਿੱਧ ਨਗਰ ਖੋਟਾ ਭਾਵੇਂ ਆਪਣੇ ਤੋਂ 15 ਕੋਹਾਂ ਤੋਂ ਬਾਹਰਵਾਰ ਨਾ ਜਾਣਿਆ ਜਾਂਦਾ ਹੋਵੇ, ਪਰ ਇਨ੍ਹਾਂ ਸਮੂਹਕ ਅਨੰਦ ਕਾਰਜਾਂ ਦੀ ਸ਼ਾਨ ਸਦਕਾ ਅਖਬਾਰ ਨਵੀਸਾਂ, ਫੋਟੋਗ੍ਰਾਫ਼ਰਾਂ, ਟੈਲੀਵਿਜ਼ਨ, ਮੂਵੀ ਕੈਮਰੇ ਵਾਲਿਆਂ ਤੇ ਰੇਡੀਓ ਨੇ ਦੁਨੀਆਂ ਦੇ ਕੋਨੇ-ਕੋਨੇ ਵਿੱਚ ਇਸਨੂੰ ਸ਼ੁਹਰਤ ਦਿੱਤੀ ਹੈ।

ਨਾਮਧਾਰੀਆਂ ਵਿੱਚ ਵੀ ਨਾ ਮਾਲੂਮ ਪਿੰਡ ਵਿੱਚ 149 ਜੋੜਿਆਂ ਦਾ ਦੰਪਤੀ ਜੀਵਨ ਵਿਚ ਪ੍ਰਵੇਸ਼। ਜੋ ਕੁਝ ਹੋ ਸੱਕਿਆ ਹੈ ਤੇ ਜੋ ਚਿਰ ਸਥਾਈ ਰਹਿਣ ਵਾਲਾ ਹੈ ਉਹ ਹੈ ਅਖਬਾਰੀ ਜਗਤ ਵਿੱਚ ਇਸ ਅਨੰਦ ਸ਼ਤਾਬਦੀ ਸਮਾਗਮ ਦਾ ਭਰਵਾਂ ਪ੍ਰਾਪੇਗੰਡਾ। ਆਮ ਲੋਕਾਂ ਉੱਤੇ ਅਖਬਾਰ ਨਵੀਸਾਂ ਅਤੇ ਰੇਡੀਓ ਰੀਪੋਰਟਰਾਂ ਉੱਤੇ ਇਸ ਗੱਲ ਦਾ ਗੰਭੀਰ ਪ੍ਰਭਾਵ ਪਿਆ ਹੈ ਕਿ ਨਾਮਧਾਰੀ ਲੋਕ ਆਪਣੇ ਸਤਿਗੁਰਾਂ ਉੱਤੇ ਕੇਡੀ ਗਹਿਰੀ ਸ਼ਰਧਾ ਰੱਖਦੇ ਹਨ, ਜਿਨ੍ਹਾਂ ਦੇ ਇੱਕ ਹੁਕਮ ਨਾਲ ਇਹ ਦੇਸ਼ਾਂ ਪਰਦੇਸ਼ਾਂ ਵਿਚੋਂ ਅਤੇ ਦੂਰ-ਦੁਰਾਡੇ ਤੋਂ ਆ ਕੇ, ਸਿੱਧੇ, ਸਾਦੇ ਤੇ ਘੱਟ ਖਰਚੀਲੇ ਵਿਆਹਾਂ ਨੂੰ ਅਨੰਦ ਦੀ ਸਮੂਹਿਕ ਸ਼ਕਲ ਦੇਣ ਲਈ ਉਤਸ਼ਾਹਤ ਹੋਏ।

ਇੱਕ ਬਹੁਤ ਵੱਡੀ ਗੋਲਾਈ ਵਿੱਚ ਬੈਠੇ ਇਹ ਯੁਵਕ ਯੁਵਤੀਆਂ, ਜਿਨ੍ਹਾਂ ਹੁਣੇ ਹੀ ਸਾਂਝੇ ਜੀਵਨ ਦੀਆਂ ਜ਼ਿੰਮੇਵਾਰੀਆਂ ਆਪਣੇ ਜਵਾਨ ਮੋਢਿਆਂ ਤੇ ਉਠਾਣੀਆਂ ਸਨ, ਸਫੈਦ ਬਸਤ੍ਰਾਂ ਵਿੱਚ ਸੁਸੱਜਤ ਸਨ, ਯੁਵਤੀਆਂ ਦੇ ਮੂੰਹ ਨੰਗੇ ਸਨ ਅਤੇ ਇਸ ਮਹਾਨ ਸਾਦਾ ਕਿਸਮ ਦੇ ਵਿਆਹਾਂ ਨੂੰ ਤੱਕ ਕੇ ਪੱਤਰਕਾਰ ਲੋਕ ਹੈਰਾਨ ਹੋ ਗਏ, ਦ੍ਰਵਿਤ ਹੋ ਗਏ। ਪੱਤਰਕਾਰਾਂ ਨੇ ਉਸ ਜਗਤ ਨੂੰ ਮਾਣਿਆ ਤੇ ਡਿੱਠਾ ਹੈ ਜਿਸ ਅਧੀਨ ਹਜ਼ਾਰਾਂ ਦਾ ਖਰਚ ਸ਼ਾਦੀਆਂ ਉੱਤੇ ਹੋ ਕੇ ਫਿਰ ਵੀ ਗੱਲਾਂ ਨਿਕਲਦੀਆਂ ਹਨ, ਉਹਨਾਂ ਨੂੰ ਇਹਨਾਂ ਖਰਚੀਲੀਆਂ ਸ਼ਾਦੀਆਂ ਰਾਹੀਂ ਹੁੰਦੀਆਂ ਬਰਬਾਦੀਆਂ ਦਾ ਵੀ ਚੇਤਾ ਸੀ ਤੇ ਉਹ ਵਿਖਾਵੇ ਨਾਲ ਨਹੁੰ-ਨਹੁੰ ਭਰੇ ਸਮਾਜ ਤੋਂ ਵੀ ਭਲੀ ਭਾਂਤ ਵਾਕਫ਼ ਸਨ। ਉਹਨਾਂ ਦੀ ਕਲਪਨਾ ਵਿਚ ਵੀ ਨਹੀਂ ਸੀ ਕਿ ਕੋਈ ਭਾਰਤੀ ਸਮਾਜ ਐਸਾ ਵੀ ਹੈ ਜਿਸਦੇ ਜੁਆਨ ਮੁੰਡੇ ਕੁੜੀਆਂ ਇਕ ਵੀ ਗਹਿਣਾ ਨਹੀਂ ਪਹਿਨਦੇ, ਏਥੋਂ ਤੱਕ ਕਿ ਵੀਣੀਆਂ ਤੇ ਸਾਧਾਰਨ ਚੂੜੀਆਂ ਵੀ ਛਣਕਾਰ ਨਹੀਂ ਕਰਦੀਆਂ।

ਸਾਡੀ ਜ਼ਿੰਦਗੀ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਨੰਦ ਸ਼ਤਾਬਦੀ ਦਾ ਵਿਚਾਰ ਲਿਆ ਕੇ ਅਤੇ ਇਸਨੂੰ ਇਸ ਸਾਦੇ ਤਰੀਕੇ ਨਾਲ ਮਨਾ ਕੇ, ਇਕ ਨਾ ਭੁੱਲਣ ਵਾਲਾ ਇਤਿਹਾਸ ਬਣਾ ਦਿੱਤਾ ਹੈ।

ਮੈਂ, ਤਾਂ ਇਸ ਅਨੰਦ ਸ਼ਤਾਬਦੀ ਸਮਾਗਮ ਦੇ ਪ੍ਰਭਾਵ ਨੂੰ ਏਸ ਪੱਖੋਂ ਲੈਂਦਾ ਹਾਂ ਕਿ ਇਹ ਨਾਮਧਾਰੀ ਜਗਤ ਦੀ ਉਨਤੀ ਦਾ ਅਕੱਟ ਪ੍ਰਮਾਣ ਹੈ। ਜਿਸ ਸਮਾਜ ਨੂੰ ਕਦੇ 'ਪਹਿਲੇ ਛੇ ਅਨੰਦ' ਕਰਨ ਦੀ ਏਡੀ ਵੱਡੀ ਸਜ਼ਾ ਮਿਲੀ ਕਿ ਉਸਦੇ ਸਤਿਗੁਰੂ ਜੀ ਨੂੰ ਥਾਣਿਓਂ-ਥਾਣੀਂ ਭੈਣੀ ਸਾਹਿਬ ਜਾਣਾ ਪਿਆ, ਜਿਸ ਸਦਕਾ ਕਚਹਿਰੀਆਂ ਭੁਗਤਣੀਆਂ ਪਈਆਂ, ਉਸੇ ਪਰੰਪਰਾ ਅਨੁਸਾਰ ਅੱਜ 149 ਆਨੰਦ ਕਾਰਜ ਹੋਏ, ਕੋਈ ਰੋਕਣ ਵਾਲਾ ਨਹੀਂ ਸੀ, ਸਗੋਂ ਇਨ੍ਹਾਂ ਤੋਂ ਸਾਦਗੀ ਦੀ ਪ੍ਰੇਰਣਾ ਲੈਣ ਵਾਲੇ ਲੋਕ ਦਰਸ਼ਕ ਸਨ। ਇਸ ਸਮਾਗਮ ਦੇ ਪ੍ਰਭਾਵ ਤੋਂ ਮੈਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀ ਉੱਚੀ ਸੋਚ ਦਾ ਅਨੁਭਵ ਵੀ ਕਰਦਾ ਹਾਂ, ਜਿਨ੍ਹਾਂ ਨਾਮਧਾਰੀ ਪ੍ਰਚਾਰ ਖੇਤਰ ਨੂੰ ਵਿਸ਼ਾਲਣ ਲਈ ਸਭ ਤਰ੍ਹਾਂ ਦੇ ਪ੍ਰਾਪੇਗੰਡੇ ਦੇ ਸਾਧਨਾਂ ਨੂੰ ਵਰਤਣ ਦੀ ਖੁਲ੍ਹ ਦਿੱਤੀ, ਤੇ ਇਸ ਸਮਾਗਮ ਤੋਂ ਏਹ ਵੀ ਠੋਸ ਤਰ੍ਹਾਂ ਸਪਸ਼ਟ ਹੋਇਆ ਹੈ ਕਿ ਨਾਮਧਾਰੀ ਜਗਤ ਕਿਵੇਂ ਹਜ਼ੂਰ ਨੂੰ ਪਿਆਰਦਾ ਤੇ ਪਰਵਾਨਦਾ ਹੈ। ਗਰਮੀ ਦੇ ਜਾਨ ਲੇਵਾ ਦਿਨਾਂ ਵਿਚ ਲੋਕ ਦੂਰ ਦਰਾਜ਼ ਤੋਂ ਇਹ ਦ੍ਰਿਸ਼ ਦੇਖਣ ਹੀ ਨਾ ਆਏ ਸਗੋਂ ਉਨਾਂ ਨੇ ਸਤਿਗੁਰੂ ਜੀ ਦੀ ਮੰਗ ਅਨੁਸਾਰ ਸੌ ਅਨੰਦ ਕਾਰਜਾਂ ਤੋਂ ਡਿਉਢੇ ਅਨੰਦ ਲੈ ਕੇ ਆਂਦੇ। ਕੋਈ ਸ਼ੱਕ ਨਹੀਂ ਕਿ ਜੇ ਸਤਿਗੁਰੂ ਜੀ ਏਸੇ ਇੱਛਾ ਦਾ ਇਜ਼ਹਾਰ ਪੰਜ-ਛੇ ਮਹੀਨੇ ਪਹਿਲੇ ਕਰਦੇ ਤਾਂ ਅਨੰਦ ਕਾਰਜਾਂ ਦੀ ਗਿਣਤੀ ਭਾਵੇਂ 500 ਤੱਕ ਹੋ ਜਾਂਦੀ।

ਇਸ ਅਨੰਦ ਕਾਰਜ ਸਮਾਰੋਹ ਨਾਲ ਆਮ ਲੋਕਾਂ ਨੂੰ ਪਤਾ ਲੱਗਾ ਹੈ ਕਿ-

1) ਅਨੰਦ ਕਾਰਜਾਂ ਦੇ ਮੋਢੀ ਨਾਮਧਾਰੀ ਹਨ।

(2) ਇਹ ਮਰਯਾਦਾ ਸਤਿਗੁਰੂ ਰਾਮ ਸਿੰਘ ਜੀ ਨੇ ਚਾਲੂ ਕੀਤੀ।

(3) ਨਾਮਧਾਰੀ ਇੱਕ ਮੱਤ ਹੈ ਜੋ ਸਿੱਖ ਭਾਈਚਾਰੇ ਨਾਲ ਸਬੰਧਤ ਹੈ।

(4)ਇਹ ਦਸ ਗੁਰੂਆਂ ਤੋਂ ਅਗਾਂਹ ਵੀ ਕਿਸੇ ਨੂੰ ਗੁਰੂ ਕਹਿੰਦੇ ਹਨ।

5) ਨਾਮਧਾਰੀ ਦੇਹਧਾਰੀ ਗੁਰੂ ਦੀ ਥਿਊਰੀ ਨੂੰ ਗੁਰੂ ਗਰੰਥ ਸਾਹਿਬ ਦੀ ਬਾਣੀ ਦੇ ਅਨੁਸਾਰ ਹੀ ਮੰਨਦੇ ਹਨ।

(6) ਨਾਮਧਾਰੀਆਂ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਕਮਾਨ ਹੇਠ ਦੇਸ਼ ਦੀ ਸੁਤੰਤਰਤਾ ਲਈ ਸਭ ਤੋਂ ਪਹਿਲਾਂ ਲੜਾਈ ਲੜੀ।

(7) ਗੁਰੂ ਰਾਮ ਸਿੰਘ ਜੀ ਨੇ ਹੀ ਉਨ੍ਹਾਂ ਅਸੂਲਾਂ ਨੂੰ ਸਭ ਤੋਂ ਪਹਿਲੋਂ ਭਾਰਤ ਵਿਚ ਪਰਚਾਰਿਆਂ ਤੇ ਵਰਤੋਂ ਵਿੱਚ ਲਿਆਂਦਾ ਜਿਸਦੇ ਪ੍ਰਯੋਗ ਨਾਲ ਬਾਅਦ ਵਿੱਚ ਮਹਾਤਮਾਂ ਗਾਂਧੀ ਜੀ ਨੇ ਭਾਰਤ ਨੂੰ ਸੁਤੰਤਰਤਾ ਦੇ ਕੰਢੇ ਲਿਆਂਦਾ।

8) ਵਰਤਮਾਨ ਸਮੇਂ ਵਿਚ ਨਾਮਧਾਰੀਆਂ ਦੇ ਗੁਰੂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹਨ, ਜੋ ਨੌਜੁਆਨ, ਉਤਸ਼ਾਹੀ, ਪਹਿਲ ਕਦਮੀ ਕਰਨ ਵਾਲੇ, ਮਿਲਾਪੜੇ ਤੇ ਪੰਥ ਪ੍ਰਚਾਰ ਲਈ ਸਾਰੇ ਵਸੀਲੇ ਵਰਤ ਕੇ ਕਲਿਜੁਗ ਵਿੱਚ ਸਤਿਜੁਗੀ ਵਾਤਾਵਰਣ ਕਾਇਮ ਕਰ ਰਹੇ ਹਨ ਤੇ ਨਾ ਸਿਰਫ ਕਾਇਮ ਹੀ, ਸਗੋਂ ਇਸਨੂੰ ਵਧਾ ਰਹੇ ਹਨ।

# ਨਾਮਧਾਰੀ ਯਾਦਗਾਰ ਪਿੰਡ ਸਿਆੜ੍ਹ

ਮਾ. ਗੁਰਦੇਵ ਸਿੰਘ ਸਿਆੜ੍ਹ

ਜਿਥੈ ਜਾਇ ਬਹੈ ਮੇਰਾ ਸਤਿਗੁਰੂ
ਸੋ ਥਾਨੁ ਸੁਹਾਵਾ ਰਾਮ ਰਾਜੇ।
ਗੁਰ ਸਿਖੀਂ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ।

ਜਿਸ ਸਥਾਨ ਤੇ ਸਤਿਗੁਰੂ ਜੀ ਦੇ ਚਰਨ ਪੈ ਜਾਂਦੇ ਹਨ। ਉਹ ਥਾਂ ਪਵਿੱਤਰ ਹੋ ਜਾਂਦੀ ਹੈ। ਗੁਰ ਸਿੱਖ ਉਸ ਸਥਾਨ ਨੂੰ ਲੱਭ ਕੇ ਉਸ ਸਥਾਨ ਦੀ ਧੂੜੀ ਨੂੰ ਮੱਥੇ ਨੂੰ ਲਗਾਉਂਦੇ ਹਨ। ਆਪਣਾ ਜੀਵਨ ਸਫਲਾ ਕਰਦੇ ਹਨ। ਪਿੰਡ ਸਿਆੜ੍ਹ (ਲੁਧਿਆਣਾ) ਸ੍ਰੀ ਭੈਣੀ ਸਾਹਿਬ ਤੋਂ ਦੱਖਣ ਵਾਲੇ ਪਾਸੇ 22 ਕਿਲੋਮੀਟਰ ਤੇ ਵਸਿਆ ਹੋਇਆ ਹੈ। ਇਸ ਪਿੰਡ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕਈ ਵਾਰੀ ਚਰਨ ਪਾਏ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਿੰਡ ਸਿਆੜ੍ਹ ਨੂੰ ਸ੍ਰੀ ਭੈਣੀ ਸਾਹਿਬ ਦੀ ਡਿਉਢੀ ਕਿਹਾ ਕਰਦੇ ਸੀ।ਉਸ ਸਮੇਂ ਪਿੰਡ ਦੇ ਕਾਫੀ ਪਰਿਵਾਰ ਨਾਮਧਾਰੀ ਸੱਜ ਚੁੱਕੇ ਸਨ। ਉਸ ਸਮੇਂ ਪਿੰਡ ਦੀ ਅਬਾਦੀ 1900 ਦੇ ਲੱਗਭਗ ਸੀ। ਜੋ ਅੱਜ 6000 ਦੇ ਲੱਗਭਗ ਹੈ। ਇਸ ਪਿੰਡ ਦੀਆਂ ਦੋ ਘਟਨਾਵਾਂ ਨਾਮਧਾਰੀ ਇਤਿਹਾਸ ਵਿਚ ਮਹੱਤਵ ਪੂਰਨ ਸਥਾਨ ਰਖਦੀਆਂ ਹਨ।

ਪਹਿਲੀ ਘਟਨਾ 1 ਜੂਨ 1863 (ਜੇਠ ਦੀ ਪੂਰਨਮਾਸ਼ੀ ਸੰਮਤ 1920) ਦਿਨ ਸੋਮਵਾਰ ਦੀ ਹੈ। ਇਸ ਦਿਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਮਾਈਆਂ ਨੂੰ ਅੰਮ੍ਰਿਤ ਛਕਾ ਕੇ ਭਾਈਆਂ ਦੇ ਬਰਾਬਰ ਕੀਤਾ ਸੀ। ਇਸਤਰੀ ਵਰਗ ਉਸ ਸਮੇਂ ਬਹੁਤ ਦੱਬਿਆ ਕੁਚਲਿਆ ਸੀ। ਇਸ ਨੂੰ ਆਪਣੀ ਗੱਲ ਕਹਿਣ ਅਤੇ ਮਨ ਦੀ ਗੱਲ ਕਰਨ ਦਾ ਕੋਈ ਅਧਿਕਾਰ ਨਹੀਂ ਸੀ। ਸਤਿਗੁਰੂ ਜੀ ਨੇ ਇਸਤਰੀ ਜਾਤੀ ਦੇ ਸੁਧਾਰ ਵਜੋਂ ਸਭ ਤੋਂ ਪਹਿਲਾਂ ਪਿੰਡ ਸਿਆੜ੍ਹ ਦੀ ਮਾਤਾ ਖੇਮ ਕੌਰ ਸਮੇਤ 25 ਹੋਰ ਬੀਬੀਆਂ ਨੂੰ ਉਸੇ ਦਿਨ ਅੰਮ੍ਰਿਤ ਛਕਾਇਆ। ਇਹ ਇੱਕ ਕ੍ਰਾਂਤੀਕਾਰੀ ਕਦਮ ਸੀ।

ਦੂਸਰੀ ਘਟਨਾ 16-17 ਜਨਵਰੀ 1872 ਈ. ਦੀ ਹੈ। ਜਦੋਂ ਨਾਮਧਾਰੀ ਸ਼ਹੀਦੀ ਜਥੇ ਨੂੰ ਮਲੇਰਕੋਟਲੇ ਤੋਪਾਂ ਨਾਲ ਉਡਾਉਣ ਦੀ ਤਿਆਰੀ ਹੋ ਚੁੱਕੀ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਪਣੇ ਸਿੱਖਾਂ ਸੇਵਕਾਂ ਸਾਹਿਤ ਪਿੰਡ ਸਿਆੜ੍ਹ ਪਹੁੰਚ ਗਏ ਸਨ। ਸ੍ਰੀ ਸਤਿਗੁਰੂ ਜੀ ਦਾ ਡੇਰਾ ਸੂ. ਰਣ ਸਿੰਘ ਅਤੇ ਸੂ. ਬੇਲਾ ਸਿੰਘ ਜੀ ਦੇ ਘਰ ਸੀ। ਉਸ ਸਮੇਂ ਨਾਮਧਾਰੀਆਂ ਤੇ ਕਾਫੀ ਪਾਬੰਦੀਆਂ ਲੱਗ ਚੁੱਕੀਆਂ ਸਨ। ਜਦ ਚੁਬਾਰੇ ਵਿਚ ਤੋਪ ਚੱਲਣ ਦੀ ਅਵਾਜ਼ ਸੁਣੀ ਤਾਂ ਸਤਿਗੁਰੂ ਜੀ ਸੂਬਾ ਕਾਹਨ ਸਿੰਘ ਨੂੰ ਕਿਹਾ ਚੁਬਾਰੇ ਚੜ੍ਹ ਕੇ ਸੁਣ ਤੋਪ ਖਾਲੀ ਚਲੀ ਹੈ ਜਾਂ ਭਰਮਾਰ ਕਾਹਨ ਸਿੰਘ ਨੇ ਦੱਸਿਆ ਕਿ ਤੋਪ ਭਰਮਾਰ ਹੈ ਜੀ। ਸਤਿਗੁਰੂ ਜੀ ਨੇ ਸੇਵਕਾਂ ਨੂੰ ਹੁਕਮ ਕੀਤਾ ਸ੍ਰੀ ਭੈਣੀ ਸਾਹਿਬ ਜਾਣ ਲਈ ਤਿਆਰੀ ਕਰੋ। ਸਤਿਗੁਰੂ ਜੀ ਘੋੜਿਆਂ ਤੇ ਸਵਾਰ ਹੋ ਸੇਵਕਾਂ ਸਮੇਤ ਸ੍ਰੀ ਭੈਣੀ ਸਾਹਿਬ ਨੂੰ ਵਾਪਿਸ ਮੁੜ ਪਏ।

ਉਪਰੋਕਤ ਦੋਹਾਂ ਘਟਨਾ ਸਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੂ. ਰਣ ਸਿੰਘ ਅਤੇ ਸੂ. ਬੇਲਾ ਦੇ ਘਰ ਦੇ ਚੁਬਾਰੇ ਵਿੱਚ ਠਹਿਰੇ ਸਨ। ਇਹ ਦੋਵੇਂ ਭਰਾ ਸਤਿਗੁਰੂ ਜੀ ਦੇ ਵਿਸ਼ਵਾਸ ਪਾਤਰ ਸਨ। ਦੋਹਾਂ ਭਰਾਵਾਂ ਦਾ ਪਿੰਡ ਵਿੱਚ ਚੰਗਾ ਅਸਰ ਰਸੂਖ ਸੀ। ਰਣ ਸਿੰਘ ਦੇ ਚਾਰ ਪੁੱਤਰ ਹੋਏ। ਰਾਇ ਸਿੰਘ, ਲਾਲ ਸਿੰਘ, ਕਰਮ ਸਿੰਘ ਅਤੇ ਭਗਵਾਨ ਸਿੰਘ। ਸੂ. ਬੇਲਾ ਸਿੰਘ ਦੇ ਤਿੰਨ ਪੁੱਤਰ ਸੂ. ਗੁਰਦਿੱਤ ਸਿੰਘ, ਬਾਗ ਸਿੰਘ ਅਤੇ ਭਾਗ ਸਿੰਘ। ਪਰਿਵਾਰ ਵੱਡਾ ਹੋਣ ਕਰਕੇ ਇਸ ਹਵੇਲੀ ਨੂੰ ਦੋਹਾਂ ਭਰਾਵਾਂ ਨੇ ਵੰਡ ਲਿਆ। ਪੂਰਬ ਵਾਲਾ ਪਾਸਾ ਸੂ. ਬੇਲਾ ਸਿੰਘ ਨੇ ਲੈ ਲਿਆ, ਪੱਛਮ ਵਾਲਾ ਸੂ. ਰਣ ਸਿੰਘ ਨੇ ਸਾਂਭ ਲਿਆ। ਰਣ ਸਿੰਘ ਦੇ ਲੜਕੇ ਵਿਆਹੇ ਗਏ। ਉਨ੍ਹਾਂ ਬਾਹਰ ਮਕਾਨ ਬਣਾ ਲਏ। ਇਸ ਥਾਂ ਨੂੰ ਵੇਚ ਦਿੱਤਾ ਗਿਆ। ਸੂ. ਬੇਲਾ ਸਿੰਘ ਦੇ ਪਰਿਵਾਰ ਵਿੱਚੋਂ ਗੁਰਦਿੱਤ ਨੇ ਵੀ ਮਕਾਨ ਬਾਹਰ

ਬਣਾ ਲਏ। ਬੇਲਾ ਸਿੰਘ ਦੇ ਪੁੱਤਰ ਭਾਗ ਸਿੰਘ ਦਾ ਪੁੱਤਰ ਸ੍ਰ. ਬੱਗਾ ਸਿੰਘ 1950 ਤੀਕ ਇਸ ਘਰ ਵਿੱਚ ਹੀ ਰਿਹਾ। ਇਸ ਘਰ ਨੂੰ ਆਉਣ ਵਾਲੀ ਗਲੀ ਤੰਗ ਅਤੇ ਕੱਚੀ ਸੀ। ਪਾਣੀ ਦੇ ਨਿਕਾਸ ਲਈ ਵਿਚਕਾਰ ਕੱਚੀ ਨਾਲੀ ਹੁੰਦੀ ਸੀ। ਜਦੋਂ ਮੀਂਹ ਪੈ ਜਾਂਦਾ ਤਾਂ ਗੱਡੀਆਂ ਤੋਂ ਉੱਤਰ ਕੇ ਗਾਰੇ ਵਿੱਚੋਂ ਦੀ ਹੀ ਤੁਰਨਾ ਪੈਂਦਾ ਸੀ। ਪਸ਼ੂਆਂ ਲਈ ਪੱਠੇ ਸਿਰ ਉੱਪਰ ਲਿਆਉਣੇ ਪੈਂਦੇ ਸਨ ਕਿਉਂਕਿ ਗਲੀ ਤੰਗ ਹੋਣ ਕਰਕੇ ਗੱਡੇ ਇੱਥੇ ਨਹੀਂ ਸਨ ਆ ਸਕਦੇ। ਇਸ ਤੰਗੀ ਕਰਕੇ ਸ੍ਰ. ਬੱਗਾ ਸਿੰਘ ਨੇ ਇਸ ਥਾਂ ਨੂੰ ਸ੍ਰ. ਚੰਦਾ ਸਿੰਘ ਨੂੰ ਵੇਚ ਦਿੱਤਾ। ਸ੍ਰ. ਚੰਦਾ ਸਿੰਘ ਦਾ ਪਰਿਵਾਰ ਗੈਰ-ਨਾਮਧਾਰੀ ਸੀ ਅਤੇ ਮਾਸ ਸ਼ਰਾਬ ਦਾ ਸੇਵਨ ਕਰ ਲੈਂਦੇ ਸਨ। ਉਨ੍ਹਾਂ ਦੇ ਦੱਸਣ ਮੁਤਾਬਕ ਜਦੋਂ ਉਹ ਇਸ ਘਰ ਵਿੱਚ ਅਜਿਹੀ ਚੀਜ਼ ਵਰਤਦੇ ਤਾਂ ਸ਼ਹੀਦ ਉਨ੍ਹਾਂ ਨੂੰ ਬਹੁਤ ਮਾਰਦੇ। ਇਸ ਗੱਲ ਤੋਂ ਤੰਗ ਆ ਕੇ ਉਨ੍ਹਾਂ ਨੇ ਇਹ ਮਕਾਨ ਸ੍ਰ. ਚਮਕੌਰ ਸਿੰਘ ਨੂੰ ਵੇਚ ਦਿੱਤਾ। ਉਨ੍ਹਾਂ ਨਾਲ ਵੀ ਅਜਿਹਾ ਹੀ ਵਰਤਾਰਾ ਹੋਣ ਲੱਗਾ। ਇਸ ਥਾਂ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਚਰਨ ਪਾ ਚੁੱਕੇ ਸਨ। ਇਹ ਗੱਲ ਕਿਸੇ ਦੇ ਚਿੱਤ ਚੇਤੇ ਨਹੀਂ ਸੀ ਕਿ ਕਿਸੇ ਦਿਨ ਇਸ ਸਥਾਨ ਤੇ ਸੁੰਦਰ ਯਾਦਗਾਰ ਬਣ ਜਾਵੇਗੀ। ਇਹ ਮਹਾਨ ਕਾਰਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਿੱਸੇ ਆਇਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮਾਰਚ 2002 ਵਿੱਚ ਸੂਬਾ ਮੇਲਾ ਸਿੰਘ ਅਤੇ ਦਰਸ਼ਨ ਸਿੰਘ ਰਾਇਸਰ ਨੂੰ ਸ੍ਰੀ ਭੈਣੀ ਸਾਹਿਬ ਤੋਂ ਪਿੰਡ ਸਿਆੜ ਭੇਜਿਆ ਅਤੇ ਹੁਕਮ ਕੀਤਾ ਕਿ ਮਾਈਆਂ ਨੂੰ ਅੰਮ੍ਰਿਤ ਛਕਾਉਣ ਵਾਲੀ ਥਾਂ ਅੱਜ ਹੀ ਜਾ ਕੇ ਖ੍ਰੀਦਣੀ ਹੈ। ਪਰ ਉਨ੍ਹਾਂ ਨੂੰ ਸੌਦਾ ਕਰਦਿਆਂ ਦਿਨ ਲੰਘ ਗਿਆ। ਸੌਦਾ ਨਾ ਬਣ ਸਕਿਆ। ਅਗਲੇ ਦਿਨ ਤਿੰਨ ਲੱਖ ਰੁਪਏ ਵੱਧ ਦੇਣੇ ਪਏ ਕਿਉਂਕਿ ਉਹ ਆਪਣੀ ਸਿਆਣਪ ਨਾਲ ਸੌਦਾ ਕਰਨਾ ਚਾਹੁੰਦੇ ਸੀ। ਸਤਿਗੁਰੂ ਜੀ ਦਾ ਹੁਕਮ ਉਸੇ ਦਿਨ ਕਰਨ ਦਾ ਸੀ। ਇਸ ਘਰ ਦੇ ਨਾਲ ਲੱਗਦੇ ਥਾਂ ਵੀ ਖ੍ਰੀਦੇ ਗਏ। ਸ੍ਰ. ਅਵਤਾਰ ਸਿੰਘ ਅਤੇ ਬਲਵੰਤ ਸਿੰਘ ਨੇ ਆਪਣੀ ਨਾਲ ਲੱਗਦੀ ਥਾਂ ਮੁਫ਼ਤ ਛੱਡ ਦਿੱਤੀ ਸੀ। ਸ੍ਰੀ ਸਤਿਗੁਰੂ ਜੀ ਨੇ ਇਸ ਥਾਂ ਤੇ ਯਾਦਗਾਰ ਬਣਾਉਣ ਲਈ ਸ੍ਰ. ਸੁਰਿੰਦਰ ਸਿੰਘ ਨਾਮਧਾਰੀ ਲੁਧਿਆਣੇ ਦੀ ਡਿਊਟੀ ਲਗਾਈ। ਉਨ੍ਹਾਂ ਨੇ ਹੁਣ ਪੁਰਾਣੇ ਘਰ ਦਾ ਨਕਸ਼ਾ ਤਿਆਰ ਕਰਵਾਇਆ। ਉਸਾਰੀ ਦਾ ਕੰਮ ਸੰਤ ਸੰਤੋਖ ਸਿੰਘ ਮਲੇਰਕੋਟਲੇ ਦੀ ਦੇਖ-ਰੇਖ ਹੇਠ ਅਰੰਭ ਕੀਤਾ ਗਿਆ। ਇਸ ਦੀ ਪੁਰਾਣੀ ਦਿੱਖ ਬਣਾਉਣ ਲਈ ਪਾਇਲ ਤੋਂ ਨਿੱਕੀਆਂ ਇੱਟਾਂ ਲਿਆ ਕੰਧਾਂ ਕੀਤੀਆਂ ਗਈਆਂ ਹਨ। ਇਸ ਯਾਦਗਾਰੀ ਥਾਂ ਟਰਾਲੀ ਨਹੀਂ ਸੀ ਜਾਂਦੀ, ਰੇਤਾ ਬੱਜਰੀ, ਸੀਮਿੰਟ, ਇੱਟਾਂ ਮਜ਼ਦੂਰਾਂ ਨੇ ਸਿਰ ਤੇ ਚੁੱਕ ਯਾਦਗਾਰੀ ਥਾਂ ਤੀਕ ਲਿਆਂਦੀਆਂ। ਜੋ ਬਹੁਤ ਮਿਹਨਤ ਵਾਲਾ ਕੰਮ ਸੀ। ਇਸ ਨੂੰ ਤਿਆਰ ਹੋਣ ਲਈ ਤਕਰੀਬਨ ਦੋ ਸਾਲ ਦਾ ਸਮਾਂ ਲੱਗਾ। ਸਤਿਗੁਰੂ ਜੀ ਦੀ ਅਪਾਰ ਕ੍ਰਿਪਾ ਨਾਲ ਇਸ ਥਾਂ ਤੇ ਪਹੁੰਚਣ ਵਾਲਾ ਰਸਤਾ ਚੌੜਾ ਕਰਨ ਲਈ ਜਿਨ੍ਹਾਂ ਦੇ ਮਕਾਨ ਗਲੀ ਦੇ ਨਾਲ ਲੱਗਦੇ ਸੀ ਉਨ੍ਹਾਂ ਆਪਣੀਆਂ ਕੰਧਾਂ ਪਿੱਛੇ ਹਟਾਉਣ ਦੀ ਸਹਿਮਤੀ ਦੇ ਦਿੱਤੀ। ਕੰਧਾਂ ਢਾਹ ਕੇ ਪਿੱਛੇ ਹਟਾਉਣ ਦਾ ਕੰਮ ਵੀ ਸਤਿਗੁਰੂ ਜੀ ਵੱਲੋਂ ਕਰਵਾਇਆ ਗਿਆ। ਹੁਣ ਇਸ ਯਾਦਗਾਰ ਵਿੱਚ ਗੱਡੀ ਪਹੁੰਚਦੀ ਹੈ। ਇੱਕ ਜੂਨ 2004 ਨੂੰ 'ਮਾਈਆ ਨੂੰ ਅੰਮ੍ਰਿਤ ਛਕਾਉਣ' ਦੀ ਯਾਦ ਵਿੱਚ ਦਰਸ਼ਨ ਦੇਣ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਚਰਨ ਪਾਏ। ਉਸ ਸਮੇਂ ਪਿੰਡ ਸਿਆੜ ਦੇ ਸੰਤ ਬਾਬਾ ਮਾਨ ਸਿੰਘ ਜੀ ਨੇ ਉਚੇਚੇ ਤੌਰ ਤੇ ਹਾਜ਼ਰੀ ਭਰੀ। ਭਾਵੇਂ ਸਤਿਗੁਰੂ ਜਗਜੀਤ ਸਿੰਘ ਇਸ ਥਾਂ ਤੇ ਪਹਿਲਾਂ ਚਰਨ ਪਾ ਚੁੱਕੇ ਸਨ। ਜਦੋਂ ਵੀ ਹਰ ਸਾਲ ਮਾਈਆਂ ਦੇ ਮੇਲੇ ਤੇ ਦਰਸ਼ਨ ਦਿੰਦੇ ਤਾਂ ਇਸ ਥਾਂ ਤੇ ਵੀ ਚਰਨ ਪਾ ਜਾਂਦੇ। ਅੱਜ ਨਵੀਂ ਬਣੀ ਯਾਦਗਾਰ ਵਿੱਚ ਚਰਨ ਪਾਏ ਅਤੇ ਰਾਗੀ ਜਥਾ ਸਿਆੜ ਨੂੰ ਹਰ ਵੀਰਵਾਰ ਦੀਵਾਨ ਅਤੇ ਆਸਾ ਦੀ ਵਾਰ ਲਗਾਉਣ ਲਈ ਹੁਕਮ ਕੀਤਾ। ਇਸ ਸਥਾਨ ਦੀ ਸੇਵਾ ਸੰਭਾਲ ਦਾ ਕੰਮ ਬੀਬੀ ਹੁਸ਼ਿਆਰ ਪਿੰਡ ਦੀਆਂ ਹੋਰ ਬੀਬੀਆਂ ਨਾਲ ਲਗ ਕੇ ਕਰ ਰਹੀ ਹੈ। ਸੰਗਤ ਬਹੁਤ ਸ਼ਰਧਾ ਨਾਲ ਨਮਸਕਾਰ ਕਰਨ ਆਉਂਦੀ ਹੈ ਆਪਣੀਆਂ ਮਨੋਕਾਮਨਾ ਪੂਰੀਆਂ ਕਰਦੀ ਹੈ।

-------------------------------

# ਸੂਬਾ ਸਾਹਿਬ ਸਿੰਘ ਅਤੇ ਨਿਹੰਗ ਸਿੰਘ ਦਾ ਅਗਸਤ 1874 ਈ. ਨੂੰ ਅਦਨ ਤੋਂ ਲਿਖਿਆ ਪੱਤਰ

ਜਸਵਿੰਦਰ ਸਿੰਘ ਹਿਸਟੋਰੀਅਨ

### 10 ਜੂਨ ਸ਼ਹੀਦੀ ਦਿਵਸ ਤੇ ਵਿਸ਼ੇਸ਼

10 ਜੂਨ, ਸੂਬਾ ਸਾਹਿਬ ਸਿੰਘ ਦਾ ਜੇਲ੍ਹ ਵਿਚ ਹੀ ਸ਼ਹੀਦੀ ਪਾ ਜਾਣ ਦਾ ਦਿਨ ਹੈ। 10 ਜੂਨ 1879 ਈ. ਨੂੰ ਸੂਬਾ ਸਾਹਿਬ ਸਿੰਘ ਹਜ਼ਾਰੀ ਬਾਗ਼ ਦੀ ਜੇਲ੍ਹ ਵਿਚ ਬੀਮਾਰੀ ਉਪਰੰਤ ਚੜ੍ਹਾਈ ਕਰ ਗਏ। ਉਸ ਵਕਤ ਉਸ ਦੇ ਨਾਲ ਸੂਬਾ ਕਾਹਨ ਸਿੰਘ, ਜਿਸ ਨੂੰ ਨਿਹੰਗ ਸਿੰਘ ਵੀ ਆਖਦੇ ਸਨ, ਸ਼ਾਹੀ ਕੈਦੀ ਵਜੋਂ ਹਜ਼ਾਰੀ ਬਾਗ਼ ਜੇਲ੍ਹ ਵਿਚ ਹੀ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ 1857 ਦੀ ਵਸਾਖੀ ਤੋਂ ਹੀ ਅੰਗਰੇਜ਼ਾਂ ਖਿਲਾਫ ਇਕ ਅੰਦੋਲਨ ਸ਼ੁਰੂ ਕੀਤਾ ਸੀ। ਜਿਸ ਨੂੰ ਇਤਿਹਾਸ ਵਿਚ ਕੂਕਾ ਅੰਦੋਲਨ ਆਖਦੇ ਹਨ। ਸ੍ਰੀ ਸਤਿਗੁਰੂ ਜੀ ਦੇ ਮੁੜ ਤੋਂ ਖਾਲਸਾ ਰਾਜ ਦੀ ਸਥਾਪਨਾ ਵਾਲੀ ਗੱਲ ਦਾ ਪੰਜਾਬ ਦੇ ਲੋਕਾਂ ਨੇ ਭਰਵਾਂ ਹੁੰਗਾਰਾ ਦਿੱਤਾ ਅਤੇ ਕੂਕਾ-ਅੰਦੋਲਨ ਦਾ ਪ੍ਰਭਾਵ ਫੈਲਣਾ ਸ਼ੁਰੂ ਹੋ ਗਿਆ। ਕਈ ਚੰਗੇ ਪ੍ਰਚਾਰਕ ਵੀ ਜੁੜਨੇ ਸ਼ੁਰੂ ਹੋ ਗਏ ਸਨ। ਸਤਿਗੁਰੂ ਬਾਲਕ ਸਿੰਘ ਜੀ ਦੇ ਚੜ੍ਹਾਈ ਕਰਨ ਤੋਂ ਬਾਅਦ ਵਜੀਰਾਬਾਦ ਤੋਂ ਵਾਪਸ ਮੁੜਦਿਆਂ ਹੋਇਆਂ ਸਾਰੇ ਰਸਤੇ ਸ੍ਰੀ ਸਤਿਗੁਰੂ ਜੀ ਆਪਣੇ ਮਨੋਰਥ ਦਾ ਲੋਕਾਂ ਵਿਚ ਪ੍ਰਚਾਰ ਕਰਦੇ ਆ ਰਹੇ ਸਨ। ਜਿਸਦਾ ਪੰਜਾਬ ਦੇ ਲੋਕਾਂ ਤੇ ਬਹੁਤ ਗਹਿਰਾ ਪ੍ਰਭਾਵ ਪੈ ਰਿਹਾ ਸੀ। 5 ਅਪਰੈਲ 1863 ਈ. ਤੋਂ ਸਤਿਗੁਰੂ ਰਾਮ ਸਿੰਘ ਜੀ ਬਾਰੇ ਸਰਕਾਰ ਨੋਟਿਸ ਲੈਣ ਲੱਗ ਪਈ ਸੀ ਅਤੇ ਸਰਕਾਰੀ ਪੱਤਰੀ ਸ਼ੁਰੂ ਹੋ ਗਈ ਸੀ। ਜਦੋਂ ਸ੍ਰੀ ਸਤਿਗੁਰੂ ਜੀ ਸ੍ਰੀ ਅੰਮ੍ਰਿਤਸਰ ਨੂੰ ਵਸਾਖੀ ਦੇ ਮੌਕੇ ਤੇ ਆ ਰਹੇ ਸਨ, ਉਸ ਸਮੇਂ ਹੀ ਬਟਾਲੇ ਦੇ ਨੇਟਿਵ ਅਸਿਸਟੈਂਟ ਕਮਿਸ਼ਨਰ ਕਾਇਮ ਅਲੀ ਨੇ ਸਰਕਾਰ ਨੂੰ ਲਿਖ ਦਿੱਤਾ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਚਾਰ ਅੰਗਰੇਜਾਂ ਵਿਰੁੱਧ ਲੋਕਾਂ ਵਿਚ ਰੋਹ ਜਗਾ ਰਿਹਾ ਹੈ, ਇਸ ਲਈ ਗੁਰੂ ਰਾਮ ਸਿੰਘ ਜੀ ਨੂੰ ਗ੍ਰਿਫਤਾਰ ਕਰ ਲੈਣਾ ਚਾਹੀਦਾ ਹੈ। ਇਸ ਤਰ੍ਹਾਂ 1866 ਈ. ਅਤੇ ਬਾਅਦ ਦੀਆਂ ਅਫਸਰਾਂ, ਕਮਿਸ਼ਨਰਾਂ ਦੀਆਂ ਰਿਪੋਰਟਾਂ ਵਿਚ ਕਈ ਥਾਵਾਂ ਤੇ ਸਰਕਾਰ ਨੂੰ ਤਾਕੀਦ ਕੀਤੀ ਗਈ ਸੀ ਕਿ ਗੁਰੂ ਰਾਮ ਸਿੰਘ ਜੀ ਨੂੰ ਗ੍ਰਿਫਤਾਰ ਕਰਕੇ ਬਾਹਰ ਭੇਜ ਦਿੱਤਾ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਅੰਗਰੇਜਾਂ ਵਿਰੁੱਧ ਮਾਹੌਲ ਤਿਆਰ ਕਰਨ ਵਿਚ ਸਤਿਗੁਰੂ ਜੀ ਦੇ ਸੂਬਿਆਂ, ਨਾਇਬ ਸੂਬਿਆਂ ਅਤੇ ਪ੍ਰਚਾਰਕਾਂ ਦਾ ਬਹੁਤ ਵੱਡਾ ਹੱਥ ਸੀ ਅਤੇ ਉਨ੍ਹਾਂ ਦੀ ਬੜੀ ਮੇਹਨਤ ਵੀ ਸੀ। ਇਸ ਲਈ ਸਰਕਾਰ ਜਿਨਾਂ ਸ੍ਰੀ ਸਤਿਗੁਰੂ ਜੀ ਤੋਂ ਭੈ ਖਾਂਦੀ ਸੀ, ਉਨਾਂ ਹੀ ਸੂਬਿਆਂ ਅਤੇ ਪ੍ਰਚਾਰਕਾਂ ਤੋਂ ਵੀ ਡਰੀ ਹੋਈ ਸੀ। ਇਸ ਲਈ ਸਰਕਾਰ ਸ੍ਰੀ ਸਤਿਗੁਰੂ ਜੀ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਗ੍ਰਿਫਤਾਰ ਕਰਕੇ ਬਾਹਰ ਭੇਜ ਦੇਣਾ ਚਾਹੁੰਦੀ ਸੀ ਅਤੇ ਨਾਲ ਹੀ ਸਤਿਗੁਰੂ ਜੀ ਦੇ ਕੁਝ ਪ੍ਰਭਾਵਸ਼ਾਲੀ ਸੂਬਿਆਂ ਦੀ ਵੀ ਸੂਚੀ ਬਣਾ ਲਈ ਹੋਈ ਸੀ ਕਿ ਜਦੋਂ ਮੌਕਾ ਮਿਲੇਗਾ, ਕਿਨ੍ਹਾਂ-ਕਿਨ੍ਹਾਂ ਤੇ ਕਾਰਵਾਈ ਕਰਨੀ ਹੈ ਤਾਂ ਕਿ ਮੌਕੇ ਤੇ ਇਹ ਸਭ ਸੋਚਣ ਦੀ ਲੋੜ ਨਾ ਪਵੇ। ਅੰਮ੍ਰਿਤਸਰ ਅਤੇ ਰਾਏਕੋਟ ਬੁੱਚੜ ਬੱਧ ਸਾਕਿਆਂ ਦੀਆਂ ਘਟਨਾਵਾਂ ਦਾ ਆਸਰਾ ਲੈ ਕੇ ਅੰਗਰੇਜ਼ੀ ਸਰਕਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਫੜਨਾ ਚਾਹੁੰਦੀ ਸੀ, ਪਰ ਸਰਕਾਰ ਨੂੰ ਸ੍ਰੀ ਸਤਿਗੁਰੂ ਜੀ ਬਾਰੇ ਕੋਈ ਪੁਖਤਾ ਸਬੂਤ ਅਤੇ ਕੋਈ ਬਹਾਨਾ ਨਹੀਂ ਮਿਲ ਰਿਹਾ ਸੀ। ਪਰ ਮਲੇਰਕੋਟਲੇ ਦੀ ਘਟਨਾ ਨੇ ਸਰਕਾਰ ਨੂੰ ਮੌਕਾ ਦੇ ਦਿੱਤਾ ਅਤੇ ਉਸਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਪ੍ਰਭਾਵਸ਼ਾਲੀ ਸੂਬਿਆਂ ਨੂੰ ਗ੍ਰਿਫਤਾਰ ਕਰਕੇ ਪਹਿਲਾਂ ਇਲਾਹਾਬਾਦ ਅਤੇ ਫੇਰ ਅਲਗ-ਅਲਗ ਥਾਵਾਂ ਤੇ ਭੇਜ ਦਿੱਤਾ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸੂਬਿਆਂ ਵਿਚੋਂ ਇੱਕ ਸਨ ਸੂਬਾ ਸਾਹਿਬ ਸਿੰਘ ਵਲਦ ਦਿਆਲ ਸਿੰਘ, ਪਿੰਡ ਬਨਵਾਲੀਪੁਰ ਬਨਾਮ ਬੰਗਾਲੀਪੁਰ, ਤਰਨ ਤਾਰਨ। ਜਦੋਂ ਸੂਬਾ ਸਾਹਿਬ ਸਿੰਘ ਨੂੰ ਇਲਾਹਾਬਾਦ ਭੇਜਿਆ ਗਿਆ ਸੀ, ਉਸ ਸਮੇਂ ਉਸ ਉਦਾਸੀ ਸਾਧਾਂ ਵਿਚੋਂ ਆਏ ਸੂਬਾ ਸਾਹਿਬ ਸਿੰਘ ਦੀ ਉਮਰ 38 ਸਾਲ ਸੀ। ਅਣ ਵਿਆਹਿਆ ਉਦਾਸੀ ਸਾਧ ਬਹੁਤ ਪਿਆਰਾ ਸੀ ਅਤੇ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਦੇ ਕੋਲ ਰਹਿੰਦਾ ਹੁੰਦਾ ਸੀ। ਸਤਿਗੁਰੂ ਜੀ ਵਲੋਂ ਜੋ ਵੀ

ਪ੍ਰਚਾਰ ਲਈ ਕੂਕਾ ਅੰਦੋਲਨ ਦੀ ਰੂਪ ਰੇਖਾ ਤਿਆਰ ਕੀਤੀ ਜਾਂਦੀ ਸੀ, ਜਾਂ ਪ੍ਰਬੰਧ ਕੀਤੇ ਜਾਂਦੇ ਸਨ, ਉਹਨਾਂ ਵਿਚ ਸੂਬਾ ਸਾਹਿਬ ਸਿੰਘ ਸਹਿਯੋਗ ਕਰਦਾ, ਭਾਵੇਂ ਉਸਨੇ ਪ੍ਰਚਾਰ ਵਿੱਚ ਕੋਈ ਖਾਸ ਹਿੱਸਾ ਨਹੀਂ ਸੀ ਲਿਆ, ਪਰ ਸ੍ਰੀ ਸਤਿਗੁਰੂ ਜੀ ਦਾ ਸਹਾਇਕ ਹੋਣ ਦੇ ਨਾਤੇ ਉਸਦਾ ਨਾਮਧਾਰੀ ਸਮਾਜ ਉਤੇ ਕਾਫੀ ਪ੍ਰਭਾਵ ਅਤੇ ਇੱਜਤ ਸੀ। ਇਸ ਕਰਕੇ ਸਰਕਾਰ ਵੀ ਸਮਝਦੀ ਸੀ ਕਿ ਸੂਬਾ ਸਾਹਿਬ ਸਿੰਘ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਾਰੇ ਕੰਮਾਂ ਨੂੰ ਸੰਭਾਲੇਗਾ ਅਤੇ ਇੰਜ ਉਹ 'ਉਤਰਾਧਿਕਾਰੀ' ਹੋਵੇਗਾ। ਇਸ ਕਰਕੇ ਸਰਕਾਰ ਆਪਣੇ ਰਾਜ ਲਈ ਸੂਬਾ ਸਾਹਿਬ ਸਿੰਘ ਨੂੰ ਬਹੁਤ ਖਤਰਨਾਕ ਸਮਝਦੀ ਸੀ।

ਭਾਰਤ ਸਰਕਾਰ ਨੇ ਸੂਬਿਆਂ ਦੇ ਪ੍ਰਭਾਵ ਦੇ ਆਧਾਰ ਤੇ ਇਹਨਾਂ ਨੂੰ ਅਲਗ-ਅਲਗ ਥਾਵਾਂ ਤੇ ਭੇਜਿਆ ਸੀ। ਕਿਉਂਕਿ ਸਰਕਾਰ ਵਲੋਂ ਸਾਰੇ ਪੰਜਾਬ ਦੇ ਟੋਡੀ ਅਤੇ ਪੁਲਿਸ ਅਫਸਰਾਂ ਦੀਆਂ ਸਤਿਗੁਰੂ ਰਾਮ ਸਿੰਘ ਜੀ ਅਤੇ ਸੂਬਿਆਂ ਬਾਰੇ ਰਿਪੋਰਟਾਂ ਮੰਗਵਾਈਆਂ ਗਈਆਂ ਸਨ। ਸ੍ਰੀ ਸਤਿਗੁਰੂ ਜੀ ਨੂੰ ਤਾਂ 10 ਮਾਰਚ 1872 ਈ. ਨੂੰ ਰੰਗੂਨ ਭੇਜ ਦਿੱਤਾ ਗਿਆ ਸੀ। ਪਰ ਸਰਕਾਰ ਸੂਬਿਆਂ ਬਾਰੇ ਵੀ ਖੁੱਲ੍ਹੀ ਅਦਾਲਤ ਵਿਚ ਮੁਕੱਦਮੇ ਚਲਾਉਣ ਤੋਂ ਡਰਦੀ ਸੀ, ਇਸ ਲਈ ਸਭ ਨੂੰ 1818 ਈ. ਦੇ ਬੰਗਾਲ ਐਕਟ 3 ਦਾ ਸਹਾਰਾ ਲੈ ਰਾਜਸੀ ਕੈਦੀਆਂ ਦੇ ਤੌਰ ਤੇ ਨਜ਼ਰਬੰਦ ਕਰ ਦਿੱਤਾ ਸੀ। ਸੂਬਾ ਸਾਹਿਬ ਸਿੰਘ ਅਤੇ ਨਿਹੰਗ ਸਿੰਘ ਨੂੰ ਅਤਿ-ਖਤਰਨਾਕ ਸਮਝਦਿਆਂ ਹੋਇਆਂ ਦੇਸ਼ ਤੋਂ ਬਾਹਰ ਅਦਨ ਵਿਖੇ ਭੇਜ ਦਿੱਤਾ ਗਿਆ ਸੀ। ਇਹ ਦੋਵੇਂ ਰਾਜਸੀ ਕੈਦੀ 20 ਮਾਰਚ 1873 ਈ. ਨੂੰ ਅਦਨ ਪੁੱਜੇ ਸਨ। ਕੁਝ ਸਮੇਂ ਬਾਅਦ ਸੂਬਾ ਸਾਹਿਬ ਸਿੰਘ ਅਤੇ ਨਿਹੰਗ ਸਿੰਘ ਨੇ ਅਗਸਤ 1874 ਈ. ਨੂੰ ਸ੍ਰੀ ਭੈਣੀ ਸਾਹਿਬ ਪੱਤਰ ਸਰਕਾਰ ਦੀ ਮਾਰਫਤ ਭੇਜਿਆ ਸੀ ਜਿਸਦਾ ਅੰਗਰੇਜੀ ਅਨੁਵਾਦ ਸਰਕਾਰੀ ਫਾਈਲ ਵਿੱਚ ਹੈ। ਏਸੇ ਪੱਤਰ ਨੂੰ ਮੈਂ ਗੁਰਮੁਖੀ ਵਿਚ ਅਨੁਵਾਦ ਕਰਕੇ ਏਥੇ ਦੇ ਰਿਹਾ ਹਾਂ।

ਸੂਬਾ ਕਾਹਨ ਸਿੰਘ ਹੁਰਾਂ ਦੇ ਪੱਤਰ ਵਿਚ ਪਾਠਕ ਦੇਖਣਗੇ ਕਿ ਕੋਈ ਵਿਸ਼ੇਸ਼ ਗੱਲ ਨਹੀਂ ਹੈ, ਸਿਰਫ ਸ੍ਰੀ ਭੈਣੀ ਸਾਹਿਬ ਦੇ ਸਾਥੀਆਂ ਅਤੇ ਉਨ੍ਹਾਂ ਵਲੋਂ ਬਨਵਾਲੀਪੁਰ (ਬੰਗਾਲੀਪੁਰ ਸੂਬਾ ਸਾਹਿਬ ਸਿੰਘ ਦਾ ਪਿੰਡ) ਅਤੇ ਬਾਬਾ ਨਿਹੰਗ ਸਿੰਘ ਦੇ 'ਚੱਕ' ਪਿੰਡ ਦੇ ਕੁਝ ਹਾਲਾਤ ਜਾਨਣ ਬਾਰੇ ਹੀ ਹੈ। ਬੀਬੀ ਨੰਦਾ ਅਤੇ ਬਾਬਾ ਜੱਸਾ ਸਿੰਘ ਜੀ ਬਾਰੇ ਜਾਣਕਾਰੀ ਮੰਗੀ ਸੀ ਪਰ ਧਿਆਨ ਦਿੱਤਾ ਜਾਵੇ ਤਾਂ ਇੱਕ ਗੱਲ ਵਿਸ਼ੇਸ਼ ਵੀ ਹੈ, ਜੋ ਏਸੇ ਤਰ੍ਹਾਂ ਸ੍ਰੀ ਸਤਿਗੁਰੂ ਜੀ ਵਲੋਂ 1872 ਈ. ਨੂੰ ਬਰਮਾ ਦੇ ਚੀਫ਼ ਕਮਿਸ਼ਨਰ ਨੂੰ ਲਿਖੇ ਪੱਤਰ ਵਿੱਚ ਵੀ ਹੈ ਅਤੇ ਮੌਲਮੀਨ ਵਾਲੇ ਸ਼ਾਹੀ ਕੈਦੀਆਂ ਦੇ ਪੱਤਰਾਂ ਵਿਚ ਵੀ ਹੈ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਚੀਫ਼ ਕਮਿਸ਼ਨਰ ਬਰਮਾ ਨੂੰ ਲਿਖੇ ਪੱਤਰ ਵਿਚ ਲਿਖਿਆ ਹੈ। 'ਜਿਨ੍ਹਾਂ ਨੇ ਬਲਵਾ ਕੀਤਾ ਸੀ, ਮੈਂ ਚਾਰ ਦਿਨ ਪਹਿਲੇ ਉਨ੍ਹਾਂ ਬਾਰੇ ਜਾਣਕਾਰੀ ਦਿੱਤੀ ਸੀ, ਉਨ੍ਹਾਂ ਦੇ ਨਾਂ ਦਿੱਤੇ ਸਨ....ਸਰਕਾਰ ਨੇ, ਕਿਸੇ ਨੇ ਵੀ (ਇਸ ਬਾਰੇ) ਮੇਰੇ ਬਿਆਨ ਨਹੀਂ ਲਏ।' ਸੂਬਾ ਸਾਹਿਬ ਵਾਲੇ ਖਤ ਵਿਚ ਵੀ ਲਿਖਿਆ ਹੈ ਕਿ ਉਨ੍ਹਾਂ ਨੂੰ ਦੋਸ਼ਾਂ ਦੀ ਜਾਣਕਾਰੀ ਨਹੀਂ ਦਿੱਤੀ। ਅਤੇ ਲਿਖਿਆ ਹੈ "ਅਸੀਂ ਇਲਾਹਾਬਾਦ ਕਮਿਸ਼ਨਰ ਨੂੰ ਲਿਖਿਆ ਸੀ ਕਿ ਨਿਰਦੋਸ਼ਾਂ ਨੂੰ ਪਹਿਲਾਂ 14 ਮਹੀਨੇ ਏਕਾਂਤਵਾਸ ਵਿਚ ਰੱਖੋ ਅਤੇ ਫੇਰ ਦੇਸ਼ ਤੋਂ ਬਾਹਰ ਭੇਜ ਦਿਓ। ਕੀ ਇਹੋ ਹੈ ਤੁਹਾਡਾ ਨਿਆਂ?

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸੂਬਿਆਂ ਨੂੰ ਇਹ ਗਿਲਾ ਸੀ ਕਿ ਉਹਨਾਂ ਨੂੰ ਦੋਸ਼ ਦੱਸ ਕੇ ਪੁੱਛ-ਪੜਤਾਲ ਵੀ ਨਹੀਂ ਕੀਤੀ ਅਤੇ ਦੂਰ ਭੇਜ ਦਿੱਤਾ ਗਿਆ। ਸਰਕਾਰ ਅੰਗਰੇਜੀ ਨੇ ਜਾਣਬੁੱਝ ਕੇ ਇਸ ਤਰ੍ਹਾਂ ਨਹੀਂ ਸੀ ਕੀਤਾ ਅਤੇ ਨਾਂ ਹੀ ਖੁਲ੍ਹੀ ਅਦਾਲਤ ਵਿਚ ਮੁਕਦੱਮਾ ਚਲਾਇਆ ਸੀ। ਸਰਕਾਰ ਜਾਣਦੀ ਸੀ ਕਿ ਉਹ ਝੂਠੇ ਦੋਸ਼ ਲਗਾ ਰਹੀ ਸੀ ਜੋ ਅਦਾਲਤ ਵਿਚ ਨਿਕਲਣਗੇ ਨਹੀਂ ਅਤੇ ਅਗਰ ਸਭ ਛੁੱਟ ਗਏ ਤਾਂ ਬੜੀ ਬਦਨਾਮੀ ਹੋਵੇਗੀ। ਏਸੇ ਕਰਕੇ ਮੈਕਨਬ ਨੇ ਵੀ ਪੁੱਛ-ਪੜਤਾਲ ਨਹੀਂ ਸੀ ਕੀਤੀ, ਸਿਰਫ ਉਨ੍ਹਾਂ ਦੀ ਨਿਜੀ ਜਾਣਕਾਰੀ ਅਤੇ ਕਦੋਂ ਸ੍ਰੀ ਭੈਣੀ ਸਾਹਿਬ ਆਏ ਸਨ, ਕੇਵਲ ਇਸ ਕਰਕੇ ਪੁੱਛਿਆ ਗਿਆ ਸੀ। ਦੋਸ਼ ਲਗਾ ਕੇ ਸਫਾਈ ਲੈਣ ਦੀ ਕੋਈ ਲੋੜ ਨਾ ਸਮਝੀ ਅਤੇ ਰੈਗੂਲੇਸ਼ਨ 1818 ਲਗਾ ਕੇ ਆਪਣੀ ਮਨਸ਼ਾ ਪੂਰੀ ਕਰ ਲਈ ਸੀ।

ਅਦਨ ਦੀ ਆਬੋ-ਹਵਾ ਨੇ ਸੂਬਾ ਸਾਹਿਬ ਸਿੰਘ ਜੀ ਨੂੰ ਬਿਮਾਰ ਕਰ ਦਿੱਤਾ ਸੀ ਅਤੇ ਸ਼ੂਗਰ ਦਾ ਮਰੀਜ ਹੋ ਗਿਆ ਸੀ। 1875 ਈ. ਵਿਚ ਏਹਨਾਂ ਰਾਜਸੀ ਕੈਦੀਆਂ ਨੂੰ ਡਾਕਟਰਾਂ ਦੇ ਕਹਿਣ ਤੇ ਹਜਾਰੀ ਬਾਗ਼ ਭੇਜ ਦਿੱਤਾ ਗਿਆ ਸੀ।

ਸੂਬਾ ਸਾਹਿਬ ਸਿੰਘ ਦੀ ਹਾਲਤ ਹੋਰ ਵੀ ਵਿਗੜ ਗਈ, ਨੇਤਰ ਲਗਭਗ ਬੰਦ ਹੋ ਗਏ ਸਨ। ਇਹਨਾਂ ਹਲਾਤਾਂ ਨਾਲ ਜੂਝਦਿਆਂ ਸੂਬਾ ਸਾਹਿਬ ਸਿੰਘ 10 ਜੂਨ 1879 ਨੂੰ ਚੜ੍ਹਾਈ ਕਰ ਗਿਆ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਹਜਾਰੀ ਬਾਗ਼ ਦੀ ਥਾਂ ਲੈ ਕੇ ਉਸ ਦੀ ਯਾਦ ਨੂੰ ਕਾਇਮ ਰੱਖਿਆ ਹੈ।

ਇਸ ਤੋਂ ਅੱਗੇ ਸੂਬਾ ਸਾਹਿਬ ਸਿੰਘ ਅਤੇ ਨਿਹੰਗ ਸਿੰਘ ਦਾ ਪੱਤਰ ਪੜ੍ਹੋ:

ਜਦੋਂ ਦੇ ਅਸੀਂ ਏਥੇ ਆਏ ਹਾਂ, ਤੁਹਾਡੇ ਵੱਲੋਂ ਕੋਈ ਖਬਰ ਨਹੀਂ ਆਈ। ਮਾਈਆਂ ਬੀਬੀਆਂ ਅਤੇ ਬੀਬੀ ਨੰਦਾ ਨੂੰ ਸਾਡੀ ਰਾਮ ਸਤਿ ਅਤੇ ਬੀਬੀ ਨੰਦਾ ਦੇ ਬੱਚਿਆਂ ਨੂੰ ਪਿਆਰ। ਗੁਲਾਬ ਸਿੰਘ (1), ਲਹਿਣਾ ਸਿੰਘ (2), ਅਤੇ ਹੋਰਨਾਂ ਨੂੰ ਵਾਹਿਗੁਰੂ ਜੀ ਕੀ ਫਤਹਿ। ਸਾਨੂੰ ਬਾਬਾ ਜੀ (3), ਦੀ ਖਬਰ ਦੇਣੀ ਕਿ ਉਹ ਅਜੇ ਜਿਊਂਦੇ ਹਨ ਕਿ ਚੜ੍ਹਾਈ ਕਰ ਗਏ ਹਨ।(4) ਅਗਰ ਬਾਬਾ ਜੀ ਅਜੇ ਜਿਊਂਦੇ ਹਨ ਤਾਂ ਸਾਨੂੰ ਹੈਰਾਨੀ ਹੋਵੇਗੀ ਕਿ ਇਕ ਤਾਂ ਬਾਬਾ ਜੀ ਬਿਰਧ ਹਨ ਅਤੇ ਦੂਸਰਾ, ਆਪਣੇ ਗੁਰੂ ਜੀ ਪਾਸੋਂ ਜਬਰਦਸਤੀ ਅਲੱਗ ਕੀਤੇ ਜਾਣ ਕਰਕੇ ਉਨ੍ਹਾਂ ਦਾ ਬਚਣਾ ਔਖਾ ਹੈ। ਅਗਰ ਤੁਹਾਨੂੰ ਬਨਵਾਲੀਪੁਰ ਤੋਂ ਮਾਤਾ ਪਿਤਾ ਦੀ ਕੋਈ ਖਬਰ ਹੋਵੇ ਕਿ ਉਹ ਜਿਊਂਦੇ ਹਨ ਕਿ ਨਹੀਂ, ਲਿਖਣਾ ਅਤੇ ਚੱਕ (5) ਤੋਂ ਵੀ ਖਬਰ ਦੱਸਣੀ।

ਅਸੀਂ ਗੁਰੂ ਜੀ ਤੋਂ ਜੁਦਾ ਹੋ ਕੇ ਔਖਾ ਮਹਿਸੂਸ ਕਰ ਰਹੇ ਹਾਂ ਅਤੇ ਉਨ੍ਹਾਂ ਦੀ ਕਿਰਪਾ ਨਾਲ ਸਾਡਾ ਸਮਾਂ ਠੀਕ ਲੰਘ ਰਿਹਾ ਹੈ। ਅਸੀਂ ਬੰਬਈ ਤੋਂ ਸੱਤ ਦਿਨ ਰਾਤ ਸਫਰ ਦੀ ਦੂਰੀ ਤੇ ਹਾਂ ਸਾਨੂੰ ਅਜੇ ਤੱਕ (ਸਾਡੇ) ਵਿਰੁੱਧ ਕੇਸਾਂ ਦੀ ਜਾਣਕਾਰੀ ਨਹੀਂ ਦਿੱਤੀ ਗਈ ਅਤੇ ਨਾਂ ਹੀ ਜੋ ਹੁਕਮ ਦਿੱਤੇ ਗਏ ਸਨ ਉਨ੍ਹਾਂ ਬਾਰੇ। ਸਾਡੇ ਕਮਜੋਰਾਂ ਤੇ ਸਰਕਾਰ ਵੱਲੋਂ ਬੜਾ ਜੁਲਮ ਕੀਤਾ ਗਿਆ ਹੈ। ਅਸੀਂ ਕਦੇ ਨਹੀਂ ਸੀ ਸੁਣਿਆ ਕਿ ਬਗੈਰ ਕਿਸੇ ਕਾਰਨ ਦੇ, ਦੇਸ਼ ਦੇ ਲੋਕਾਂ ਨੂੰ ਸਮੁੰਦਰੋਂ ਪਾਰ ਭੇਜਿਆ ਜਾਂਦਾ ਹੋਵੇ। ਅਸੀਂ ਇਲਾਹਾਬਾਦ ਦੇ ਕਮਿਸ਼ਨਰ ਨੂੰ ਲਿਖਿਆ ਸੀ ਕਿ ਇਹ ਬੜੀ ਮਾੜੀ ਗੱਲ ਹੈ ਕਿ ਨਿਰਦੋਸ਼ਾਂ ਨੂੰ ਪਹਿਲਾਂ 14 ਮਹੀਨੇ ਇਕਾਂਤਵਾਸ ਵਿੱਚ ਰੱਖੋ ਅਤੇ ਫੇਰ ਉਮਰ ਭਰ ਲਈ ਦੇਸ਼ ਤੋਂ ਬਾਹਰ ਭੇਜ ਦਿਓ। ਕਮਿਸ਼ਨਰ ਨੇ ਜਬਾਬ ਦਿੱਤਾ ਕਿ ਅਗਰ ਅਸੀਂ (ਸੂਬੇ) ਦੋਸ਼ੀ (ਸਾਬਤ) ਹੁੰਦੇ ਤਾਂ ਅਸਾਂ ਨੂੰ ਫਾਂਸੀ ਦੀ ਸਜਾ ਦੇ ਦਿੱਤੀ ਜਾਣੀ ਸੀ, ਪਰ ਜਦੋਂ ਅਸੀਂ ਦੋਸ਼ੀ (ਸਾਬਤ) ਨਹੀਂ, ਤਾਂ ਸਾਨੂੰ ਇਹ ਸਜਾ ਦਿੱਤੀ ਗਈ ਹੈ। ਅਸੀਂ ਪਹਿਲਾਂ ਕਦੇ ਭੈ ਦੇ ਵਾਤਾਵਰਨ ਬਾਰੇ ਨਹੀਂ ਸੀ ਸੁਣਿਆ।

ਸਾਨੂੰ ਪਤਾ ਲੱਗਾ ਹੈ ਕਿ ਬੌਹਰ ਸਿੰਘ(ਪਹਾੜਾ ਸਿੰਘ) ਮਲੂਕ ਸਿੰਘ ਅਤੇ ਰੂੜ ਸਿੰਘ ਸ਼ੇਰ ਗੜ (ਅਸੀਰਗੜ੍ਹ) ਜੋ ਕਿ ਬੰਬਈ ਇਲਾਕੇ ਵਿਚ ਹੀ ਹਨ। ਇਹ ਕਿਲਾ ਦੱਖਣ ਵੱਲ ਇੱਕ ਪਹਾੜੀ ਉੱਤੇ ਹੈ। ਅਸੀਂ ਸੁਣਿਆ ਹੈ ਕਿ ਜਵਾਹਰ ਸਿੰਘ, ਬ੍ਰਹਮਾ ਸਿੰਘ ਅਤੇ ਲੱਖਾ ਸਿੰਘ(ਚੌਟਾਨ-ਮੌਲਮੀਨ, ਪਰ ਸਾਫ ਪੜ੍ਹਿਆ ਨਹੀਂ ਜਾਂਦਾ) ਹਨ ਪਰ ਅਸੀਂ (ਠੀਕ) ਨਹੀਂ ਜਾਣਦੇ ਕਿ ਉਹ ਅੱਜ ਕੱਲ ਕਿੱਥੇ ਹਨ। ਕਿਰਪਾ ਕਰਕੇ ਅਗਰ ਉਹ ਤੁਹਾਡੇ ਕੋਲ ਹਨ ਤਾਂ ਉਨ੍ਹਾਂ ਨੂੰ ਵੀ ਸਾਡੀ ਫਤਹਿ ਬੁਲਾ ਦੇਣੀ।

1. ਭੈਣੀ ਸਾਹਿਬ ਹੱਟੀ ਵਿਚ ਕੰਮ ਕਰਦਾ ਸੀ।
2. ਸ੍ਰੀ ਭੈਣੀ ਸਾਹਿਬ ਦਾ ਜਿਮੀਂਦਾਰ।
3. ਬਾਬਾ ਜੱਸਾ ਸਿੰਘ
4. ਬਾਬਾ ਜੱਸਾ ਸਿੰਘ ਨੇ ਬਿਕ੍ਰਮੀ 1931 (1874 ਈ.) ਨੂੰ ਚੜ੍ਹਾਈ ਕੀਤੀ। ਸਤਿਗੁਰੂ ਬਿਲਾਸ ਪੰਨਾ 391.
5. ਸੂਬਾ ਕਾਹਨ ਸਿੰਘ ਦਾ ਪਿੰਡ।

# ਅੜਬੰਗੀ (ਨਾਵਲ)

ਸਵ. ਸੰਤ ਇੰਦਰ ਸਿੰਘ ਚੱਕਰਵਰਤੀ

"ਸਰਕਾਰ ਚਸ਼ਮਦੀਦ ਗਵਾਹੀ ਹੋ ਚੁਕੀ, ਮੁਜਰਮ ਇਕਬਾਲੀ ਹੈ ਹੁਣ ਹੁਕਮ ਸੁਣਾਓ।" ਪੀ.ਪੀ. ਨੇ ਕਿਹਾ।

"ਭਗਵਾਨ ਸਿੰਘ ਕੋਈ ਉਜ਼ਰ ?"

"ਜੀ ਹਾਂ।" ਅੜਬੰਗੀ ਕਿਹਾ।

"ਫਿਰ ਦੱਸ ?"

"ਸੁਣੋਗੇ ?

"ਜ਼ਰੂਰ।"

"ਫਿਰ ਬਰਟਨ ਸਾਹਿਬ ਦੱਸਣ ਕਿ ਭੈਣੀ ਸਾਹਿਬ ਦੇ ਕਿਸੇ ਸਿਪਾਹੀ ਨੂੰ ਚੌਂਕੀ ਅਤੇ ਪਿੰਡ ਦੀ ਹਦੂਦ ਛੱਡ ਕੇ ਬਾਹਰ ਜਾਣ ਦੀ ਇਜਾਜ਼ਤ ਹੈ ?"

"ਨਹੀਂ।" ਬਰਟਨ ਕਿਹਾ।

"ਗੇਂਦਾ ਕੋਟ ਦੀ ਢੱਕੀ ਵਿੱਚ ਕੀ ਕਰਨ ਗਿਆ ਸੀ ?"

"...ਚੁੱਪ!...

"ਫਿਰ ਕੀ ਪਤਾ ਹੈ ਕਿ ਗੇਂਦਾ ਕਿਸ ਮਾਰਿਆ ਹੈ, ਅਤੇ ਕਿਉਂ ਮਾਰਿਆ ਹੈ ?"

"ਮੌਕੇ ਦੀ ਸ਼ਹਾਦਤ ਮੌਜੂਦ ਹੈ।"

"ਇਹ ਝੂਠਾ ਹੈ।"

"ਉਹ ਕਿਵੇਂ ?"

"ਇਸ ਸ਼ਹਾਦਤ ਦੇਣ ਤੋਂ ਪਹਿਲਾਂ ਕਸਮ ਖਾ ਕੇ ਕਿਹਾ ਸੀ ਕਿ ਜੇ ਮੈਂ ਝੂਠ ਬੋਲਾਂ ਤਾਂ ਅੰਨ੍ਹਾ ਹੋ ਜਾਵਾਂ।"

"ਫਿਰ ?"

"ਫਿਰ ਕੀ, ਕਸਮ ਖਾ ਕੇ ਝੂਠ ਬੋਲਣ ਨਾਲ ਗੁਆਹ ਅੰਨ੍ਹਾ ਹੋ ਗਿਆ ਹੈ।"

"ਨਹੀਂ, ਚੰਗਾ ਭਲਾ ਹੈ। ਅੱਖਾਂ ਨਹੀਂ ਵੇਖ ਰਹੇ ਚਰਾਗਾਂ ਵਰਗੀਆਂ?"

"ਪਰ ਉਹ ਵੇਖ ਨਹੀਂ ਸਕਦੀਆਂ।"

"ਮਿਸਟਰ ਬਰਟਨ ! ਮੁਜਰਮ ਕੀ ਆਖਦਾ ਹੈ ?" ਮੈਂ ਜ਼ਰਾ ਹੋਰ ਚਿੰਤਾਤੁਰ ਹੋ ਕੇ ਕਿਹਾ।

"ਝੂਠ ਬੋਲਦਾ ਹੈ, ਮਾਈ ਲਾਰਡ।"

"ਨਹੀਂ ਮੈਂ ਸੱਚਾ ਹਾਂ, ਝੂਠਾ ਬਰਟਨ ਹੈ।"

"ਹੁਣੇ ਪਤਾ ਲੱਗ ਜਾਂਦਾ ਹੈ।" ਬਰਟਨ ਨੇ ਕਿਹਾ।

"ਕਿਵੇਂ"

"ਇਹ ਕਿੰਨੀਆਂ ਉਂਗਲਾਂ ਹਨ ਬਈ ?"

"ਤਿੰਨ।"

"ਹੁਣ ?"

"ਇਕ"

"ਹੁਣ ?"

"ਚਾਰ।"

"ਬੱਸ ਸਾਹਿਬ ! ਗਵਾਹ ਠੀਕ ਹੈ ਮੁਜਰਿਮ ਝੂਠਾ ਹੈ।"

"ਭਗਵਾਨ ਸਿੰਘ ਕੁੱਝ ਹੋਰ ?" ਮੈਂ ਫਿਰ ਕਿਹਾ, "ਜੀ ਹਾਂ, ਬਰਟਨ ਸਾਹਿਬ ਨੇ ਇਸ ਨੂੰ ਲਿਖਾ ਪੜ੍ਹਾ ਕੇ ਲਿਆਂਦਾ ਹੈ। ਐਤਕਾਂ ਉਂਗਲਾਂ ਮੈਂ ਖੜੀਆਂ ਕਰਾਂਗਾ, ਇਹ ਦੱਸੇ।"

"ਪੁੱਛ।"

"ਕਿੰਨੀਆਂ ਉਂਗਲਾਂ ਹਨ, ਬਈ ?" ਅੜਬੰਗੀ ਨੇ ਬਿਨਾਂ ਉਂਗਲਾਂ ਖੜੀਆਂ ਕਰਨ ਤੋਂ ਹੀ ਪੁੱਛਿਆ।

"ਦੋ।" ਪੀਰਾਂ ਦਿੱਤੇ ਕਿਹਾ।

"ਤੱਕੋ ਨ ਜ਼ਰਾ ਮੇਰੀ ਸਚਾਈ।" ਇਹ ਆਖ ਅੜਬੰਗੀ ਆਪਣੀ ਜਿੱਤ ਨਾਲ ਤਣ ਕੇ ਖਲੋ ਗਿਆ।

ਇਹ ਵੇਖ ਮੈਂ ਕਲਮ ਮੂੰਹ ਵਿਚ ਫੜਕੇ ਸੋਚਣ ਲੱਗ ਗਿਆ ਅਤੇ ਬਰਟਨ ਸਾਹਿਬ ਦੇ ਮੂੰਹ ਤੇ ਪਲਿੱਤਣ ਛਾ ਗਈ। ਹਵਾਈਆਂ ਉੱਡਣ ਲਗ ਪਈਆਂ। ਸਾਰਾ ਮੁਕੱਦਮਾ ਹੁਣ ਮੇਰੇ ਸਾਹਮਣੇ ਸਾਫ਼ ਹੋ ਚੁੱਕਾ ਸੀ।

"ਓਹ! ਮਿਸਟਰ ਬਰਟਨ। ਕਾਨੂੰਨ ਅਜਿਹੀ ਬੇ-ਇਨਸਾਫ਼ੀ ਦੀ ਇਜਾਜ਼ਤ ਨਹੀਂ ਦਿੰਦਾ।" ਮੇਰੇ ਨਿਰਣੇ ਵਿਚ ਦ੍ਰਿੜ੍ਹਤਾ ਆ ਰਹੀ ਸੀ।

ਬਰਟਨ ਚੁੱਪ !!

"ਕੇਹਾ ਚੰਗਾ ਹੁੰਦਾ ਜੇ ਇਹ ਕੇਸ ਤੁਸੀਂ ਵਾਪਸ ਕਰ ਲੈਂਦੇ।"

"ਮੈਂ ਫ਼ੈਸਲਾ ਸੁਣਨਾ ਚਾਹੁੰਦਾ ਹਾਂ।"

"ਅਫਸੋਸ ਕਿ ਫੈਸਲਾ ਤੁਹਾਡੇ ਹੱਕ ਵਿਚ ਨਹੀਂ ਹੋ ਸਕਦਾ।"

ਮੈਂ ਫੇਰ ਅੜਬੰਗੀ ਨੂੰ ਸੰਬੋਧਨ ਕਰਦਿਆਂ ਕਿਹਾ। "ਭਗਵਾਨ ਸਿੰਘ! ਮੈਂ ਜਾਣਦਾ ਹਾਂ ਕਿ ਤੂੰ ਡੇਢ ਦਰਜਨ ਪੁਲੀਟੀਕਲ ਕਤਲਾਂ ਦਾ ਕਾਤਿਲ, ਮੁਜਰਿਮ ਅਤੇ ਕੂਕਿਆਂ ਦੇ ਬਾਗ਼ੀ ਗਿਰੋਹ ਦਾ ਸਰਦਾਰ ਹੈਂ। ਮੈਂ ਇਹ ਵੀ ਜਾਣਦਾ ਹਾਂ ਕਿ ਗੇਂਦਾ ਤੇਰੇ ਬਿਨਾਂ ਕਿਸੇ ਵੀ ਹੋਰ

ਨੇ ਨਹੀਂ ਮਾਰਿਆ, ਪਰ ਪਤਾ ਨਹੀਂ ਤੇਰੀ ਕਿਸਮਤ ਏਨੀ ਜ਼ਬਰਦਸਤ ਤੇ ਬਲਵਾਨ ਕਿਉਂ ਹੈ ? ਮੌਕੇ ਦੀ ਸ਼ਹਾਦਤ ਨਾ ਹੋਣ ਕਰ ਕੇ ਕਾਨੂੰਨ ਤੈਨੂੰ ਮੁਜਰਿਮ ਮੰਨ ਲੈਣ ਦੀ ਇਜਾਜ਼ਤ ਨਹੀਂ ਦੇਂਦਾ। ਇਸ ਲਈ ਮੈਂ ਤੈਨੂੰ ਬਰੀ ਕਰਦਾ ਹਾਂ। (ਸਿਪਾਹੀਆਂ ਨੂੰ ਮੁਖ਼ਾਤਿਬ ਕਰਕੇ) ਹਥਕੜੀ ਲਾਹ ਦਿਓ। ਇਹ ਹੁਣ ਆਜ਼ਾਦ ਹੈ ਪਰ ਪੀਰਾਂ ਦਿਤੇ ਨੂੰ ਮੈਂ ਝੂਠ ਬੋਲਣ ਦੇ ਜੁਰਮ ਵਿਚ 6 ਮਹੀਨੇ ਦੀ ਬਾ-ਮੁਸ਼ੱਕਤ ਕੈਦ ਅਤੇ 25 ਰੁਪਏ ਜੁਰਮਾਨਾ ਕਰਦਾ ਹਾਂ।" ਮੈਂ ਫ਼ੈਸਲਾ ਦੇ ਦਿੱਤਾ।

"ਮੇਰੀ ਇਕ ਅਰਜ਼ ਹੈ ਸਰਕਾਰ।"

"ਕੀ ?"

ਇਸ ਬੇਵਕੂਫ ਤੇ ਅੰਨ੍ਹੇ ਨੂੰ ਮਾਫ਼ ਕਰ ਦਿਓ ਸਰਕਾਰ।"

"ਇਹ ਕਸੂਰਵਾਰ ਹੈ।"

"ਇਹ ਕਸੂਰ ਇਸ ਆਪਣੀ ਖੁਸ਼ੀ ਨਾਲ ਆਪ ਨਹੀਂ ਕੀਤਾ, ਸਗੋਂ ਇਸ ਤੋਂ ਜਬਰਨ ਤੇ ਮਜਬੂਰਨ ਕਰਾਇਆ ਗਿਆ ਹੈ। ਇਸ ਲਈ ਸਜ਼ਾ ਦੇ ਹੱਕਦਾਰ ਉਹ ਹਨ, ਜਿਨ੍ਹਾਂ ਇਸ ਤੋਂ ਇਹ ਕਸੂਰ ਕਰਾਇਆ ਹੈ, ਨਾ ਕਿ ਵਿਚਾਰਾ ਇਹ ?"

"ਗੱਲ ਤਾਂ ਠੀਕ ਹੈ, ਪਰ...।"

"ਪਰ ਕੀ, ਆਪ ਜਿਹੇ ਇਨਸਾਫ਼ ਪਸੰਦ ਤੋਂ ਇਹ ਆਸ ਕੀਤੀ ਜਾ ਸਕਦੀ ਏ? ਕਿ ਇਕ ਗਰੀਬ ਨੂੰ ਸਜ਼ਾ ਮਿਲੇ ਅਤੇ ਤਾਕਤਵਰ ਮੌਜਾਂ ਮਾਨਣ।"

"ਤੇਰੇ ਕਹੇ ਮੈਂ ਸਜ਼ਾ ਮਾਫ਼ ਕਰ ਦਿਆਂਗਾ ਪਰ ਜੁਰਮਾਨਾ ਜ਼ਰੂਰ ਕਰਾਂਗਾ ਤਾਂ ਕਿ ਅਗੋਂ ਕਿਸੇ ਦੀ ਝੂਠ ਬੋਲਣ ਦੀ ਜੁਰਅਤ ਨਾ ਪਏ। ਜੁਰਮਾਨਾ ਨਾ ਦੇਣ ਦੀ ਹੈਸੀਅਤ ਵਿਚ ਇਹ ਕੈਦ ਜ਼ਰੂਰ ਕੱਟੇਗਾ।"

"ਸ਼ੁਕਰੀਆ।"

"ਇਸ ਦਾ ਜੁਰਮਾਨਾ ਅਸੀਂ ਦੇ ਦਿੰਦੇ ਹਾਂ।" ਇਹ ਆਖ ਸ੍ਰੀ ਗੁਰੂ ਹਰੀ ਸਿੰਘ ਜੀ ਨੇ ਮਹੰਤ ਦਾਨ ਸਿੰਘ ਜੀ ਨੂੰ ਹੁਕਮ ਕੀਤਾ। ਮਹੰਤ ਦਾਨ ਸਿੰਘ ਜੀ ਨੇ 25 ਰੁਪਏ ਕੱਢ ਕੇ ਮੇਜ਼ ਉਤੇ ਰੱਖ ਦਿੱਤੇ। ਇਹ ਵੇਖ ਮੇਰੀਆਂ ਅੱਖਾਂ ਵਿਚ ਪਾਣੀ ਭਰ ਆਇਆ ਅਤੇ ਮੈਂ ਆਪਣੇ ਥਾਂ ਤੋਂ ਉੱਠ ਕੇ ਗੁਰੂ ਹਰੀ ਸਿੰਘ ਜੀ ਨੂੰ ਨਮਸਕਾਰ ਕਰ ਕੇ ਹੱਥ ਮਿਲਾਉਂਦਾ ਹੋਇਆ ਬਰਟਨ ਨੂੰ ਸੰਬੋਧਨ ਕਰ ਕੇ ਆਖਣ ਲੱਗਾ:

"ਮਿਸਟਰ ਬਰਟਨ! ਜਿਨ੍ਹਾਂ ਲੋਕਾਂ ਦਾ ਆਚਰਣ ਇੰਨਾ ਉੱਚਾ ਤੇ ਮਹਾਨ ਹੈ, ਉਨ੍ਹਾਂ ਨੂੰ ਤੁਸੀਂ ਮਾਰ ਨਹੀਂ ਸਕਦੇ। ਕਿਹਾ ਚੰਗਾ ਹੋਵੇ ਜੇ ਤੁਸੀਂ ਇਨ੍ਹਾਂ ਨੇਕ ਦਿਲ, ਖੁਦਾ ਪ੍ਰਸਤ, ਪਰਉਪਕਾਰੀ ਲੋਕਾਂ ਨਾਲ ਨਫ਼ਰਤ ਛੱਡ ਕੇ, ਪਿਆਰ ਦਾ ਹੱਥ ਵਟਾਵੋ। ਮੈਨੂੰ ਤੇ ਯਸੂਹ ਦੀ ਅਮਲੀ ਤੇ ਅਸਲੀ ਤਾਲੀਮ ਇਨ੍ਹਾਂ ਵਿੱਚ ਨਜ਼ਰ ਆ ਰਹੀ ਹੈ। ਵਕਤ ਆਉਣ ਵਾਲਾ ਹੈ, ਜਦ ਸਾਰੀ ਦੁਨੀਆਂ ਇਨ੍ਹਾਂ ਦੇ ਪੈਰ ਚਿਨ੍ਹਾਂ ਤੇ ਚਲਣ ਨੂੰ ਆਪਣਾ ਮਾਣ ਸਮਝੇਗੀ ਅਤੇ ਇਸੇ ਅਸੂਲ ਅਨੁਸਾਰ ਹਿੰਦ ਦਾ ਨਾਂ ਸੰਸਾਰ ਵਿਚ ਉੱਚਾ ਰਹੇਗਾ।"

ਮੈਂ ਆਪਣੇ ਵਿਚਾਰਾਂ ਦਾ ਸਾਰੰਸ਼ ਦਿੰਦੇ ਕਿਹਾ।

"ਪਰ ਇਹ ਸਰਕਾਰ ਦੇ ਬਾਗ਼ੀ ਹਨ।" ਬਰਟਨ ਬੋਲੇ।

"ਆਪਣੇ ਦੇਸ਼ ਨਾਲ ਪਿਆਰ, ਸਾਡੇ ਨਾਲ ਬਗਾਵਤ ਨਹੀਂ। ਤੁਸੀਂ ਸਗੋਂ ਆਪਣੇ ਕੌਲਾਂ ਤੇ ਕੰਮਾਂ ਨਾਲ ਇਨ੍ਹਾਂ ਵਿਚਲੀ ਬਗਾਵਤ ਨੂੰ ਪੱਕਿਆਂ ਕਰਨ ਵਿਚ ਲੱਗੇ ਹੋਏ ਹੋ। ਜਿਹੜੀ ਕੌਮ ਦੁਸ਼ਮਨ ਨੂੰ ਮਾਫ਼ ਕਰਨਾ ਜਾਣਦੀ ਹੈ, ਉਸ ਨੂੰ ਕੋਈ ਵੀ ਖ਼ਤਮ ਨਹੀਂ ਕਰ ਸਕਦਾ, ਉਹ ਵਧੇਗੀ, ਫੁਲੇਗੀ, ਤਰੱਕੀ ਕਰੇਗੀ।"

ਹੁਣ ਸੰਤ ਭਗਵਾਨ ਸਿੰਘ ਦੀ ਹਥਕੜੀ ਤੇ ਬੇੜੀ ਲੱਥ ਚੁੱਕੀ ਸੀ, ਉਹ ਨੱਸ ਕੇ ਸ੍ਰੀ ਗੁਰੂ ਹਰੀ ਸਿੰਘ ਜੀ ਦੇ ਚਰਨੀਂ ਜਾ ਢੱਠਾ, ਸ੍ਰੀ ਸਤਿਗੁਰੂ ਜੀ ਨੇ ਉਸ ਨੂੰ ਉਠਾ ਕੇ ਜੱਫੀ ਵਿਚ ਲੈ ਕੇ ਕਿਹਾ, "ਵੇਖਿਆ ਮੇਰੇ ਅੜਬੰਗੀ ਦਾ ਕੋਈ ਵੀ ਵਾਲ ਵਿੰਗਾ ਨਹੀਂ ਕਰ ਸਕਿਆ।"

"ਗੁਰੂਦੇਵ, ਜਿਸ ਨੂੰ ਤੁਸੀਂ ਰੱਖੋ, ਉਸ ਨੂੰ ਕੌਣ ਮਾਰੇ, "ਜਿਸ ਨੋ ਤੂ ਰਖਵਾਲਾ ਮਾਰੇ ਤਿਸੁ ਕਉਣੁ।"

ਅਚਾਨਕ ਪਤਾ ਨਹੀਂ ਨਾਮਧਾਰੀ ਸੰਤ ਸੰਤੋਖ ਸਿੰਘ ਜੀ ਇਤਿਹਾਸਕਾਰ, ਸ੍ਰੀ ਸਤਿਗੁਰੂ ਬਿਲਾਸ ਦੇ ਲੇਖਕ ਕਿਧਰੋਂ ਆ ਗਏ। ਉਨ੍ਹਾਂ ਦੇ ਇਕ ਹੱਥ ਮਸ਼ਾਲ ਸੀ ਤੇ ਦੂਜੇ ਹੱਥ ਫੁੱਲਾਂ ਦੇ ਹਾਰ। ਉਨ੍ਹਾਂ ਮਸ਼ਾਲ ਧਰਤੀ ਨਾਲ ਪਟਕ ਕੇ ਮਾਰੀ ਅਤੇ ਇਕ ਹਾਰ ਸ੍ਰੀ ਗੁਰੂ ਹਰੀ ਸਿੰਘ ਜੀ ਦੇ ਗਲ ਪਾ ਦਿੱਤਾ ਅਤੇ ਦੂਜਾ ਸ੍ਰੀਮਾਨ ਸੰਤ ਭਗਵਾਨ ਸਿੰਘ ਜੀ ਦੇ ਗਲ। ਸ੍ਰੀ ਗੁਰੂ ਜੀ ਨੇ ਆਪਣਾ ਹਾਰ ਲਾਹ ਕੇ ਵੀ ਭਗਵਾਨ ਸਿੰਘ ਜੀ ਦੇ ਪਾ ਦਿੱਤਾ। ਸ੍ਰੀਮਾਨ ਸੰਤ ਸੰਤੋਖ ਸਿੰਘ ਜੀ ਜਿਧਰੋਂ ਆਇ ਸੀ, ਮਸਤੀ ਵਿਚ ਇਹ ਪੜ੍ਹਦੇ ਹੋਏ ਓਧਰ ਹੀ ਤੁਰ ਗਏ:-

"ਜਾ ਕੋ ਰਾਖੈ ਸਾਂਵਰਾ ਮਾਰ ਨ ਸਕੈ ਕੋਇ।
ਵਾਲ ਨ ਵਿੰਗਾ ਕਰ ਸਕੈ, ਭਾਵੇਂ ਸਭ ਜਗ ਵੈਰੀ ਹੋਇ।"

ਚੱਲਦਾ.....

## ਖ਼ਬਰਨਾਮਾ

## ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ 'ਲੋਗੋ ਰਿਲੀਜ਼'

10 ਜੂਨ ਸ੍ਰੀ ਭੈਣੀ ਸਾਹਿਬ: ਅੱਜ ਆਸਾ ਦੀ ਵਾਰ ਦੇ ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 100 ਵੇਂ ਪ੍ਰਕਾਸ਼ ਵਰ੍ਹੇ ਨਾਲ ਸਬੰਧਿਤ ਸ਼ਤਾਬਦੀ ਲੋਗੋ ਰਿਲੀਜ਼ ਕਰਨ ਦੀ ਕ੍ਰਿਪਾ ਕੀਤੀ। ਫਾਈਬਰ ਦੇ ਸਫ਼ੈਦ ਰੰਗ ਵਿੱਚ ਬਣੇ ਵੱਡ-ਆਕਾਰੀ ਲੋਗੋ ਤੋਂ ਪਰਦਾ ਹਟਾ ਕੇ ਸ਼ਤਾਬਦੀ ਸਮਾਗਮਾਂ ਅਤੇ ਪ੍ਰਕਾਸ਼ਨਾਵਾਂ ਵਾਸਤੇ ਜਾਰੀ ਕੀਤਾ। ਗੁਰਮੁਖੀ ਅੰਕਾਂ ਵਿੱਚ ਲਿਖਿਆ ੧00 ਵਿੱਚ ੧ ਪ੍ਰਮੇਸ਼ਰ ਦੀ ਅਖੰਡ ਅਤੇ ਸਦੀਵੀ ਹੋਂਦ ਦਾ ਪ੍ਰਤੀਕ ਹੈ। ਮਾਲਾ ਦੇ ਮਣਕਿਆਂ ਦੀਆਂ ਬਣੀਆਂ ਜੁੜਵੀਆਂ ਦੋ ਜ਼ੀਰੋ ਇਨਫਿੰਟੀ ਦੀਆਂ, ਬੇਅੰਤ ਦੀਆਂ ਸੂਚਕ ਹਨ, ਪਹਿਲੀ ਜ਼ੀਰੋ ਖਾਲੀ ਹੈ ਜੋ ਅਕਾਲ ਪੁਰਖ ਦੇ ਨਿਰਾਕਾਰ ਰੂਪ ਦੀ ਅਤੇ ਦੂਸਰੀ ਜ਼ੀਰੋ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਲੋਜ਼ ਅੱਪ ਤਸਵੀਰ ਸਾਕਾਰ ਜਾਂ ਸਰਗੁਣ ਸਰੂਪ ਵੱਲ ਸੰਕੇਤਕ ਹੈ। ਮਾਲਾ ਦੇ ਮਣਕੇ ਪ੍ਰਭੂ ਭਗਤੀ ਵੱਲ, ਪ੍ਰਮੇਸ਼ਰ ਦੇ ਨਾਮ ਜੱਪਣ ਵੱਲ ਇਸ਼ਾਰਾ ਕਰਦੇ ਹਨ। ਉਹੋ ਪ੍ਰਭੂ ਦਾ ਸੱਚਾ-ਨਾਮ ਜੋ ਸਿੱਖ ਧਰਮ ਦਾ ਮੂਲ ਆਧਾਰ ਹੈ। ਉਹੋ 'ਸਤਿਨਾਮੁ' ਜੋ ਪੂਰੇ ਸਤਿਗੁਰੂ ਤੋਂ ਪ੍ਰਾਪਤ ਹੁੰਦਾ ਹੈ। "ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ।" -ਅਤੇ "ਸਤਿਗੁਰੁ ਹਰਿ ਹਰਿ ਨਾਮੁ ਦ੍ਰਿੜਾਵੈ॥" -ਗੁਰਵਾਕ ਅਨੁਸਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਜੀਵਨ ਭਰ ਨਾਮ ਜਪਾਇਆ। ਲੋਗੋ ਦੇ ਉੱਪਰ ਲਿਖਿਆ ਹੈ- 'ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ' ਅਤੇ ਹੇਠਾਂ ਲਿਖਿਆ ਹੈ- 'ਪ੍ਰਕਾਸ਼ ਸ਼ਤਾਬਦੀ 1920-2020' ਇਹ ਅਰਥ ਭਰਪੂਰ ਲੋਗੋ ਸ੍ਰੀ ਸਤਿਗੁਰੂ ਜੀ ਨੇ ਆਪ ਗਾਈਡ ਕਰਕੇ ਕਰਨਪਾਲ ਸਿੰਘ ਰਾਹੀਂ ਬਣਵਾਇਆ।

-ਤਰਨ ਸਿੰਘ ਬੱਲ



# ਸ੍ਰੀ ਸਤਿਗੁਰੂ ਜੀ ਦੇ ਸ੍ਰੀ ਭੈਣੀ ਸਾਹਿਬ ਵਿਖੇ ਦਰਸ਼ਨ

## ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ॥



2 ਜੂਨ 2020 ਆਸਾ ਦੀ ਵਾਰ ਸ੍ਰੀ ਭੈਣੀ ਸਾਹਿਬ

1 ਜੂਨ 2020 ਦਿਨ ਸੋਮਵਾਰ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਕਰੀਬ ਸਵਾ ਦੋ ਮਹੀਨਿਆਂ ਬਾਅਦ ਸ੍ਰੀ ਭੈਣੀ ਸਾਹਿਬ ਵਿਖੇ ਦਰਸ਼ਨ ਦਿੱਤੇ। 21 ਮਾਰਚ ਨੂੰ ਸ੍ਰੀ ਸਤਿਗੁਰੂ ਜੀ ਬੰਗਲੌਰ ਨਾਮਧਾਰੀ ਫਾਰਮ ਤੇ ਗਏ ਸਨ। ਲੰਮਾ ਸਮਾਂ ਲੌਕ ਡਾਊਨ ਹੋਣ ਕਰਕੇ ਸ੍ਰੀ ਸਤਿਗੁਰੂ ਜੀ ਫਾਰਮ ਤੇ ਹੀ ਕਿਰਪਾ ਕੀਤੀ। ਇਸ ਦੌਰਾਨ ਫਾਰਮ ਤੇ ਰੋਜ਼ਾਨਾ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ, ਬਾਅਦ ਦੁਪਹਿਰ ਨਾਮ ਸਿਮਰਨ ਅਤੇ ਸ਼ਾਮ ਦਾ ਕੀਰਤਨ ਵੀ ਜਾਰੀ ਰਿਹਾ। ਆਪ ਜੀ ਲਾਈਵ ਟੈਲੀਕਾਸਟ ਦੇ ਮਾਧਿਅਮ ਰਾਹੀਂ ਸੰਗਤਾਂ ਨੂੰ ਦਰਸ਼ਨ ਦਿੰਦੇ ਰਹੇ ਅਤੇ ਸਭ ਨੂੰ ਨਾਮ ਬਾਣੀ ਦਾ ਨਿੱਤਨੇਮ ਕਰਨ ਲਈ ਪ੍ਰੇਰਦੇ ਰਹੇ।

ਲੌਕ ਡਾਊਨ ਖੁੱਲ੍ਹਣ ਉਪਰੰਤ ਸਤਿਗੁਰੂ ਸੱਚੇ ਪਾਤਸ਼ਾਹ 1 ਜੂਨ ਨੂੰ ਬੰਗਲੌਰ ਤੋਂ ਹਵਾਈ ਸਫ਼ਰ ਕਰਕੇ ਚੰਡੀਗੜ੍ਹ ਪਧਾਰੇ ਅਤੇ ਸ਼ਾਮੀਂ ਸਾਢੇ ਚਾਰ ਕੁ ਵਜੇ ਦੇ ਕਰੀਬ ਸ੍ਰੀ ਭੈਣੀ ਸਾਹਿਬ ਕ੍ਰਿਪਾ ਕੀਤੀ। ਸ੍ਰੀ ਸਤਿਗੁਰੂ ਜੀ ਅਤੇ ਆਪ ਜੀ ਦੇ ਮਹਿਲ (ਮਾਤਾ ਗੁਰਸ਼ਰਨ ਕੌਰ) ਨੇ ਬਿਰਧਸ਼ਾਲਾ ਵਿੱਚ ਦਰਸ਼ਨ ਦਿੱਤੇ। ਸਭ ਦੀ ਸੁੱਖ ਸਾਂਦ ਪੁੱਛੀ। ਸ਼ਾਮ ਨੂੰ 7 ਤੋਂ 8 ਨਾਮ ਸਿਮਰਨ ਸਮੇਂ ਪ੍ਰਤਾਪ ਮੰਦਰ ਵਿੱਚ ਦਰਸ਼ਨ ਦਿੱਤੇ। ਜਥੇਦਾਰ ਕਮਾਲ ਸਿੰਘ ਅਤੇ ਕਾਕਾ ਕਿਰਪਾ ਸਿੰਘ ਨੇ ਸਤਿਗੁਰੂ ਬਾਲਕ ਸਿੰਘ ਜੀ ਬਾਰੇ ਕਥਾ ਕੀਤੀ। ਜਥੇਦਾਰ ਜੀ ਨੇ ਕਥਾ ਕਰਦਿਆਂ ਮਲੇਰਕੋਟਲਾ ਸ਼ਹੀਦੀ ਸਾਕੇ ਦੇ ਨਾਇਕ ਸ਼ਹੀਦ ਹੀਰਾ ਸਿੰਘ ਅਤੇ ਸ਼ਹੀਦ ਲਹਿਣਾ ਸਿੰਘ ਜੀ ਦੇ ਗੁਰੂ ਪ੍ਰੇਮ ਦੀ ਵਾਰਤਾ ਸੁਣਾਈ। ਗੁਰਬਾਣੀ ਅਨੁਸਾਰ 'ਸਤਿਗੁਰੂ ਸ਼ਬਦ' ਦੀ ਸੁੰਦਰ ਵਿਆਖਿਆ ਕੀਤੀ ਅਤੇ ਧਰਮ ਦੇ ਮੁੱਢਲੇ ਗੁਣਾਂ ਦਾ ਜ਼ਿਕਰ ਕੀਤਾ। ਸ੍ਰੀ ਭੈਣੀ ਸਾਹਿਬ ਦੀ ਸੰਗਤ ਅਤੇ ਕੁਝ ਲੁਧਿਆਣੇ ਤੋਂ ਆਏ ਗੁਰਮੁਖਾਂ ਨੇ ਗੁਰੂ ਦਰਸ਼ਨ ਕੀਤੇ।

-ਹਰਪਾਲ ਸਿੰਘ ਸੇਵਕ



2 ਜੂਨ 2020 ਆਸਾ ਦੀ ਵਾਰ ਉਪਰੰਤ ਸ੍ਰੀ ਭੈਣੀ ਸਾਹਿਬ

# ਸੂਬਾ ਸਾਹਿਬ ਸਿੰਘ ਜੀ ਦੇ ਸ਼ਹੀਦੀ ਦਿਵਸ ਤੇ ਸਿਮਰਤੀ ਮੇਲਾ

10 ਜੂਨ 2020 ਸ੍ਰੀ ਭੈਣੀ ਸਾਹਿਬ

10 ਜੂਨ 2020 ਸ੍ਰੀ ਭੈਣੀ ਸਾਹਿਬ: ਅੱਜ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਸੂਬਾ ਸਾਹਿਬ ਸਿੰਘ ਜੀ ਦਾ ਸ਼ਹੀਦੀ ਪੁਰਬ ਮਨਾਇਆ ਗਿਆ। ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ ਜੀ ਅਤੇ ਹਰਪ੍ਰੀਤ ਸਿੰਘ ਜੀ ਦੀਆਂ ਬੇਟੀਆਂ- ਬ੍ਰਹਮ ਕੌਰ ਅਤੇ ਹਰਦੇਵ ਕੌਰ ਨੇ ਕੀਤਾ ਤਬਲੇ ਤੇ ਸੰਗਤ ਹਰਪ੍ਰੀਤ ਜੀ ਦੇ ਸਪੁੱਤਰ ਕਾਕਾ ਹਰਨਾਮ ਸਿੰਘ ਨੇ ਕੀਤੀ, ਕਾਕਾ ਗੁਰਦੇਵ ਸਿੰਘ ਸਪੁੱਤਰ ਗੁਰਲਾਲ ਸਿੰਘ ਅਤੇ ਕਾਕਾ ਆਸਾ ਸਿੰਘ ਸਪੁੱਤਰ ਅਜੇਪਾਲ ਸਿੰਘ ਵੀ ਇਨ੍ਹਾਂ ਬੱਚਿਆਂ ਨਾਲ ਗਾਉਂਦੇ ਅਤੇ ਪਉੜੀਆਂ ਪੜ੍ਹਦੇ ਸਨ। ਸੰਤ ਬਲਵੰਤ ਸਿੰਘ ਜੀ ਦਿਲਰੁਬਾ ਤੇ ਅਤੇ ਈਸ਼ਰ ਸਿੰਘ ਨੇ ਤਾਰ ਸ਼ਹਿਨਾਈ ਤੇ ਸਾਥ ਦਿੱਤਾ। ਇਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਲਾਈ ਸੰਗੀਤਕ ਨਰਸਰੀ ਹੈ ਜੋ ਪੁਰਾਤਨ ਗੁਰੂ ਘਰ ਦੀਆਂ ਰੀਤਾਂ ਅਨੁਸਾਰ ਕੀਰਤਨ ਕਰਦੇ ਹਨ। ਬੱਚਿਆਂ ਨੇ ਸੁਰੀਲਾ ਅਤੇ ਭਗਤੀ ਰਸ ਪਰੁੱਚਾ ਕੀਰਤਨ ਕੀਤਾ। ਸ੍ਰੀ ਸਤਿਗੁਰੂ ਜੀ ਨੇ ਬੱਚਿਆਂ ਨੂੰ ਖੁਸ਼ੀਆਂ ਬਖਸ਼ੀਆਂ।

ਅਰਦਾਸ ਉਪਰੰਤ ਸੂਬਾ ਬਲਵਿੰਦਰ ਸਿੰਘ ਜੀ ਨੇ ਸੰਗਤ ਨੂੰ ਕੁਝ ਸਮਾਂ ਹੋਰ ਬੈਠਣ ਅਤੇ ਸੂਬਾ ਸਾਹਿਬ ਸਿੰਘ ਜੀ ਦੇ ਸ਼ਹੀਦੀ ਦਿਵਸ ਤੇ ਸ੍ਰ. ਸੁਵਰਨ ਸਿੰਘ ਵਿਰਕ ਜੀ ਨੂੰ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਨ ਲਈ ਪੇਸ਼ ਕੀਤਾ।

ਪ੍ਰਸਿੱਧ ਖੋਜੀ ਅਤੇ ਸੁਘੜ ਵਕਤਾ ਸ੍ਰ. ਸੁਵਰਨ ਸਿੰਘ ਵਿਰਕ ਜੀ ਦਾ ਬੜਾ ਭਾਵਪੂਰਵਕ ਵਿਖਿਆਨ ਸ਼ਬਦ-ਬ-ਸ਼ਬਦ:-

ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿੱਚ ਬੈਠੀ ਅਤੇ ਦੇਸ਼ਾਂ-ਵਿਦੇਸ਼ਾਂ ਵਿੱਚ (ਆਨ-ਲਾਈਨ) ਸਰਵਣ ਕਰ ਰਹੀ ਸਾਧ ਸੰਗਤ ਜੀ ਇੱਕ ਭਾਈ ਖਜਾਨ ਸਿੰਘ ਜੀ ਰਾਗੀ ਹੋਏ ਨੇ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿੱਚ ਉਨ੍ਹਾਂ ਦਾ ਜ਼ਿਕਰ ਆਉਂਦਾ ਹੈ। ਉਨ੍ਹਾਂ ਦੇ ਕਬਿੱਤ ਦੀਆਂ ਚਾਰ ਤੁਕਾਂ ਨਾਮਧਾਰੀ ਸੰਗਤ ਬੜੇ ਸਮੇਂ ਤੋਂ ਪੜ੍ਹਦੀ ਸੁਣਦੀ ਆ ਰਹੀ ਹੈ:-

ਧੰਨ ਗੁਰੂ ਰਾਮ ਸਿੰਘ ਜਗ ਦਾ ਉਧਾਰ ਕੀਆ,<br>
ਤੀਨ ਲੋਕ ਤਾਰ ਦੂਰ ਕੀਏ ਸਭ ਦੁੱਖ ਜੀ॥<br>
ਗੁਰੂ ਰਾਮ ਸਿੰਘ ਨਾਮ ਲਏ, ਤੀਨ ਲੋਕ ਪਾਰ ਭਏ,<br>
ਧ੍ਰਿਗ ਜਨਮ ਓਸਦਾ ਜੋ ਆਖਦੇ ਮਨੁੱਖ ਜੀ॥<br>
ਸੰਗਤਾਂ ਬਣਾਈਆਂ ਗੁਰੂ ਰਾਮ ਸਿੰਘ ਚਾਰ ਤਰਫ,<br>
ਸਾਹਿਬ ਸਿੰਘ ਲਾਡਲਾ ਸਪੂਤ ਜਾਕੋ ਸੁੱਤ ਜੀ॥<br>
ਤਨ ਮਨ ਸੀਤਲ ਬਣਾਇਆ ਗੁਰੂ ਰਾਮ ਸਿੰਘ,<br>
ਨਾਮ ਦੈ ਆਧਾਰ ਕੈ ਅਘਾਏ ਸਭ ਮੁੱਖ ਜੀ॥

ਉਹ ਸਤਿਗੁਰੂ ਰਾਮ ਸਿੰਘ ਜੀ ਦਾ ਲਾਡਲਾ ਸਪੂਤ, ਕੈਸਾ ਹੋਵੇਗਾ ਜਿਸਨੂੰ ਹਜ਼ੂਰੀ ਰਾਗੀ ਵੱਲੋਂ ਲਾਡਲਾ ਸਪੂਤ ਹੋਣ ਦਾ ਰੁਤਬਾ ਮਿਲਿਆ। 10 ਜੂਨ 1879 ਈ. ਹਜ਼ਾਰੀ ਬਾਗ਼ ਜ਼ੇਲ੍ਹ ਵਿੱਚ ਆਪਣੇ ਪੰਜ ਭੂਤਕ ਸਰੀਰ ਦਾ ਠੀਕਰਾ ਜ਼ਾਲਮ ਗੋਰਾ ਸ਼ਾਹੀ ਹਕੂਮਤ ਦੇ ਸਿਰ ਭੰਨਣ ਵਾਲੇ ਪੰਜਾਬ ਦੀ ਧਰਤੀ ਦੇ ਅਣਖੀਲੇ ਸਪੂਤ ਸੂਬਾ ਸਾਹਿਬ ਸਿੰਘ ਜੀ ਦਾ 142 ਵਾਂ ਸ਼ਹੀਦੀ ਦਿਨ ਹੈ। ਅੱਜ ਤੋਂ 141 ਵਰ੍ਹੇ ਪਹਿਲਾਂ ਉਹ ਜਲਾਵਤਨ ਹੋਏ ਸੂਬਿਆਂ ਚੋਂ ਸ਼ਹੀਦੀ ਪ੍ਰਾਪਤ ਕਰਨ ਵਾਲੇ ਪਹਿਲੇ ਸ਼ਹੀਦ ਸਨ। ਆਪਣੇ ਨਾਮਧਾਰੀ ਲੇਖਕ ਭਾਈ ਸੰਤੋਖ ਸਿੰਘ ਜੀ ਬਾਹੋਵਾਲ ਦਾ 'ਸਤਿਗੁਰੂ ਬਿਲਾਸ' ਅਤੇ ਫਿਰੰਗੀ ਸਰਕਾਰ ਦੇ ਦਸਤਾਵੇਜ਼ ਸੂਬਾ ਸਾਹਿਬ ਸਿੰਘ ਜੀ ਦੇ ਮਹਾਨ ਕਾਰਨਾਮਿਆਂ ਨਾਲ ਭਰੇ ਪਏ ਹਨ।

ਸੂਬਾ ਸਾਹਿਬ ਸਿੰਘ ਜੀ ਦਾ ਜਨਮ 1834 ਈ. ਵਿੱਚ ਪਿੰਡ ਬੰਗਾਲੀਪੁਰ ਅੱਜ ਕੱਲ੍ਹ ਜ਼ਿਲ੍ਹਾ ਤਰਨਤਾਰਨ, ਪੁਰਾਣਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਜਦੋਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ। ਇਸ ਪਿੰਡ ਦਾ ਨਾਮ ਕਿਤੇ ਬਨਵਾਲੀਪੁਰ ਅਤੇ ਕਿਤੇ ਬਰਮਾਲੀਪੁਰ ਲਿਖਿਆ ਹੈ। ਸੂਬਾ ਜੀ ਤਿੰਨ ਭਾਈ ਸਨ। ਰਾਮਗੜ੍ਹੀਆ ਗੁਰਸਿੱਖ ਪਰਿਵਾਰ ਸੀ। ਪਿਤਾ ਦਿਆਲ ਸਿੰਘ। ਆਪ ਦੇ ਵੱਡੇ ਭਰਾਤਾ ਸੂਬਾ ਰੂੜ ਸਿੰਘ ਜੀ ਸਨ। ਉਹ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਮਹੱਤਵਪੂਰਨ ਸੂਬੇ ਸਨ। ਜੋ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦਾ ਪ੍ਰਚਾਰ ਕਰਨ ਲਈ ਬੰਗਾਲੀਪੁਰ ਤੋਂ ਅੰਮ੍ਰਿਤਸਰ ਸ਼ਹਿਰ ਵਿੱਚ ਆ ਗਏ ਸਨ। ਆਈ ਗਈ ਨਾਮਧਾਰੀ ਸੰਗਤ ਵੀ ਆਪ ਦੇ ਗ੍ਰਹਿ ਵਿਖੇ ਰੁਕਿਆ ਕਰਦੀ ਸੀ। ਸ੍ਰੀ ਭੈਣੀ ਸਾਹਿਬ

ਵੱਲੋਂ ਸਤਿਗੁਰੂ ਰਾਮ ਸਿੰਘ ਜੀ ਦੇ ਆਏ ਸੰਦੇਸ਼ ਸੂਬਾ ਰੂੜ ਸਿੰਘ ਜੀ ਇਲਾਕੇ ਦੀਆਂ ਸੰਗਤਾਂ ਤੱਕ ਪਹੁੰਚਾਉਂਦੇ ਸਨ। ਅੰਮ੍ਰਿਤਸਰ ਬੁੱਚੜ ਬੱਧ ਸਾਕੇ ਕਰਕੇ ਵੀ ਸੂਬਾ ਜੀ ਅੰਗਰੇਜ਼ ਸਰਕਾਰ ਦੀਆਂ ਅੱਖਾਂ ਵਿੱਚ ਰੜਕਦੇ ਸਨ। ਆਪ ਸੂਬਾ ਸਾਹਿਬ ਸਿੰਘ ਜੀ ਤੋਂ ਤਿੰਨ ਸਾਲ ਵੱਡੇ ਸਨ ਅਤੇ ਸਾਹਿਬ ਸਿੰਘ ਜੀ ਤੋਂ ਛੋਟੇ ਸਨ ਸੰਤ ਹੀਰਾ ਸਿੰਘ ਜੀ। 1936 ਈ. ਦੇ ਸਤਿਜੁਗ ਅੰਕ ਵਿੱਚ ਚੱਕਰਵਰਤੀ ਜੀ ਦਾ ਛਪਿਆ ਲੇਖ 'ਅਪੂਰਵ ਬਲੀਦਾਨ' ਸੂਬਾ ਸਾਹਿਬ ਸਿੰਘ ਅਤੇ ਆਪ ਦੇ ਭਾਈ ਸੰਤ ਹੀਰਾ ਸਿੰਘ ਜੀ ਦੇ ਵਾਰਤਾਲਾਪ ਤੋਂ ਸ਼ੁਰੂ ਹੁੰਦਾ ਹੈ। ਇਸ ਲੇਖ ਕਰਕੇ ਹੀ ਅੰਗਰੇਜ਼ ਸਰਕਾਰ ਨੇ ਇਹ ਅੰਕ ਜ਼ਬਤ ਕਰ ਲਿਆ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਰਿਕਾਰਡ ਉਪਦੇਸ਼ ਵਿੱਚ ਵੀ ਸੰਤ ਹੀਰਾ ਸਿੰਘ ਜੀ ਬਾਰੇ ਜਿਕਰ ਹੈ ਕਿ ਅਸੀਂ ਉਨ੍ਹਾਂ ਦੇ ਪਿੰਡ ਗਏ। ਬਾਬਾ ਜੀ ਉਸ ਵੇਲੇ ਸੌ ਤੋਂ ਕੁਝ ਵੱਧ ਉਮਰ ਦੇ ਸਨ। ਆਖਣ ਲੱਗੇ: "ਆਖ ਗਏ ਸਨ ਛੇਤੀ ਆਵਾਂਗੇ, ਅਜੇ ਆਏ ਨਹੀਂ।" ਇਨ੍ਹਾਂ ਆਖ ਕੇ ਵੈਰਾਗੀ ਹੋ ਗਏ। ਸਤਿਗੁਰੂ ਰਾਮ ਸਿੰਘ ਜੀ ਦੇ ਵਿਯੋਗ ਵਿੱਚ ਉਸ ਵੇਲੇ ਸਾਰਾ ਹੀ ਨਾਮਧਾਰੀ ਪੰਥ ਵੈਰਾਗੀ ਹੋਇਆ ਫਿਰਦਾ ਸੀ। ਜਦੋਂ ਸਰਕਾਰ ਨੇ ਇਲਾਹਾਬਾਦ ਤੋਂ ਸੂਬਿਆਂ ਨੂੰ ਵੱਖੋ-ਵੱਖ ਦਿਸ਼ਾਵਾਂ ਵਿੱਚ ਦੂਰ-ਦੁਰਾਡੇ ਦੇ ਕਿਲਿਆਂ ਵਿੱਚ ਕੈਦ ਕੀਤਾ। ਉਸ ਵੇਲੇ ਸੂਬਾ ਰੂੜ ਸਿੰਘ ਜੀ ਨੂੰ ਬੰਬਈ ਨੇੜੇ ਅਸੀਰਗੜ੍ਹ ਕਿਲ੍ਹੇ ਵਿੱਚ ਨਜ਼ਰਬੰਦ ਕੀਤਾ ਸੀ। ਉਹ ਵੀ ਉੱਥੇ ਕੈਦ ਵਿੱਚ ਹੀ ਸ਼ਹੀਦ ਹੋ ਗਏ।

ਸੂਬਾ ਸਾਹਿਬ ਸਿੰਘ ਜੀ ਦੇ ਇਲਾਹਾਬਾਦ ਕਿਲ੍ਹੇ ਵਿੱਚ ਮਿਸਟਰ ਮੈਕਨਬ ਦੇ ਸਾਹਮਣੇ ਦਿੱਤੇ ਬਿਆਨਾਂ ਦੇ ਅਨੁਸਾਰ ਉਨ੍ਹਾਂ ਨੇ 1859 ਈ. ਵਿੱਚ ਹਜ਼ੂਰੋਂ ਸਾਹਿਬ ਜਾ ਕੇ ਸਤਿਗੁਰੂ ਬਾਲਕ ਸਿੰਘ ਜੀ ਤੋਂ ਭਜਨ ਪੁੱਛਿਆ। ਜਨਮ 1834 ਈ. ਦਾ, ਮੁਕਤਸਰ ਦੀ ਮਾਘੀ ਤੇ ਸੂਬਾ ਬ੍ਰਹਮਾ ਸਿੰਘ ਜੀ ਜੋ ਉਦੋਂ ਨਾ ਸੂਬੇ ਸਨ ਅਤੇ ਨਾ ਹੀ ਸਿੰਘ, ਉਦੋਂ ਬ੍ਰਹਮਾਨੰਦ ਹੋਣਗੇ। ਸਾਹਿਬ ਸਿੰਘ ਜੀ ਉਦੋਂ ਸਾਹਿਬ ਦਾਸ ਹੋਣਗੇ। ਇਹ ਦੋਵੇਂ ਉਦਾਸੀ ਸਾਧੂ ਸਨ।

ਸਾਹਿਬ ਸਿੰਘ 16 ਸਾਲ ਦੀ ਉਮਰ ਵਿੱਚ ਘਰੋਂ ਨਿਕਲ ਗਏ ਸਨ। ਉਦਾਸੀ ਨਾਗੇ ਸਾਧੂਆਂ ਨਾਲ ਰਲ ਕੇ ਨੌਂ ਸਾਲ ਆਪ ਨੇ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਭ੍ਰਮਣ ਕੀਤਾ। ਉਸ ਸਮੇਂ ਅੰਗਰੇਜ਼, ਪੰਜਾਬ ਤੇ ਨਵੇਂ-ਨਵੇਂ ਕਾਬਜ਼ ਹੋਏ ਸਨ ਅਤੇ ਜਿਹੜੇ ਲੋਕ ਆਪਣੇ ਵਤਨ ਦੀ ਮਿੱਟੀ ਨੂੰ ਪਿਆਰ ਕਰਦੇ ਸਨ। ਅਜਿਹੇ ਕਈ ਲੋਕਾਂ ਦਾ ਇਤਿਹਾਸ ਪੜ੍ਹਦੇ ਹਾਂ ਕਿ ਉਨ੍ਹਾਂ ਵਾਸਤੇ ਇਹ ਵੇਖਣਾ ਅਤੇ ਜਰਨਾ ਮੁਸ਼ਕਿਲ ਸੀ। ਉਹ ਵਿਰਕਤ ਹੋ ਗਏ। ਪੰਜਾਬ ਤੋਂ ਬਾਹਰ ਚਲੇ ਗਏ ਅਤੇ ਹੋਰ ਫਿਰਕਿਆਂ ਵਿੱਚ ਰਲ ਕੇ ਚਿੰਤਨ ਕਰਨ ਲੱਗੇ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਭਵਿੱਖ ਵਿਚ ਕਿਹੋ ਜਹੇ ਉਪਰਾਲੇ ਕੀਤੇ ਜਾਣ। ਜਦੋਂ ਇਨ੍ਹਾਂ ਦੋਹਾਂ ਸਾਧੂਆਂ, ਸਾਹਿਬ ਦਾਸ ਅਤੇ ਬ੍ਰਹਮਾਂ ਨੰਦ ਜੀ ਨੇ ਮੁਕਤਸਰ ਮਾਘੀ ਤੇ ਗੁਰੂ ਬਾਲਕ ਸਿੰਘ ਜੀ ਦੀ ਸੋਅ ਸੁਣੀ ਅਤੇ ਹਜ਼ਰੋਂ ਸਾਹਿਬ ਜਾ ਪੁੱਜੇ। ਗੁਰੂ ਬਾਲਕ ਸਿੰਘ ਜੀ ਨੇ ਇਨ੍ਹਾਂ ਦੋਹਾਂ ਨੂੰ ਨਾਮ ਦੀ ਦਾਤ ਦੇ ਕੇ ਨਾਮਧਾਰੀ ਸਿੰਘ ਸਜਾ ਦਿੱਤਾ ਅਤੇ ਹੁਕਮ ਕੀਤਾ ਹੁਣ ਸਮੇਂ ਦੇ ਮਾਲਕ ਸਤਿਗੁਰੂ ਰਾਮ ਸਿੰਘ ਜੀ ਸ੍ਰੀ ਭੈਣੀ ਸਾਹਿਬ ਹਨ। ਉੱਥੇ ਉਨ੍ਹਾਂ ਦੇ ਚਰਨਾਂ ਵਿੱਚ ਪੁੱਜ ਜਾਵੋ। ਇਹ ਦੋਵੇਂ 1859-60 ਵਿੱਚ ਹੀ ਸ੍ਰੀ ਭੈਣੀ ਸਾਹਿਬ ਆ ਜਾਂਦੇ ਨੇ। ਪੁੱਛਿਆ ਕੀ ਸੇਵਾ ਕਰੋਗੇ? ਸਾਹਿਬ ਸਿੰਘ ਜੀ ਨੇ ਕਿਹਾ- ਮੈਂਸਾਂ ਚਰਾ ਲਿਆਇਆ ਕਰਾਂਗਾ। ਸਤਿਗੁਰੂ ਜੀ ਨੇ ਖੁਸ਼ ਹੋ ਕੇ ਬਚਨ ਕੀਤਾ: "ਛੋਟਾ ਹੁੰਦਾ ਮੈਂ ਵੀ ਮੈਂਸਾਂ ਚਾਰਦਾ ਰਿਹਾ ਹਾਂ, ਹੁਣ ਅਕਾਲ ਪੁਰਖ ਨੇ ਚਾਰਨ ਵਾਲੇ ਘੱਲ ਦਿੱਤੇ ਹਨ।" ਕੁਝ ਸਮਾਂ ਪਸ਼ੂ ਚਾਰੇ ਫੇਰ ਛੇਤੀ ਹੀ ਸਾਹਿਬ ਸਿੰਘ ਜੀ ਬੱਚਿਆਂ ਨੂੰ ਗੁਰਮੁਖੀ, ਗੁਰਬਾਣੀ ਪੜ੍ਹਾਉਣ ਲੱਗ ਪਏ। ਪਹਿਲੀ ਵਾਰ ਸਾਹਿਬ ਸਿੰਘ ਜੀ ਦਾ ਸਤਿਗੁਰੂ ਰਾਮ ਸਿੰਘ ਜੀ ਨਾਲ 1861 ਈ. ਹਰਿਦੁਆਰ- ਗੰਗਾ ਤੇ ਅਰਧ ਕੁੰਭੀ ਤੇ ਜਾਣ ਦਾ ਜ਼ਿਕਰ ਆਉਂਦਾ ਹੈ। ਉੱਥੇ ਇੱਕ ਮਾਈ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਅਰਜ਼ ਕਰਕੇ ਭਜਨ (ਨਾਮ) ਲਿਆ। ਸਤਿਗੁਰੂ ਬਿਲਾਸ ਵਿੱਚ ਜਿਕਰ ਹੈ ਕਿ ਉਹ ਮਾਈ ਅਰਜ਼ ਕਰਨ ਲੱਗੀ, "ਜੀ, ਮੈਨੂੰ ਟੱਪਾ ਭੁੱਲ ਗਿਆ ਹੈ।" ਭਜਨ ਨੂੰ ਟੱਪਾ ਆਖਣ ਤੇ ਸਤਿਗੁਰੂ ਰਾਮ ਸਿੰਘ ਜੀ ਕੁਝ ਨਰਾਜ਼ ਹੋਏ, ਰੌਦਰ ਰੂਪ ਧਾਰਿਆ- ਸਾਹਿਬ ਸਿੰਘ ਜੀ ਹੱਥ ਜੋੜ ਕੇ ਆਖਣ ਲੱਗੇ- 'ਪਾਤਸ਼ਾਹ ਬਖਸ਼ੋ।' ਸਤਿਗੁਰੂ ਰਾਮ ਸਿੰਘ ਜੀ ਬਚਨ ਕੀਤਾ ਅਸਾਂ ਤੇਰਾ ਪਿਉ 'ਬਾਲੀ' ਮਾਰਿਆ ਸੀ, ਤੂੰ 'ਅੰਗਦ' ਸੈਂ। ਉਨ੍ਹਾਂ ਦੇ ਅਰਜ਼ ਕਰਨ ਤੇ ਸੱਚੇ ਪਾਤਸ਼ਾਹ ਨੇ ਮਾਈ ਨੂੰ ਮਾਫ਼ ਕਰ ਦਿੱਤਾ। 1863 ਈ. ਵਿੱਚ ਅਨੰਦ ਮਰਿਯਾਦਾ ਅਰੰਭ ਕਰਨ ਤੋਂ ਬਾਅਦ ਅੰਗਰੇਜ਼ ਹਕੂਮਤ ਨੇ ਸਤਿਗੁਰੂ ਜੀ ਨੂੰ ਸ੍ਰੀ ਭੈਣੀ ਸਾਹਿਬ ਨਜ਼ਰਬੰਦ ਕਰ ਦਿੱਤਾ। 1865 ਈ. ਵਿੱਚ ਸੂਬਿਆਂ ਦੀ ਸਥਾਪਨਾ ਕੀਤੀ ਤਾਂ ਪਹਿਲੇ ਸੂਬੇ- ਸੂਬਾ ਕਾਨ੍ਹ ਸਿੰਘ ਜੀ 'ਚੱਕ', ਸੂਬਾ ਸੁੱਧ ਸਿੰਘ 'ਮਧੌਰ' (ਅੰਬਾਲਾ ਕਿਤੇ

ਦੁਰਗਾਪੁਰ, (ਨਵਾਂ ਸ਼ਹਿਰ ਵੀ ਲਿਖਿਆ ਹੈ) ਸੂਬਾ ਜਵਾਹਰ ਸਿੰਘ ਜੀ ਪਿੰਡ ਸੋਹਲ ਮਾਝੇ ਵਿੱਚ, ਨਾਨਕੇ ਭਾਈ ਕੇ ਡਰੌਲੀ ਜੋ ਨਿਰਮਲਿਆਂ ਵਿੱਚੋਂ ਆਏ ਸਨ। ਚੌਥੇ ਸੂਬਾ ਲੱਖਾ ਸਿੰਘ ਜੀ ਮਲੌਦ, ਪੰਜਵੇਂ ਸੂਬਾ ਸਾਹਿਬ ਸਿੰਘ ਜੀ, ਪਹਿਲੇ ਪੰਜ ਸੂਬਿਆਂ ਵਿੱਚੋਂ।

ਇੱਕ ਹੋਰ ਪ੍ਰਸੰਗ ਦਾ ਸਤਿਗੁਰੂ ਬਿਲਾਸ ਵਿੱਚ ਜ਼ਿਕਰ ਹੈ ਕਿ ਸਤਿਗੁਰੂ ਜੀ ਦੁਆਬੇ ਦੇ ਦੌਰੇ ਤੋਂ ਵਾਪਸ ਆ ਰਹੇ ਨੇ, ਇੱਕ ਫੰਧਕ ਹੈ ਰਸਤੇ ਵਿੱਚ, ਉਸ ਨੇ ਪੰਛੀ ਫ਼ੜੇ ਹੋਏ ਨੇ, ਸਤਿਗੁਰੂ ਜੀ ਨੇ ਸਾਹਿਬ ਸਿੰਘ ਨੂੰ ਕਿਹਾ, ਇਸ ਤੋਂ ਮੁੱਲ ਪੁੱਛ ਲੈ, ਪੈਸੇ ਦੇ ਕੇ ਸਾਰੇ ਪੰਛੀ ਖੁੱਲ੍ਹੇ ਆਕਾਸ਼ ਵਿੱਚ ਛੱਡ ਦਿਓ। ਅਜਿਹਾ ਕਾਰਜ ਸਤਿਗੁਰੂ ਜੀ ਸਾਹਿਬ ਸਿੰਘ ਜੀ ਦੁਆਰਾ ਕਰਦੇ ਨੇ। ਇੱਕ ਵਾਰ ਵਰਨ ਪਿੰਡ ਵਿੱਚ ਰਾਗੀ ਆਉਂਦਾ ਹੈ- "ਸਤਿਗੁਰੂ ਜੀ ਬਚਨ ਕੀਤਾ "ਸਾਹਿਬ ਸਿੰਘ ਇਸ ਨੂੰ ਪੰਜ ਰੁਪਏ ਦਿਉ।" ਕਈ ਵੇਰ ਸਿੱਖ ਤੋਂ ਅਵੱਗਿਆ ਵੀ ਹੋ ਜਾਂਦੀ ਹੈ। ਸਾਹਿਬ ਸਿੰਘ ਨੇ ਅਰਜ਼ ਕੀਤੀ: "ਜੀ ਦੁਆਨੀ ਚੁਆਨੀ ਕੀ ਮਾਫਕ ਹੈ, ਪੰਜ ਰੁਪਇਆਂ ਵਾਲਾ ਇਹ ਨਹੀਂ ਹੈ।" ਸਤਿਗੁਰੂ ਜੀ ਨੇ ਆਪਣੇ ਉੱਤੇ ਲਈ 25 ਰੁਪਏ ਦੀ ਕੀਮਤੀ ਲੋਈ ਲਾਹ ਕੇ ਉਸ ਰਾਗੀ ਨੂੰ ਦੇ ਦਿੱਤੀ। ਇਸ ਤਰ੍ਹਾਂ ਸਤਿਗੁਰੂ ਜੀ ਨਾਲ ਸੂਬਾ ਸਾਹਿਬ ਸਿੰਘ ਜੀ ਦੀਆਂ ਅਨੇਕਾਂ ਸਾਖੀਆਂ ਹਨ। ਜਦੋਂ ਜੂਨ 1863 ਈ. ਵਿੱਚ ਪਿੰਡ ਸਿਆੜ੍ਹ ਵਿਖੇ ਮਾਈਆਂ ਨੂੰ ਅੰਮ੍ਰਿਤ ਛਕਾਇਆ ਹੈ ਤਾਂ ਮਨਮੱਤ ਅਤੇ ਲੋਕਾਚਾਰ ਦੇ ਪ੍ਰਤੀਕ ਮਾਈਆਂ ਦੇ ਗਹਿਣੇ ਕੱਟਣ ਵਾਸਤੇ ਸਤਿਗੁਰੂ ਜੀ ਬਚਨ ਕਰਿਆ ਕਰਦੇ ਸਨ: "ਸਾਹਿਬ ਸਿੰਘ ਫੜ੍ਹ ਰੰਬਾ ਤੇ ਪੌਹੁੰਚੀਆਂ ਕੱਟ ਦੇ।" ਪੌਹੁੰਚੀਆਂ ਕੋਈ ਗੁੱਟਾਂ ਤੇ ਪਾਇਆ ਗਹਿਣਾ ਹੁੰਦਾ ਸੀ। ਸਾਹਿਬ ਸਿੰਘ ਜੀ ਮਰਿਆਦਾ ਲਾਗੂ ਕਰਨ ਵਿੱਚ ਗਹਿਣੇ ਉਤਾਰਦੇ- ਭਾਈ ਕਾਲਾ ਸਿੰਘ ਜੀ ਨੰਗਲ ਲਿਖਦੇ ਹਨ:

ਛੱਲੇ ਪੌਹੰਚੀਆਂ ਹੱਥ ਨਾ ਮੂਲ ਪਾਵੀਂ,<br>
ਸੋਧ ਨਾਲ ਹੈ ਏਨਾਂ ਦੀ ਖਾਰ ਬੀਬੀ।<br>
ਪੂਰੇ ਸਤਿਗੁਰੂ ਪੰਥ ਨੂੰ ਹੁਕਮ ਦੇਂਦੇ,<br>
ਰੱਖੀਂ ਪਾਸ ਤੂੰ ਪੰਜ ਕਕਾਰ ਬੀਬੀ।

ਉਸ ਵੇਲੇ ਸਤਿਗੁਰੂ ਰਾਮ ਸਿੰਘ ਜੀ ਇੱਕ ਪਾਸੇ ਦਸਮ ਪਾਤਸ਼ਾਹ ਦੀ ਅਲੋਪ ਹੋ ਰਹੀ ਸਿੱਖੀ ਰਹਿਤ ਮਰਿਆਦਾ ਨੂੰ ਮੁੜ ਸਥਾਪਿਤ ਕਰਦੇ ਹਨ। ਦੂਜੇ ਪਾਸੇ ਖੁੱਸ ਚੁੱਕੇ ਪੰਜਾਬੀਆਂ ਦੇ ਆਪਣੇ ਖਾਲਸਾ ਰਾਜ ਨੂੰ ਕਾਇਮ ਕਰਨ ਲਈ ਨਿਰੰਤਰ ਯਤਨਸ਼ੀਲ ਹਨ। ਸਵਦੇਸ਼ੀ ਦਾ ਪ੍ਰਚਾਰ ਹੋ ਰਿਹਾ ਹੈ। ਅੰਗਰੇਜ਼ੀ ਸੰਸਥਾਵਾਂ ਅਤੇ ਉਨ੍ਹਾਂ ਦੇ ਬਣੇ ਮਾਲ ਦਾ ਬਾਈਕਾਟ ਹੋ ਰਿਹਾ ਹੈ ਅਤੇ ਆਪਣੇ ਪ੍ਰਬੰਧਕੀ ਅਦਾਰੇ ਕਾਇਮ ਕੀਤੇ ਜਾ ਰਹੇ ਨੇ। ਇਕ ਮਹੱਤਵਪੂਰਨ ਅਦਾਰਾ ਜਿਸ ਨੂੰ ਅੰਗਰੇਜ਼ ਸਰਕਾਰ 'ਕੂਕਾ ਪੋਸਟਲ ਸਰਵਿਸ' ਲਿਖਦੀ ਹੈ। ਕੂਕਾ ਡਾਕ ਪ੍ਰਬੰਧ ਦੇ ਮੁਖੀ ਸੂਬਾ ਸਾਹਿਬ ਸਿੰਘ ਜੀ ਸਨ। ਚੱਕਰਵਰਤੀ ਜੀ ਲਿਖਦੇ ਹਨ:

ਮੰਨਦੇ ਸਾਹਿਬ ਸਿੰਘ ਦਾ ਲੋਹਾ ਸੀ ਅੰਗਰੇਜ਼,<br>
ਪਹਿਲੋਂ ਦੇਂਦਾ ਡਾਕ ਉਹ ਉਨ੍ਹਾਂ ਤੋਂ ਸੀ ਭੇਜ।

ਕੂਕਿਆਂ ਦੇ ਇਸ ਡਾਕ ਪ੍ਰਬੰਧ ਦੁਆਰਾ ਉਸ ਸਮੇਂ ਦੇ ਵਿਸ਼ਾਲ ਪੰਜਾਬ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਅੱਠਾਂ ਪਹਿਰਾਂ ਵਿੱਚ ਸੰਦੇਸ਼ ਪੁੱਜ ਜਾਂਦਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿੱਚ ਵੀ ਜ਼ਿਕਰ ਹੈ ਕਿ ਅੰਗਰੇਜ਼ ਆਖਦੇ ਸਨ। ਸਾਨੂੰ ਕੋਈ ਪਤਾ ਨਹੀਂ ਲੱਗਦਾ ਕਿ ਸਾਹਿਬ ਸਿੰਘ ਕਿਵੇਂ ਇੰਨੀ ਜਲਦੀ ਸੰਦੇਸ਼ ਭੇਜ ਦਿੰਦਾ ਸੀ। ਰਾਤੋ ਰਾਤ ਸਾਰੇ ਪਾਸੇ ਦੂਰ-ਦੁਰਾਡੇ ਤੱਕ ਸੰਦੇਸ਼ ਪਹੁੰਚ ਜਾਂਦਾ ਸੀ ਅਤੇ ਦਿਨ ਚੜ੍ਹਦੇ ਨੂੰ ਉਹ ਗੁਰੂ ਦੇ ਪਿਆਰੇ ਸਿੱਖ ਇੱਕੋ ਕੰਮ ਵਾਸਤੇ ਤਿਆਰ ਬਰਤਿਆਰ ਮੈਦਾਨ ਵਿੱਚ ਨਿੱਤਰ ਆਉਂਦੇ ਸਨ। ਉਹ ਸੰਦੇਸ਼ ਵਾਹਕ ਜਰਨੈਲੀ ਰਸਤੇ ਨਹੀਂ ਸਨ ਵਰਤਦੇ। ਉਹ ਡਾਂਡੇ-ਮੀਂਢੇ ਗੁਪਤ ਰਸਤਿਆਂ ਤੇ ਜਾਂਦੇ। ਇੱਕ ਸਿੰਘ ਸੁਨੇਹਾ ਲੈ ਕੇ ਦੂਜੇ ਪਿੰਡ ਜਾਂਦਾ ਤਾਂ ਅਗਲਾ ਸਿੰਘ ਹਲ ਵਾਹ ਰਿਹਾ ਜਾਂ ਹੋਰ ਕੋਈ ਜ਼ਰੂਰੀ ਕੰਮ ਕਰ ਰਿਹਾ ਹੁੰਦਾ। ਜੇ ਕਿਸਾਨ ਸੀ ਤਾਂ ਉਹ ਹਲ ਦੀ ਜੰਘੀ, ਉੱਥੇ ਛੱਡ ਦਿੰਦਾ। ਜੇ ਕਾਰੀਗਰ ਸੀ ਤਾਂ ਤੇਸਾ, ਆਰੀ, ਹਥੌੜਾ ਉੱਥੇ ਹੀ ਸੁੱਟ ਦਿੰਦਾ ਸੀ। ਜੇ ਪ੍ਰਸ਼ਾਦਾ ਛਕ ਰਿਹਾ ਹੁੰਦਾ ਤਾਂ ਉਹ ਦੂਜੀ ਬੁਰਕੀ ਮੂੰਹ ਵਿੱਚ ਨਹੀਂ ਸੀ ਪਾਉਂਦਾ, ਉਸੇ ਵੇਲੇ ਅਗਲੇ ਪੜਾਅ ਵਾਸਤੇ ਚੱਲ ਪੈਂਦਾ, ਪੈਦਲ ਜਾਂ ਘੋੜੇ ਆਦਿ ਤੇ ਇਹ ਸੂਚਨਾ ਦਿਨ ਚੜ੍ਹਦੇ ਨੂੰ ਥਾਉਂ-ਥਾਂਈਂ ਪਹੁੰਚ ਜਾਂਦੀ ਸੀ। ਸਾਹਿਬ ਸਿੰਘ ਹੋਰਾਂ ਨੂੰ ਡਾਕ ਪ੍ਰਬੰਧ ਦੇ ਸੰਚਾਲਨ ਵਿੱਚ ਵੱਡੀ ਮੁਹਾਰਤ ਹਾਸਲ ਸੀ। ਇਸ ਤੋਂ ਬਿਨਾਂ ਸੂਬਾ ਸਾਹਿਬ ਸਿੰਘ ਕੂਕਿਆਂ ਦੇ ਡਰਿੱਲ ਇੰਸਪੈਕਟਰ ਵੀ ਸਨ। ਜਿਹੜੇ ਸਰਕਾਰ ਦੇ ਸੂਹੀਏ ਹੁੰਦੇ ਸਨ। ਸਰਕਾਰੀ ਦਸਤਾਵੇਜ਼ਾਂ ਵਿੱਚ ਉਨ੍ਹਾਂ ਦੇ ਬਿਆਨ ਦਰਜ ਹਨ। ਉਹ ਲਿਖਦੇ ਨੇ ਸ਼ਾਮ ਨੂੰ ਸੀਟੀ ਵੱਜਦੀ ਹੈ। ਸਾਹਿਬ ਸਿੰਘ ਆਉਂਦੇ ਹਨ ਹੋਰ ਵੀ 60-70 ਨੌਜਵਾਨ ਕੂਕੇ ਡਾਂਗਾਂ

ਲੈ ਕੇ ਹਾਜ਼ਰ ਹੋ ਜਾਂਦੇ ਨੇ ਅਤੇ ਸਾਹਿਬ ਸਿੰਘ ਉਨ੍ਹਾਂ ਨੂੰ ਕਵਾਇਦ ਅਤੇ ਗਤਕਾ ਅਭਿਆਸ ਕਰਵਾਉਂਦੇ ਹਨ।

ਰਾਜਨੀਤਕ ਤੌਰ ਤੇ ਸਾਹਿਬ ਸਿੰਘ ਦੇ ਵੱਡੇ ਕਾਰਜ ਹਨ। ਸਤਿਗੁਰੂ ਜੀ ਵੱਲੋਂ ਕਸ਼ਮੀਰ ਮਿਸ਼ਨ ਵਿੱਚ ਕੂਕਾ ਪਲਟਨ ਸਥਾਪਿਤ ਕਰਨ ਲਈ ਹੀਰਾ ਸਿੰਘ ਸਢੌਰੇ ਵਾਲੇ ਮੁਖੀ ਹਨ। ਨੇਪਾਲ ਮਿਸ਼ਨ: ਨੇਪਾਲ ਵੀ ਇੱਕ ਸੁਤੰਤਰ ਹਿੰਦੂ ਰਾਸ਼ਟਰ ਸੀ। ਨੇਪਾਲ ਦਾ ਮਹਾਰਾਣਾ ਜੰਗ ਬਹਾਦਰ ਕਿਸੇ ਵੇਲੇ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿੱਚ ਲਾਹੌਰ ਰਿਹਾ ਸੀ। ਸਿੱਖ ਸੈਨਿਕਾਂ ਨਾਲ ਉਸ ਦੇ ਚੰਗੇ ਸਬੰਧ ਸਨ। ਬਹੁਤ ਸਾਰੇ ਸਿੱਖ ਫੌਜੀਆਂ ਸਰਦਾਰਾਂ ਨੂੰ ਵੀ ਰਾਣਾ ਜੰਗ ਬਹਾਦਰ ਨੇ ਆਪਣੇ ਰਾਜ ਵਿੱਚ ਸਰਣ ਦਿੱਤੀ। ਮਹਾਰਾਣੀ ਜਿੰਦਾਂ ਵੀ ਚੁਨਾਰ ਦੇ ਕਿਲੇ ਵਿੱਚੋਂ ਅੰਗਰੇਜ਼ਾਂ ਦੀ ਕੈਦ ਚੋਂ ਨਿਕਲ ਕੇ ਨੇਪਾਲ ਗਈ ਤਾਂ ਉਸ ਨੂੰ ਵੀ ਉੱਥੇ ਸਨਮਾਨ ਪੂਰਵਕ ਸਰਣ ਮਿਲੀ। ਜਦੋਂ ਨੇਪਾਲ ਦਾ ਰਾਣਾ ਕਿਸ਼ਨ ਸਿੰਘ ਗ੍ਰੰਥਗੜ੍ਹ ਤੋਂ ਸੁਣਦਾ ਹੈ ਕਿ ਪੰਜਾਬ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿੱਚ ਲੱਖਾਂ ਦੀ ਗਿਣਤੀ ਵਿੱਚ ਸੰਤ ਖ਼ਾਲਸਾ ਕਮਰ ਕੱਸੇ ਕਰੀ ਬੈਠਾ ਹੈ ਕਿ ਦੇਸ਼ ਵਿੱਚੋਂ ਫਰੰਗੀਆਂ ਨੂੰ ਬਾਹਰ ਕੱਢ ਦੇਣਾ ਹੈ। ਇਹ ਸੁਣ ਕੇ ਜੰਗ ਬਹਾਦਰ ਬਹੁਤ ਖ਼ੁਸ਼ ਹੁੰਦਾ ਹੈ ਕਿ ਆਪਾਂ ਸਾਰੇ ਮਿਲ ਕੇ ਕੰਪਨੀ ਸਰਕਾਰ ਦਾ ਬੋਰੀਆ ਬਿਸਤਰਾ ਭਾਰਤ ਵਿੱਚੋਂ ਗੋਲ ਕਰ ਦਈਏ। ਇਸ ਤੋਂ ਪਹਿਲਾਂ ਵੀਂ 1857 ਈ. ਦੇ ਅੰਗਰੇਜ਼ੀ ਸਰਕਾਰ ਵਿਰੁੱਧ ਵਿਦਰੋਹ ਵੇਲੇ ਵੀ ਜੰਗ ਬਹਾਦਰ ਨੇ ਆਪਣੀਆਂ ਫ਼ੌਜਾਂ ਭਾਰਤ ਵੱਲ ਤੋਰ ਦਿੱਤੀਆਂ ਸਨ। ਪਰ ਜਦੋਂ ਉਹ ਲਖਨਊ ਪੁੱਜੀਆਂ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਗ਼ਦਰੀਆਂ ਨੂੰ ਹਾਰ ਤੇ ਹਾਰ ਹੋ ਰਹੀ ਹੈ ਤਾਂ ਲਖਨਊ ਤੋਂ ਉਨ੍ਹਾਂ ਦੀ ਫੌਜ ਵਾਪਸ ਪਰਤ ਗਈ ਸੀ। ਜਦੋਂ ਕਿਸ਼ਨ ਸਿੰਘ ਰਾਹੀਂ ਸਤਿਗੁਰੂ ਜੀ ਨੂੰ ਜੰਗ ਬਹਾਦਰ ਦਾ ਸੰਦੇਸ਼ ਮਿਲਿਆ ਕਿ ਆਪਣੇ ਕੁਝ ਸਿੰਘ ਭੇਜੋ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਸੂਬਾ ਕਾਹਨ ਸਿੰਘ ਅਤੇ ਸੂਬਾ ਸਾਹਿਬ ਸਿੰਘ ਜੀ ਦੀ ਅਗੁਆਈ ਵਿੱਚ ਸੰਨ 1870 ਵਿੱਚ 25 ਸਿੰਘਾਂ ਦਾ ਜਥਾ ਕੁਝ ਤੋਹਫ਼ੇ ਦੇ ਕੇ ਨੇਪਾਲ ਭੇਜਿਆ।

ਸਰਦਾਰ ਨਾਹਰ ਸਿੰਘ ਜੀ ਲਿਖਦੇ ਨੇ ਕਿ ਨੇਪਾਲ ਦੇ ਰਾਜੇ ਨੇ ਨਾਮਧਾਰੀ ਜਥੇ ਦਾ ਬਹੁਤ ਸਵਾਗਤ ਕੀਤਾ। ਨੇਪਾਲ ਰਾਜ ਦਰਬਾਰ ਵਿੱਚ ਨਾਮਧਾਰੀ ਸਿੱਖਾਂ ਵੱਲੋਂ ਹਾਜ਼ਰੀ, ਪੰਜਾਬ ਦੀ ਆਜ਼ਾਦ ਹਸਤੀ ਦੀ ਨੁਮਾਇੰਦਗੀ ਦੇ ਤੌਰ ਤੇ ਸੀ। ਰਾਣੇ ਨੇ ਵੀ ਸਤਿਗੁਰੂ ਰਾਮ ਸਿੰਘ ਜੀ ਵਾਸਤੇ ਤੋਹਫੇ ਭੇਜੇ। ਤੋਹਫ਼ਿਆਂ ਦਾ ਆਦਾਨ ਪ੍ਰਧਾਨ ਅੰਗਰੇਜ਼ਾਂ ਵਿਰੁੱਧ ਸੰਘਰਸ਼ ਵਾਸਤੇ ਇੱਕ ਸੰਧੀ ਵਜੋਂ ਸੀ। ਪਰ ਕੁਝ ਸਮੇਂ ਬਾਅਦ ਹੀ 1871 ਵਿੱਚ ਰਾਏਕੋਟ, ਅੰਮ੍ਰਿਤਸਰ ਦੀਆਂ ਬੁੱਚੜ ਬੱਧ ਘਟਨਾਵਾਂ ਵਾਪਰ ਗਈਆਂ। ਸਰਕਾਰ ਨੇ ਸਖ਼ਤੀ ਕੀਤੀ। ਕਾਸ਼ੀ ਦੇ ਰਾਜੇ ਸ਼ਿਵਰਾਜ ਨੂੰ ਅੰਗਰੇਜ਼ਾਂ ਨੇ ਨੇਪਾਲ ਪਤਾ ਕਰਨ ਭੇਜਿਆ ਕਿ ਕੂਕੇ ਨੇਪਾਲ ਜੰਗ ਬਹਾਦਰ ਕੋਲ ਕੀ ਕਰਨ ਗਏ ਸਨ। ਰਾਣੇ ਨੇ ਉਸ ਵੇਲੇ ਆਪਣੇ ਬਚਾਅ ਲਈ ਆਖ ਦਿੱਤਾ ਕਿ ਕੂਕੇ ਫ਼ੌਜ ਵਿੱਚ ਰੁਜ਼ਗਾਰ ਵਾਸਤੇ ਆਏ ਸਨ। ਪਰ ਮੈਂ ਉਨ੍ਹਾਂ ਨੂੰ ਜਵਾਬ ਦੇ ਦਿੱਤਾ ਹੈ ਕਿ ਅਸੀਂ ਗੋਰਖਿਆਂ ਤੋਂ ਬਿਨਾਂ ਕਿਸੇ ਨੂੰ ਆਪਣੀ ਫ਼ੌਜ ਵਿੱਚ ਭਰਤੀ ਨਹੀਂ ਕਰਦੇ। ਇਸ ਤਰ੍ਹਾਂ ਸੂਬਾ ਸਾਹਿਬ ਸਿੰਘ ਜੀ ਸਤਿਗੁਰੂ ਜੀ ਦੇ ਸਫ਼ੀਰ ਦੇ ਤੌਰ ਤੇ ਪ੍ਰਭਾਰੀ ਦੇ ਤੌਰ ਤੇ ਪ੍ਰਸਿੱਧ ਹਨ।

ਸਾਡੇ ਇਤਿਹਾਸ ਵਿੱਚ ਬਹੁਤ ਸਾਰੀਆਂ ਘਟਨਾਵਾਂ ਵਿੱਚ ਸੂਬਾ ਜੀ ਦਾ ਜ਼ਿਕਰ ਹੈ। ਜਿਸ ਵੇਲੇ ਮਲੇਰਕੋਟਲੇ ਵੱਲ ਸ਼ਹੀਦੀ ਜਥੇ ਦੇ ਜਾਣ ਤੋਂ ਪਹਿਲਾਂ ਸਤਿਗੁਰੂ ਜੀ ਮਸਤਾਨਿਆਂ ਪਾਸ ਪਹਿਲੋਂ ਸੂਬਾ ਲੱਖਾ ਸਿੰਘ ਨੂੰ, ਸੂਬਾ ਜਵਾਹਰ ਸਿੰਘ ਨੂੰ ਭੇਜਦੇ ਹਨ ਕਿ ਉਨ੍ਹਾਂ ਨੂੰ ਸਮਝਾਓ ਅਜੇ ਕਾਹਲੀ ਨਾ ਕਰਨ। ਮਸਤਾਨੇ ਬੀਰ ਰਸ ਵਿੱਚ ਸਨ। ਫੇਰ ਸੂਬਾ ਸਾਹਿਬ ਸਿੰਘ ਜੀ ਨੂੰ ਭੇਜਿਆ ਤਾਂ ਮਸਤਾਨਿਆਂ ਨੇ ਸੂਬਾ ਜੀ ਨੂੰ ਕੁਝ ਕਰੜੇ ਬਚਨ ਕੀਤੇ। ਪਰ ਆਪ ਸ਼ਾਂਤ ਰਹੇ, ਸੂਬਾ ਸਾਹਿਬ ਸਿੰਘ ਜੀ ਸਤਿਗੁਰੂ ਜੀ ਦੇ ਖਾਸ ਸੂਬੇ ਹੁੰਦੇ ਹੋਏ ਵੀ ਨਿਰਮਾਣ ਅਤੇ ਧੀਰਜਵਾਨ ਸਨ। ਠੰਡਾ-ਤੱਤਾ ਸੁਣਨਾ ਜਾਣਦੇ ਸਨ। ਇਤਿਹਾਸ ਵਿੱਚ ਇਹ ਵੀ ਦਰਜ ਹੈ ਕਿ ਜਦੋਂ 14 ਜਨਵਰੀ ਨੂੰ ਮਲੌਦ ਵਿਖੇ ਸ੍ਰ. ਬਦਨ ਸਿੰਘ ਦੇ ਕਿਲ੍ਹੇ ਵਿੱਚ ਸਿੰਘਾਂ ਦੀ ਮੁੱਠ-ਭੇੜ ਹੁੰਦੀ ਹੈ ਤਾਂ 15 ਜਨਵਰੀ ਨੂੰ ਕਾਵਨ ਸ੍ਰੀ ਸਤਿਗੁਰੂ ਜੀ ਨੂੰ ਮਲੌਦ ਬੁਲਾਉਂਦਾ ਹੈ। 16 ਜਨਵਰੀ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਲ ਸੂਬਾ ਜਵਾਹਰ ਸਿੰਘ, ਸੂਬਾ ਸਾਹਿਬ ਸਿੰਘ, ਨਾਇਬ ਸੂਬਾ ਜੋਗਾ ਸਿੰਘ ਧੂੜਕੋਟ, ਸੂਬਾ ਖਜਾਨ ਸਿੰਘ ਲਧਾਣੇ ਦੇ (ਇਹ ਲੰਗਰ ਦੇ ਪ੍ਰਬੰਧਕ ਸਨ) ਅਤੇ ਸੂਬਾ ਕਾਹਨ ਸਿੰਘ ਚੱਕ, ਘੋੜਿਆਂ ਤੇ ਮਲੌਦ ਗਏ। ਉਸ ਸਮੇਂ ਤੱਕ ਮਾਲੇਰਕੋਟਲੇ ਦੀ ਘਟਨਾ ਵੀ ਵਾਪਰ ਚੁੱਕੀ ਸੀ। ਕਾਵਨ ਨੇ ਕਿਹਾ ਹੁਣ ਤੁਸੀਂ ਜਾਓ ਫੇਰ ਕੱਲ੍ਹ ਨੂੰ ਲੁਧਿਆਣੇ ਸੱਦਾਂਗੇ।

ਰਾਤ 16 ਜਨਵਰੀ ਦੀ ਸਤਿਗੁਰੂ ਜੀ ਸਿੱਖਾਂ ਸੇਵਕਾਂ ਸਹਿਤ ਸਿਆੜ੍ਹ ਕੱਟਦੇ ਨੇ। 17 ਨੂੰ ਮਾਲੇਰਕੋਟਲੇ ਸਿੰਘਾਂ ਦਾ ਪਹਿਲਾ ਪੂਰ ਤੋਪਾਂ ਨਾਲ ਸ਼ਹੀਦ ਕਰ ਦਿੱਤਾ ਜਾਂਦਾ ਹੈ। 17 ਜਨਵਰੀ ਸ਼ਾਮ ਨੂੰ ਸ੍ਰੀ ਸਤਿਗੁਰੂ ਜੀ, ਸਿੱਖਾਂ ਸੇਵਕਾਂ ਸਾਹਿਤ ਘੋੜਿਆਂ ਤੇ ਸਿਆੜ੍ਹ ਤੋਂ ਰਵਾਨਾ ਹੁੰਦੇ ਹਨ ਅਤੇ ਰਾਤ ਨੂੰ 10 ਵਜੇ ਸ੍ਰੀ ਭੈਣੀ ਸਾਹਿਬ ਪੁੱਜਦੇ ਹਨ। ਸੂਬਿਆਂ ਨੂੰ ਪਹਿਲੋਂ ਹੀ ਅੰਦਾਜ਼ਾ ਸੀ ਕਿ ਅੱਗੋਂ ਕੀ ਭਾਣਾ ਵਾਪਰਨ ਵਾਲਾ ਹੈ। ਕਿਉਂਕਿ ਸਤਿਗੁਰੂ ਜੀ ਕਈ ਵੇਰ ਬਚਨ ਕਰ ਚੁੱਕੇ ਸਨ ਕਿ ਇਹ ਬਿੱਲੇ ਸਾਨੂੰ ਹੱਥ ਜ਼ਰੂਰ ਪਾਉਣਗੇ। ਸਾਡੇ ਗਿਆਂ ਬਿਨਾਂ ਧਰਮ ਨਹੀਂ ਤੁਰਦਾ। ਸਿਆੜ੍ਹ ਤੋਂ ਆਉਂਦਿਆਂ ਰਸਤੇ ਵਿੱਚ ਸੂਬਾ ਜਵਾਹਰ ਸਿੰਘ ਆਖਦੇ ਹਨ: ਹੁਣ ਭਾਈ ਸਾਹਿਬ ਸਿੰਘ ਕੋਠੜੀ ਵਿੱਚ ਬੈਠ ਕੇ ਸ਼ਰਦਾਈ ਪੀਣੀ ਨਹੀਂ ਮਿਲੇਗੀ।' ਸਤਿਗੁਰੂ ਜੀ ਆਉਂਦਿਆਂ ਬਚਨ ਕਰਦੇ ਹਨ। ਸਾਰਿਆਂ ਦਾ ਅਫ਼ਸਰ ਸਾਹਿਬ ਸਿੰਘ ਹੋਇਆ। ਸਾਹਿਬ ਸਿੰਘ ਤੇ ਅਫ਼ਸਰ ਕਾਨ੍ਹ ਸਿੰਘ ਥਾਪਿਆ। ਗ੍ਰੰਥੀਆਂ ਦਾ ਤੇ ਭਜਨ ਬੰਦਗੀ ਵਾਲਿਆਂ ਦਾ ਵੱਡਾ ਅਫ਼ਸਰ ਜਵਾਹਰ ਸਿੰਘ ਨੂੰ ਨਿਯੁਕਤ ਕੀਤਾ। ਆਉਂਦਿਆਂ ਨੂੰ ਸਰਕਾਰੀ ਸੁਨੇਹਾ ਆ ਗਿਆ ਕਿ ਵੱਡਾ ਗੋਰਾ, ਲੁਧਿਆਣੇ ਆਪ ਨੂੰ ਯਾਦ ਕਰਦਾ ਹੈ। 17 ਜਨਵਰੀ ਰਾਤ ਨੂੰ ਲੁਧਿਆਣੇ ਜਾਣ ਲੱਗਦੇ ਹਨ। ਸੂਬਾ ਸਾਹਿਬ ਸਿੰਘ ਅਰਜ਼ ਕਰਦੇ ਹਨ। ਕੁਝ ਮਾਇਆ ਨਾਲ ਲੈ ਲਈਏ। ਹੁਕਮ ਹੋਇਆ ਲੈ ਲਵੋ। 25 ਰੁਪਏ ਸੂਬਾ ਜੀ ਨਾਲ ਲੈਂਦੇ ਹਨ। ਸ੍ਰੀ ਸਤਿਗੁਰੂ ਜੀ ਨਾਲ ਗੱਡੇ ਤੇ ਸੂਬਾ ਜਵਾਹਰ ਸਿੰਘ, ਸੂਬਾ ਸਾਹਿਬ ਸਿੰਘ, ਸੇਵਕ ਨਾਨੂੰ ਸਿੰਘ ਅਤੇ ਗਾਡੀ ਗੁਰਦਿੱਤ ਸਿੰਘ ਅੱਧੀ ਰਾਤ ਤੋਂ ਬਾਅਦ ਲੁਧਿਆਣੇ ਪੁੱਜਦੇ ਹਨ। ਕਮਿਸ਼ਨਰ ਆਖਦਾ ਹੈ: 'ਵੈਲ ਸਾਹਿਬ ਸਿੰਘ, ਤੁਮਨੇ ਦੰਗਾ ਕਿਉਂ ਕੀਆ?' ਸਾਹਿਬ ਸਿੰਘ ਆਖਦੇ ਹਨ ਕਿ ਅਸਾਂ ਵੇਲੇ ਨਾਲ ਤੁਹਾਨੂੰ ਇਤਲਾਹ ਦਿੱਤੀ। ਪ੍ਰਬੰਧ ਕੋਈ ਤੁਸਾਂ ਨਹੀਂ ਕੀਤਾ ਅਤੇ ਦੰਗੇ ਦਾ ਦੋਸ਼ ਸਾਡੇ ਤੇ ਲਾਉਂਦੇ ਹੋ। ਕਮਿਸ਼ਨਰ ਫੋਰਸਾਈਥ ਸਤਿਗੁਰੂ ਰਾਮ ਸਿੰਘ ਜੀ ਨਾਲ ਲੰਮੀਂ ਗੱਲਬਾਤ ਕਰਦਾ ਹੈ ਅਤੇ ਉਸੇ ਰਾਤ 18 ਜਨਵਰੀ ਅੰਮ੍ਰਿਤ ਵੇਲੇ 4 ਕੁ ਵਜੇ ਸ੍ਰੀ ਸਤਿਗੁਰੂ ਜੀ ਲੁਧਿਆਣੇ ਤੋਂ ਸਪੈਸ਼ਲ ਟਰੇਨ ਤੇ ਰਵਾਨਾ ਹੁੰਦੇ ਹਨ। 19 ਸ਼ਾਮ ਤੱਕ ਇਲਾਹਾਬਾਦ ਕਿਲ੍ਹੇ ਵਿੱਚ ਪੁੱਜਦੇ ਹਨ। ਸ੍ਰੀ ਸਤਿਗੁਰੂ ਜੀ ਤਾਂ 51 ਦਿਨ ਇਸ ਕਿਲੇ ਵਿੱਚ ਰਹਿੰਦੇ ਹਨ ਅਤੇ ਫੇਰ ਸੇਵਕ ਨਾਨੂੰ ਸਿੰਘ ਸਮੇਤ ਵਾਇਆ ਕਲਕੱਤਾ ਰੰਗੂਨ (ਬਰਮਾ) ਭੇਜ ਦਿੱਤਾ ਜਾਂਦਾ ਹੈ। ਬਾਕੀ ਸੂਬਿਆਂ ਨੂੰ ਬਾਅਦ ਵਿੱਚ ਵੱਖੋ ਵੱਖ ਕਿਲਿਆਂ ਵਿੱਚ ਭੇਜਦੇ ਹਨ। ਸੂਬਾ ਸਾਹਿਬ ਸਿੰਘ ਅਤੇ ਸੂਬਾ ਕਾਹਨ ਸਿੰਘ ਸਭ ਤੋਂ ਵੱਧ 14 ਮਹੀਨੇ ਇਲਾਹਾਬਾਦ ਕਿਲ੍ਹੇ ਵਿੱਚ ਕੱਟਦੇ ਹਨ। ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਲਿਖਦੇ ਹਨ ਕਿ ਅੰਗਰੇਜ਼ੀ ਹਕੂਮਤ ਨੇ ਕੂਕਿਆਂ ਦੀ ਸ਼ਕਤੀ ਨੂੰ ਖਿਡਾਉਣ ਲਈ–

ਜੋੜ ਤੋੜ ਦੀਨ ਸਭ ਪੰਥ ਦੇ ਪੰਥ ਕੇ ਬੰਧੇਰ ਕੋ........ ਪੰਥ ਦਾ ਜਿਵੇਂ ਤੇਜੀ ਨਾਲ ਵਾਧਾ ਹੋ ਰਿਹਾ ਸੀ। ਉਸ ਨੂੰ ਰੋਕਣ ਲਈ ਸਤਿਗੁਰੂ ਰਾਮ ਸਿੰਘ ਜੀ ਅਤੇ ਪ੍ਰਮੁੱਖ ਸੂਬਿਆਂ ਨੂੰ ਵੱਖੋ–ਵੱਖ ਦਿਸ਼ਾਵਾਂ ਵਿੱਚ ਦੂਰ–ਦੁਰਾਡੇ ਭੇਜ ਦਿੱਤਾ। ਸੂਬਾ ਸਾਹਿਬ ਸਿੰਘ ਜੀ ਅਤੇ ਸੂਬਾ ਕਾਹਨ ਸਿੰਘ ਜੀ ਨੂੰ ਧੁਰ ਪੱਛਮ ਵਿੱਚ ਮੱਕੇ ਵਾਲੇ ਪਾਸੇ 'ਅਦਨ' ਭੇਜ ਦਿੱਤਾ ਗਿਆ। ਅੰਗਰੇਜ਼ ਬੜਾ ਚਤੁਰ ਸੀ ਕਿ ਸੂਬਾ ਕਾਹਨ ਸਿੰਘ ਕੁਝ ਬਿਰਧ ਹਨ। ਸਾਹਿਬ ਸਿੰਘ ਜਵਾਨ ਹੈ, ਜੋਸ਼ੀਲਾ ਹੈ। ਬਜ਼ੁਰਗ ਆਪਣੇ ਯੁਵਾ ਸਾਥੀ ਨੂੰ ਕੁਝ ਧੀਰਜ ਵਿੱਚ ਰੱਖੇਗਾ। ਸੂਬਾ ਜਵਾਹਰ ਸਿੰਘ, ਸੂਬਾ ਬ੍ਰਹਮਾ ਸਿੰਘ, ਸੂਬਾ ਲੱਖਾ ਸਿੰਘ ਧੁਰ ਚੜ੍ਹਦੇ ਵੱਲ, ਸਤਿਗੁਰੂ ਜੀ ਤੋਂ ਵੀ ਅੱਗੇ ਮੌਲਮੀਨ (ਬਰਮਾ) ਭੇਜ ਦਿੱਤੇ। ਸੂਬਾ ਪਹਾੜਾ ਸਿੰਘ, ਸੂਬਾ ਰੁੜ ਸਿੰਘ ਅਤੇ ਸੂਬਾ ਮਲੂਕ ਸਿੰਘ ਫੂਲੇਵਾਲ ਧੁਰ ਦੱਖਣ ਵੱਲ ਬੁਰਹਾਨਪੁਰ ਕੋਲ ਕਿਲ੍ਹਾ ਅਸੀਰਗੜ੍ਹ (ਮਹਾਂਰਾਸ਼ਟਰ ਅਤੇ ਮੱਧ ਪ੍ਰਦੇਸ਼ ਦੀ ਹੱਦ ਉੱਤੇ)। ਦੋ ਗੁਰੂ ਪਿਆਰੇ ਸੂਬਾ ਹੁਕਮਾ ਸਿੰਘ ਜੀ ਪਿੱਥੋ ਅਤੇ ਸੂਬਾ ਮਾਨ ਸਿੰਘ ਜੀ ਸੈਦੋਕੇ, ਇਹ ਚੁਨਾਰ ਕਿਲ੍ਹੇ ਵਿੱਚ ਭੇਜ ਦਿੱਤੇ, ਜਿੱਥੇ ਕਦੇ ਮਹਾਰਾਣੀ ਜਿੰਦ ਕੌਰ ਵੀ ਰਹੀ ਸੀ।

ਇੱਕ ਘਟਨਾ ਹੋਰ ਸਾਡੇ ਇਤਿਹਾਸ ਵਿੱਚ ਆਉਂਦੀ ਹੈ ਕਿ ਜਦੋਂ ਮਲੇਰਕੋਟਲੇ ਦਾ ਸਾਕਾ ਵਾਪਰ ਗਿਆ। ਸਾਹਿਬ ਸਿੰਘ ਜੀ ਸਤਿਗੁਰੂ ਜੀ ਨੂੰ ਅਰਜ਼ ਕਰਦੇ ਹਨ ਕਿ ਹੁਣ ਆਪਾਂ ਆਪਣਾ ਰਾਜ ਘੋਸ਼ਿਤ ਕਰ ਦੇਈਏ। ਇਹ ਐਲਾਨ ਕਰ ਦੇਈਏ ਕਿ ਹੁਣ ਅਸੀਂ ਪੰਜਾਬ ਵਿੱਚ ਆਪਣੀ ਸਰਕਾਰ ਕਾਇਮ ਕਰ ਲਈ ਹੈ। ਭਾਵ ਕਿ ਅੰਗਰੇਜ਼ਾਂ ਵਿਰੁੱਧ ਜੰਗ ਦਾ ਐਲਾਨ ਕਰ ਦਈਏ। ਉਸ ਵੇਲੇ ਸੂਬਾ ਜਵਾਹਰ ਸਿੰਘ ਜੀ ਨੇ ਕਿਹਾ ਕਿ ਅਜੇ ਆਪਾਂ ਕੱਚੀ ਵਛੇਰੀ ਦਾ ਲੱਕ ਨਾ ਤੋੜੀਏ। ਸਤਿਗੁਰੂ ਜੀ ਨੇ ਵੀ ਜਵਾਹਰ ਸਿੰਘ ਜੀ ਦੀ ਰਾਏ ਨੂੰ ਠੀਕ ਆਖਿਆ। ਸੂਬਾ ਸਾਹਿਬ ਸਿੰਘ ਤੋਂ ਅੰਗਰੇਜ਼ ਸਰਕਾਰ ਇਸ ਕਦਰ ਭੈਭੀਤ ਸੀ। ਉਹ ਸਮਝਦੇ ਸਨ ਕਿ ਇਹ ਬਹੁਤ ਸੂਝਵਾਨ,

ਫੁਰਤੀਲਾ ਤੇ ਉਤਸ਼ਾਹੀ ਹੈ। ਇਸ ਦੀ ਸੰਗਠਨ ਦੀ ਤਾਕਤ ਬਹੁਤ ਮਜ਼ਬੂਤ ਹੈ। ਸਤਿਗੁਰੂ ਜੀ ਦਾ ਸੰਦੇਸ਼ ਬਹੁਤ ਤੇਜ਼ੀ ਨਾਲ ਇਹ ਪੂਰੇ ਪੰਜਾਬ ਵਿੱਚ ਫੈਲਾ ਸਕਦਾ ਹੈ। ਇਸੇ ਲਈ ਸਾਡਾ ਕਵੀ ਇਸ ਨੂੰ ਸਤਿਗੁਰਾਂ ਦਾ ਲਾਡਲਾ ਸਪੂਤ ਲਿਖਦਾ ਹੈ ਅਤੇ ਅੰਗਰੇਜ਼ ਉਸ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਸੁਭਾਵਿਕ ਉਤਰਾਧਿਕਾਰੀ ਲਿਖਦੇ ਹਨ। ਇੱਕ ਜਗ੍ਹਾ ਅੰਗਰੇਜ਼ੀ ਦਸਤਾਵੇਜ਼ਾਂ ਵਿੱਚ ਇਹ ਵੀ ਲਿਖਿਆ ਹੈ ਕਿ ਜੇ ਕਿਤੇ ਕੂਕਿਆਂ ਦੀ ਅਗੁਵਾਈ ਸਾਹਿਬ ਸਿੰਘ ਦੇ ਹੱਥ ਆ ਗਈ ਤਾਂ ਫੇਰ ਪੰਜਾਬ ਵਿੱਚ ਸਾਡੀ ਖ਼ੈਰ ਨਹੀਂ। ਇਹ ਸੂਬਾ ਸਾਹਿਬ ਸਿੰਘ ਵਿੱਚ ਚਰਿੱਤਰ ਦੀ ਬੁਲੰਦੀ, ਤੀਖਣ ਬੁੱਧੀ ਅਤੇ ਸਤਿਗੁਰੂ ਜੀ ਪ੍ਰਤੀ ਸਮਰਪਣ ਅਤੇ ਸੇਵਾ ਭਾਵਨਾ, ਦ੍ਰਿੜ ਇੱਛਾ ਸ਼ਕਤੀ ਅਤੇ ਅਝੁਕ ਸੁਭਾਅ ਕਰਕੇ ਸਰਕਾਰ ਨੇ ਉਸ ਨੂੰ ਆਪਣਾ ਖ਼ਤਰਨਾਕ ਦੁਸ਼ਮਣ ਸਮਝਿਆ। ਜਿਨ੍ਹਾਂ ਸੂਬਿਆਂ ਬਾਰੇ ਇਹ ਕਿਹਾ ਗਿਆ ਕਿ ਇਹ ਜਿਉਂਦੇ ਜੀਅ ਪੰਜਾਬ ਵਿੱਚ ਵਾਪਸ ਨਾ ਆਉਣ ਉਨ੍ਹਾਂ ਵਿੱਚੋਂ ਸੂਬਾ ਸਾਹਿਬ ਸਿੰਘ ਜੀ ਪਹਿਲੇ ਨੰਬਰ ਵਾਲਿਆਂ ਚੋਂ ਸਨ। ਅਦਨ ਵਿੱਚ ਇੰਨੀ ਗਰਮੀ ਸੀ ਕਿ ਜੇ ਰੁੱਖ ਦਾ ਪੱਤਾ ਟੁੱਟ ਕੇ ਪਿੰਡੇ ਤੇ ਡਿੱਗੇ ਤਾਂ ਪਿੰਡਾ ਸੜਦਾ ਹੈ। ਸੂਬਾ ਕਾਹਨ ਸਿੰਘ ਜੀ ਵੀ ਉੱਥੇ ਠੀਕ ਨਾ ਰਹੇ। ਹਰਨੀਆਂ ਦੇ ਰੋਗੀ ਸਨ। ਸੂਬਾ ਸਾਹਿਬ ਸਿੰਘ ਜੀ ਨੂੰ ਸ਼ੱਕਰ ਰੋਗ (ਡਾਇਬਟੀਜ਼) ਹੋ ਗਿਆ। ਮਾਰਚ 1873 ਵਿੱਚ ਇਨ੍ਹਾਂ ਨੂੰ ਯਮਨ ਦੇ ਅਦਨ ਦੀ ਉਸ ਦੱਖਣੀ ਜੇਲ੍ਹ ਵਿੱਚ ਰੱਖਿਆ ਜਾਂਦਾ ਹੈ। ਜਿੱਥੇ ਪਹਿਲਾਂ ਅੰਗਰੇਜ਼ਾਂ ਦੇ ਦੁਸ਼ਮਣ ਦੋ ਬਲੋਚਾਂ ਨੂੰ ਰੱਖਿਆ ਗਿਆ ਸੀ। ਜਦੋਂ ਸਰਕਾਰ ਹਿੰਦ ਵੱਲੋਂ ਪ੍ਰਵਾਨਗੀ ਆਉਂਦੀ ਹੈ ਕਿ ਇਨ੍ਹਾਂ ਨੂੰ ਭਾਰਤ ਲੈ ਆਉ ਤਾਂ ਇਨ੍ਹਾਂ ਨੂੰ ਹਜ਼ਾਰੀ ਬਾਗ ਜੇਲ੍ਹ ਵਿੱਚ ਭੇਜਿਆ ਗਿਆ। ਜੋ ਅੱਜ ਕੱਲ੍ਹ ਝਾਰਖੰਡ ਵਿੱਚ ਹੈ ਪਹਿਲੋਂ ਬਿਹਾਰ ਦਾ ਹਿੱਸਾ ਸੀ। ਉੱਥੇ ਜੇਲ੍ਹ ਦੇ ਯੂਰਪੀਅਨ ਵਾਰਡ ਵਿੱਚ ਸੋਲ੍ਹਾਂ-ਸੋਲ੍ਹਾਂ ਕੋਠੜੀਆਂ ਸਨ ਦੋਹੀਂ ਪਾਸੀਂ। ਇਨ੍ਹਾਂ ਦੋਵਾਂ ਸੂਬਿਆਂ ਨੂੰ, ਇੱਕ ਦੂਸਰੇ ਤੋਂ ਵੱਖੋ-ਵੱਖ ਰੱਖਿਆ ਗਿਆ ਕਿ ਇੱਕੋ ਜੇਲ੍ਹ ਵਿੱਚ ਰਹਿੰਦੇ ਇੱਕ ਦੂਜੇ ਨੂੰ ਨਾ ਵੇਖ ਸਕਣ, ਨਾ ਮਿਲ ਸਕਣ। ਲਗਾਤਾਰ ਸੂਬਾ ਜੀ ਦੀ ਸਿਹਤ ਵਿਗੜਨੀ ਸ਼ੁਰੂ ਹੋ ਗਈ। ਜੇਲ੍ਹ ਅਧਿਕਾਰੀਆਂ ਵੱਲੋਂ ਲਗਾਤਾਰ ਰਿਪੋਰਟਾਂ ਜਾ ਰਹੀਆਂ ਸਨ ਕਿ ਇਨ੍ਹਾਂ ਨੂੰ ਬਾਹਰ ਸੈਰ ਕਰਨ ਦੀ ਆਗਿਆ ਦਿੱਤੀ ਜਾਵੇ। ਪਰ



ਹਜ਼ਾਰੀ ਬਾਗ (ਝਾੜਖੰਡ) ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ: ਸੂਬਾ ਸਾਹਿਬ ਸਿੰਘ ਮਾਰਗ ਦਾ ਉਦਘਾਟਨ ਕਰਨ ਸਮੇਂ



1971 ਈ: ਹਜ਼ਾਰੀ ਬਾਗ– ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਸਿੱਖਾਂ ਸੇਵਕਾਂ ਸਹਿਤ
ਉਸ ਇਤਿਹਾਸਕ ਜੇਲ੍ਹ ਵਿੱਚ ਜਿਥੇ ਸੂਬਾ ਸਾਹਿਬ ਸਿੰਘ ਜੀ ਅਤੇ ਸੂਬਾ ਕਾਹਨ ਸਿੰਘ ਜੀ ਕੈਦ ਰਹੇ।

ਅੰਗਰੇਜ਼ ਸਰਕਾਰ ਸਾਹਿਬ ਸਿੰਘ ਨੂੰ ਜਿਉਂਦਾ ਨਹੀਂ ਸੀ ਵੇਖਣਾ ਚਾਹੁੰਦੀ। ਉਨ੍ਹਾਂ ਨੂੰ ਮਾਮੂਲੀ ਸੈਰ ਕਰਨ ਦੀ ਰਿਆਇਤ ਤਾਂ ਕੀ ਦੇਣੀ ਸੀ ਸਗੋਂ ਉਨ੍ਹਾਂ ਤੇ ਹੋਰ ਸਖਤੀਆਂ ਵਧਾ ਦਿੱਤੀਆਂ। ਅਖੀਰ ਸੂਬਾ ਸਾਹਿਬ ਸਿੰਘ ਜੀ 10 ਜੂਨ 1879 ਈ. ਵਾਲੇ ਦਿਨ ਆਪਣੇ ਪੰਜ ਭੂਤਕ ਸਰੀਰ ਦਾ ਠੀਕਰਾ ਬਰਤਾਨਵੀ ਸਰਕਾਰ ਸਿਰ ਭੰਨ ਕੇ ਅਮਰ ਪਦਵੀ ਨੂੰ ਪ੍ਰਾਪਤ ਹੋਏ। ਸੂਬਾ ਕਾਹਨ ਸਿੰਘ ਜੀ ਸਾਲ ਡੇਢ ਸਾਲ ਹਜ਼ਾਰੀ ਬਾਗ਼ ਇਕੱਲੇ ਹੀ ਰਹੇ। ਫੇਰ ਉਨ੍ਹਾਂ ਨੂੰ ਚੁਨਾਰ ਕਿਲੇ ਵਿੱਚ ਦਿੱਤਾ। ਦੋ ਮਲਵਈ ਸੂਬਿਆਂ ਪਾਸ ਭੇਜ ਉਥੋਂ 1887 ਈ. ਵਿੱਚ ਮਲਕਾ ਦੀ ਜ਼ੁਬਲੀ ਵੇਲੇ ਪੰਜ ਕੂਕੇ ਸੂਬੇ, ਸਖ਼ਤ ਸ਼ਰਤਾਂ ਤਹਿਤ ਵਾਪਸ ਪੰਜਾਬ ਭੇਜੇ ਗਏ। ਸੂਬਾ ਕਾਹਨ ਸਿੰਘ, ਸੂਬਾ ਬ੍ਰਹਮਾ ਸਿੰਘ, ਸੂਬਾ ਹੁਕਮਾ ਸਿੰਘ, ਸੂਬਾ ਮਾਨ ਸਿੰਘ ਅਤੇ ਸੂਬਾ ਮਲੂਕ ਸਿੰਘ ਵਾਪਸ ਆਏ ਅਤੇ ਨਜ਼ਰਬੰਦੀ ਵਰਗੀਆਂ ਹਦਾਇਤਾਂ ਤਹਿਤ ਪੰਜਾਬ ਦੇ ਵੱਖੋ–ਵੱਖ ਪਿੰਡਾਂ ਸ਼ਹਿਰਾਂ ਵਿੱਚ ਰਹੇ। ਸੂਬਾ ਕਾਹਨ ਸਿੰਘ ਜੀ– ਅੰਮ੍ਰਿਤਸਰ ਮਿਸਤਰੀ ਨਾਹਰ ਸਿੰਘ ਜੀ ਪਾਸ ਰਹੇ। ਜਿਨ੍ਹਾਂ ਨੇ ਅੰਮ੍ਰਿਤਸਰ ਧਰਮਸ਼ਾਲਾ ਦੇ ਲਈ ਜਗ੍ਹਾ ਦਿੱਤੀ ਸੀ। ਗੁਰੂ ਹਰੀ ਸਿੰਘ ਜੀ ਦਾ ਉਤਾਰਾ ਵੀ ਉਨ੍ਹਾਂ ਦੇ ਘਰ ਹੁੰਦਾ ਸੀ। ਇਸੇ ਘਰ ਹੀ ਸੂਬਾ ਕਾਹਨ ਸਿੰਘ ਜੀ ਦਾ ਚਲਾਣਾ ਹੋਇਆ।

ਇਸ ਤਰ੍ਹਾਂ ਸੂਬਾ ਸਾਹਿਬ ਸਿੰਘ ਜੀ ਦਾ ਪੰਜਾਬ ਦੇ ਸੁਤੰਤਰਤਾ ਸੰਗਰਾਮ, ਕੌਮੀ ਮੁਕਤੀ ਅੰਦੋਲਨ ਵਿੱਚ ਅਤੇ ਮਨੁੱਖੀ ਆਜ਼ਾਦੀ ਲਈ ਬਸਤੀਵਾਦੀ ਬਰਤਾਨਵੀ ਹਕੂਮਤ ਵਿਰੁੱਧ ਸਤਿਗੁਰੂ ਰਾਮ ਸਿੰਘ ਜੀ ਦੀ ਅਗੁਆਈ ਵਿੱਚ ਉਭਰਵਾਂ ਰੋਲ ਹੈ।

ਸਤਿਗੁਰੂ ਰਾਮ ਸਿੰਘ ਜੀ ਦੀ ਜੇਹੜੀ ਸਿੱਖਿਆ ਸੀ ਕਿ ਜਦੋਂ ਤੱਕ ਸਾਰੇ ਹਥਿਆਰ ਸਮੁੰਦਰ ਵਿੱਚ ਨਹੀਂ ਸੁੱਟੇ ਜਾਂਦੇ ਉਦੋਂ ਤੱਕ ਵਿਸ਼ਵ ਵਿੱਚ ਸੁੱਖ–ਸ਼ਾਂਤੀ ਨਹੀਂ ਹੋ ਸਕਦੀ। ਪੂਰੀ ਮਾਨਵਤਾ ਨਾਲ ਧਰਮ, ਫਿਰਕੇ, ਨਸਲ, ਲਿੰਗ ਆਦਿ ਦੇ ਆਧਾਰ ਤੇ ਕਿਸੇ ਨਾਲ ਵਿਤਕਰਾ ਨਹੀਂ ਹੋਣਾ ਚਾਹੀਦਾ। ਮਨੁੱਖੀ ਮੁਕਤੀ ਦੇ ਯੁੱਧ ਵਿੱਚ ਕੂਕਿਆਂ ਦੀਆਂ ਉਸ ਸਮੇਂ ਦੀਆਂ ਕੁਰਬਾਨੀਆਂ ਅੱਜ ਮਨੁੱਖੀ ਅਧਿਕਾਰ ਅਤੇ ਬਰਾਬਰੀ ਲਈ ਸੰਘਰਸ਼ ਕਰਨ ਵਾਲਿਆਂ ਲਈ ਪ੍ਰੇਰਣਾ–ਸ੍ਰੋਤ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਨ 1971 ਵਿੱਚ ਹਜ਼ਾਰੀ ਬਾਗ

ਵਿਖੇ ਜਗ੍ਹਾ ਖਰੀਦ ਕੇ ਸੂਬਾ ਸਾਹਿਬ ਸਿੰਘ ਜੀ ਦੀ ਯਾਦਗਾਰ ਬਣਾਈ, ਉੱਥੇ ਨਾਮ ਸਿਮਰਨ ਦੀ ਅਖੰਡ ਵਰਨੀ ਸ਼ੁਰੂ ਕੀਤੀ। ਇਸ ਤੋਂ ਬਿਨਾਂ ਹਜ਼ਾਰੀ ਬਾਗ ਵਿਖੇ ਇੱਕ ਸੜਕ ਦਾ ਨਾਮ ਵੀ ਸੂਬਾ ਸਾਹਿਬ ਸਿੰਘ ਮਾਰਗ ਰਖਵਾਇਆ। ਹਾਜ਼ਰਾ ਹਜ਼ੂਰ ਸਤਿਗੁਰੂ ਜੀ ਨੇ ਵੀ ਉੱਥੇ ਮੇਲਾ ਕੀਤਾ ਅਤੇ ਦਰਸ਼ਨ ਦਿੱਤੇ। ਬੰਗਾਲੀਪੁਰ ਸੂਬਾ ਜੀ ਦੇ ਪਿੰਡ ਵੀ ਉਨ੍ਹਾਂ ਦਾ ਘਰ ਇੱਕ ਯਾਦਗਾਰ ਵਜੋਂ ਸੁਰੱਖਿਅਤ ਕੀਤਾ। ਸੂਬਾ ਸਾਹਿਬ ਸਿੰਘ ਅਤੇ ਸੂਬਾ ਰੂੜ ਸਿੰਘ ਜੀ ਦੀ ਸਿਮਰਤੀ ਵਿੱਚ ਬਣੀ ਬੰਗਾਲੀਪੁਰ ਦੀ ਯਾਦਗਾਰ ਸਤਿਗੁਰੂ ਰਾਮ ਸਿੰਘ ਜੀ ਦੇ ਆਦਰਸ਼ਾਂ ਦੇ ਪ੍ਰਚਾਰ ਦਾ ਕੇਂਦਰ ਹੈ। ਇਨ੍ਹਾਂ ਸ਼ਬਦਾਂ ਨਾਲ ਹੀ ਕੂਕਾ ਲਹਿਰ ਦੇ ਅਮਰ ਨਾਇਕ ਸੂਬਾ ਸਾਹਿਬ ਸਿੰਘ ਜੀ ਨੂੰ ਨਤਮਸਤਕ ਹੁੰਦੇ ਹਾਂ:

ਪਿਆਰ ਸਾਡੇ ਦੀ ਪਰਖ ਇਸ ਵਤਨ ਦੀ ਮਿੱਟੀ ਕਰੇ,
ਦੇਸ਼ ਦੀ ਸਵਾਧੀਨਤਾ ਪਲਦੀ ਲਹੂ ਦੇ ਆਸਰੇ।

ਸ੍ਰ. ਸਵਰਨ ਸਿੰਘ ਜੀ ਦੇ ਖੋਜ ਭਰਪੂਰ ਵਿਖਿਆਨ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ ਦੇ 'ਲੋਗੋ' ਤੋਂ ਪਰਦਾ ਹਟਾ ਕੇ ਰਿਲੀਜ਼ ਕੀਤਾ। ਦੁਪਹਿਰੇ 1 ਤੋਂ 2 ਵਜੇ ਤੱਕ ਜਥੇਦਾਰ ਹਰਪਾਲ ਸਿੰਘ ਜੀ ਨੇ ਸੂਬਾ ਸਾਹਿਬ ਸਿੰਘ ਜੀ ਦੀ ਯਾਦ ਵਿੱਚ ਹੱਲੇ ਦਾ ਦੀਵਾਨ ਸਜਾਇਆ। ਨਾਮ ਸਿਮਰਨ ਉਪਰੰਤ ਅੱਜ ਸ਼ਾਮ ਦਾ ਕੀਰਤਨ ਛੋਟੇ ਬੱਚਿਆਂ- ਕਾਕਾ ਬਸੰਤ ਸਿੰਘ ਸਪੁੱਤਰ ਸੰਤ ਬਲਵੰਤ ਸਿੰਘ ਜੀ, ਕਾਕਾ ਰਤਨ ਸਿੰਘ, ਕਾਕਾ ਹਰਪਾਲ ਸਿੰਘ, ਸੰਤਾ ਸਿਘ ਅਤੇ ਰਾਜਾ ਸਿੰਘ ਨੇ ਕੀਤਾ ਤਬਲੇ ਤੇ ਸੰਗਤ ਕਾਕਾ ਹਰਨਾਮ ਸਿੰਘ ਸਪੁੱਤਰ ਹਰਪ੍ਰੀਤ ਸਿੰਘ ਨੇ ਕੀਤੀ।

ਮਨ ਜਾਪਹੁ ਰਾਮ ਗੋਪਾਲ॥
ਅਤੇ
ਮੇਰੇ ਰਾਜਨ ਮੈ ਬੈਰਾਗੀ ਜੋਗੀ॥

ਸ਼ਬਦਾਂ ਦਾ ਗਾਇਨ ਕੀਤਾ।

ਹਰਪਾਲ ਸਿੰਘ ਸੇਵਕ

---

# ਆਨ ਲਾਈਨ: ਸੰਗੀਤ ਸਮਾਗਮ

10 ਜੂਨ 2020, ਸ੍ਰੀ ਭੈਣੀ ਸਾਹਿਬ

ਸ਼ਾਮ ਨੂੰ 7 ਤੋਂ 8 ਪ੍ਰਤਾਪ ਮੰਦਰ ਵਿੱਚ ਇੱਕ ਸੰਗੀਤ ਪ੍ਰੋਗਰਾਮ ਹੋਇਆ। ਜੋ ਕਿ ਕਲਕੱਤੇ ਤੋਂ ਆਨ ਲਾਈਨ ਗਾਇਨ ਪੇਸ਼ ਕੀਤਾ ਗਿਆ। ਵੱਡੀ ਸਕਰੀਨ ਤੇ ਇਸ ਸੰਗੀਤ ਸਭਾ ਦਾ ਆਨੰਦ ਮਾਣਿਆ। ਅਨੇਕਾਂ ਸੰਗੀਤ ਪ੍ਰੇਮੀ ਵੀ ਇਸ ਪ੍ਰੋਗਰਾਮ ਨਾਲ ਨੈੱਟ ਰਾਹੀਂ ਜੁੜੇ ਅਤੇ ਸ੍ਰੀ ਸਤਿਗੁਰੂ ਜੀ ਨੇ ਵੀ ਦਰਸ਼ਨ ਦਿੱਤੇ। ਅਰੰਭ ਵਿੱਚ ਹਜ਼ੂਰੀ ਰਾਗੀ ਬਲਵੰਤ ਸਿੰਘ ਜੀ ਨੇ ਕਲਾਕਾਰਾਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਸ਼ਵ ਵਿਖਿਆਤ ਸ੍ਰੀ ਅਜੇ ਚਕਰਵਰਤੀ ਜੀ ਦੇ ਸ਼ਾਗਿਰਦ ਬਹੁਤ ਅੱਛੇ ਨਵੇਂ ਉਭਰਦੇ ਕਲਾਕਾਰ ਸ੍ਰੀ ਬਰਜੇਸ਼ਵਰ ਮੁਖਰਜੀ ਜੀ ਗਾਇਨ ਪੇਸ਼ ਕਰਨਗੇ। ਆਪ ਪਟਿਆਲੇ ਘਰਾਣੇ ਦੀ ਗਾਇਕੀ ਦੇ ਪ੍ਰਸਿੱਧ ਸੰਗੀਤਕਾਰ ਹਨ। ਤਬਲੇ ਤੇ ਸੰਗਤ ਕਰਨਗੇ ਇੰਦ੍ਰ ਨੀਲ ਭਾਦੁਰੀ ਜੀ। ਸ੍ਰੀ ਬਰਜੇਸ਼ਵਰ ਜੀ ਬਤਾਏਂਗੇ ਆਪ ਕਿਆ ਗਾਏਂਗੇ। ਹਮਾਰੇ ਯਹਾਂ ਸ੍ਰੀ ਭੈਣੀ ਸਾਹਿਬ ਮੇਂ ਸ੍ਰੀ ਸਤਿਗੁਰੂ ਜੀ ਕੇ ਸਾਥ ਸੰਗਤ ਔਰ ਨਾਮਧਾਰੀ ਯੂ-ਟਿਊਬ ਚੈਨਲ ਪਰ ਸਭੀ ਸੰਗੀਤ ਪ੍ਰੇਮੀ ਨਾਮਧਾਰੀ ਸਿੱਖ ਪੂਰੇ ਵਿਸ਼ਵ ਮੇਂ ਆਪਕੋ ਸੁਨੇਂਗੇ।

ਸ੍ਰੀ ਬ੍ਰਿਜੇਸ਼ਵਰ ਜੀ ਨੇ ਆਪਣੇ ਵੱਲੋਂ ਅਤੇ ਆਪਣੇ ਸਾਥੀ ਸ੍ਰੀ ਇੰਦ੍ਰ ਨੀਰ ਜੀ ਵੱਲੋਂ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕਰਕੇ ਬੇਨਤੀ ਕੀਤੀ ਕਿ ਬੜੇ ਸਤਿਗੁਰੂ ਜੀ- (ਸਤਿਗੁਰੂ ਜਗਜੀਤ ਸਿੰਘ ਜੀ) ਕੀ ਯਾਦ ਮੇਂ ਪ੍ਰਕਾਸ਼ ਸ਼ਤਾਬਦੀ ਮੇਂ ਹਮ ਭੀ ਹਾਜ਼ਰੀ ਲਗਾ ਰਹੇ ਹੈਂ, ਹਮੇਂ ਬਹੁਤ ਖੁਸ਼ੀ ਹੈ।

ਸਤਿਗੁਰੂ ਜੀ ਕਾ ਆਸ਼ੀਰਵਾਦ ਲੈ ਕੇ ਰਾਗ ਸ਼ੁੱਧ ਕਲਿਆਣ ਸੇ ਸ਼ੁਰੂ ਕਰੇਂਗੇ। ਵਿਲੰਭਿਤ, ਏਕ ਤਾਲ ਔਰ ਰਚਨਾ -ਹਮਾਰੇ ਦਾਦਾ ਗੁਰੂ ਜੀ ਗਿਆਨ ਪ੍ਰਕਾਸ਼ ਜੀ ਕੀ ਕੰਪੋਜ਼ੀਸ਼ਨ ਹੈ।

ਬੰਦਿਸ਼ ਕੇ ਬੋਲ ਹੈ-

ਆਜ ਕੀ ਘੜੀ ਸ਼ੁਭ ਹੋ॥
ਸਕਲ ਕਰਮ ਹੋ, ਸੁਫਲ ਸੁੱਖਦਾਈ॥

ਕਰੀਬ ਦੋ ਘੰਟੇ ਦੀ ਅੱਜ ਦੀ ਸੰਗੀਤ ਸਭਾ ਦੌਰਾਨ ਆਪ ਨੇ ਮਿਸਰ ਖ਼ਮਾਜ਼ ਵਿਚ ਠੁਮਰੀ ਦਾ ਗਾਇਨ ਕੀਤਾ ਅਤੇ ਅੰਤ ਵਿੱਚ ਗੁਰਬਾਣੀ ਵਿਚੋਂ ਸ਼ਬਦ ਜਿਸਦੀ ਰੀਤ ਸ੍ਰੀ ਰਾਜਨ ਸਾਜਨ ਮਿਸ਼ਰਾ ਜੀ ਦੀ ਬਣਾਈ ਹੈ ਦਾ ਰਸ ਭਿੰਨਾ ਅਤੇ ਭਗਤੀ ਭਾਵ ਭਰਪੂਰ ਗਾਇਨ ਕੀਤਾ। ਸ਼ਬਦ ਸੀ

ਜਗਤ ਮੈ ਝੂਠੀ ਦੇਖੀ ਪ੍ਰੀਤਿ।
ਅਪਨੇ ਹੀ ਸੁਖ ਸਿਉ ਸਭ ਲਾਗੇ,
ਕਿਆ ਦਾਰਾ ਕਿਆ ਮੀਤ॥

ਦੇਸ਼ ਦੇ ਵੱਖੋ-ਵੱਖ ਸ਼ਹਿਰਾਂ ਅਤੇ ਵਿਦੇਸ਼ਾਂ ਵਿੱਚ ਸੰਗੀਤ ਪ੍ਰੇਮੀ ਨਾਮਧਾਰੀ ਸਿੱਖਾਂ ਨੇ ਸੰਗੀਤ ਸਭਾ ਦਾ ਅਨੰਦ ਵੀ ਮਾਣਿਆਂ ਅਤੇ ਜ਼ੂਮ ਐਪ ਰਾਹੀਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦਾ ਲਾਹਾ ਵੀ ਲਿਆ।

ਹਰਪਾਲ ਸਿੰਘ ਸੇਵਕ

# ਬੀਬੀ ਮਾਲਵੇਂਦਰ ਕੌਰ ਸਪੁੱਤਰੀ ਸੰਤ ਇੰਦਰ ਸਿੰਘ ਚੱਕਰਵਰਤੀ ਅਕਾਲ ਚਲਾਣਾ ਕਰ ਗਏ

17 ਜਨਵਰੀ ਸੰਨ 2018 ਈ. ਮਲੇਰਕੋਟਲੇ ਨਾਮਧਾਰੀ ਸ਼ਹੀਦੀ ਸਮਾਰਕ ਵਿਖੇ ਸ਼ਹੀਦਾਂ ਦੀ ਯਾਦ ਵਿੱਚ ਸਾਲਾਨਾ ਸਮਾਗਮ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਮਨਾਇਆ ਜਾ ਰਿਹਾ ਸੀ। ਤਾਂ ਅਚਾਨਕ ਸਟੇਜ ਵੱਲ ਹੌਲੀ-ਹੌਲੀ ਵਧਦੇ ਹੋਏ ਇੱਕ ਬਜ਼ੁਰਗ ਬੀਬੀ ਨੂੰ ਪੁਲੀਸ ਮੁਲਾਜ਼ਮਾਂ ਨੇ ਸਟੇਜ ਤੇ ਚੜ੍ਹਨ ਤੋਂ ਰੋਕਿਆ ਤਾਂ ਮੈਂ ਇੱਕ ਦਮ ਅੱਗੇ ਵੱਧ ਕੇ ਪੁੱਛਿਆ, ਮਾਤਾ ਕਿਸ ਨੂੰ ਮਿਲਣਾ ਹੈ, ਤਾਂ ਉਸ ਬਜ਼ੁਰਗ ਬੀਬੀ ਨੇ ਦੱਸਿਆ ਕਿ ਮੈਂ ਸੰਤ ਇੰਦਰ ਸਿੰਘ ਚੱਕਰਵਰਤੀ ਜੀ ਦੀ ਬੇਟੀ ਮਾਲਵੇਂਦਰ ਕੌਰ ਹਾਂ। ਸ੍ਰੀ ਸਤਿਗੁਰੂ ਜੀ ਨੂੰ ਮਿਲਣਾ ਚਾਹੁੰਦੀ ਹਾਂ। ਨਾਮਧਾਰੀ ਪੰਥ ਦੇ ਮਹਾਨ ਵਿਦਵਾਨ ਇੰਦਰ ਸਿੰਘ ਚੱਕਰਵਰਤੀ ਦਾ ਨਾਮ ਸੁਣਦੇ ਹੀ ਮੈਂ ਬੜੇ ਹੀ ਸਤਿਕਾਰ ਨਾਲ ਉਸ ਬਜ਼ੁਰਗ ਮਾਤਾ ਦੇ ਚਰਨੀਂ ਹੱਥ ਲਾਇਆ ਅਤੇ ਆਦਰ ਨਾਲ ਸਟੇਜ ਤੇ ਲੈ ਆਂਦਾ। ਸ੍ਰੀ ਸਤਿਗੁਰੂ ਜੀ ਨੂੰ ਮਿਲਾਇਆ ਤਾਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਪਿਆਰ ਭਰੇ ਸ਼ਬਦਾਂ ਵਿੱਚ ਮੈਨੂੰ ਹੁਕਮ ਕੀਤਾ ਕਿ ਬੀਬੀ ਨੂੰ ਪੁੱਛ ਲਵੋ ਕਿਸੇ ਵੀ ਕਿਸਮ ਦੀ ਮੱਦਦ ਦੀ ਲੋੜ ਹੋਵੇ। ਕਿਉਂਕਿ ਬੀਬੀ ਦੇ ਪਤੀ, ਪੁੱਤਰ ਅਤੇ ਦੋਵੇਂ ਭਰਾ ਵੀ ਚੜ੍ਹਾਈ ਕਰ ਚੁੱਕੇ ਸਨ।

ਇਸ ਤੋਂ ਬਾਅਦ ਵੀ ਸ੍ਰੀ ਸਤਿਗੁਰੂ ਜੀ ਨੇ ਮੈਨੂੰ ਉਚੇਚਾ ਹੁਕਮ ਕਰਕੇ ਪਟਿਆਲੇ ਉਨ੍ਹਾਂ ਦੇ ਘਰ ਜਾ ਕੇ ਪਰਿਵਾਰ ਦਾ ਹਾਲ ਚਾਲ ਪੁੱਛਣ ਅਤੇ ਕਿਸੇ ਵੀ ਕਿਸਮ ਦੀ ਮੱਦਦ ਲਈ ਭੇਜਿਆ। ਪਟਿਆਲੇ ਰਾਘੋਮਾਜਰਾ ਮੁਹੱਲਾ ਗਲੀ ਜਦੋਂ ਮੈਂ ਜਾ ਕੇ ਮਿਲਿਆ ਤਾਂ ਬੀਬੀ ਮਾਲਵੇਂਦਰ ਬਹੁਤ ਖੁਸ਼ ਹੋਈ। ਸ੍ਰੀ ਸਤਿਗੁਰੂ ਜੀ ਵੱਲੋਂ ਭੇਜੀਆਂ ਕੁਝ ਵਸਤੂਆਂ ਅਤੇ ਮਾਇਆ ਪ੍ਰਾਪਤ ਕਰਕੇ ਬੀਬੀ ਨੇ ਆਖਿਆ ਕਿ ਅੱਜ ਬੜੀ ਦੇਰ ਬਾਅਦ ਮੇਰੇ ਪੇਕਿਆਂ ਤੋਂ ਸੁਗਾਤਾਂ ਆਈਆਂ ਹਨ। ਜੋ ਸ੍ਰੀ ਸਤਿਗੁਰੂ ਜੀ ਨੇ ਭੇਜੀਆਂ ਹਨ। ਇਸ ਤਰ੍ਹਾਂ ਮੇਰਾ ਇਸ ਪਰਿਵਾਰ ਨੂੰ ਮਿਲਣਾ ਬਣਿਆ ਰਿਹਾ। ਅਚਾਨਕ ਇੱਕ ਦਿਨ ਮੈਨੂੰ ਟੈਲੀਫੋਨ ਆਇਆ ਤਾਂ ਅੱਗੋਂ ਆਵਾਜ਼ ਸੀ ਕਿ ਮੈਂ ਬੀਬੀ ਮਾਲਵੇਂਦਰ ਕੌਰ ਦੀ ਨੂੰਹ ਮਨਪ੍ਰੀਤ ਕੌਰ ਬੋਲ ਰਹੀ ਹਾਂ ਪਟਿਆਲੇ ਤੋਂ ਉਸ ਦੱਸਿਆ ਕਿ ਬੀਬੀ ਜੀ ਚੜ੍ਹਾਈ ਕਰ ਗਏ ਹਨ। ਇਹ ਗੱਲ ਮਿਤੀ 18-6-2018 ਦੀ ਗੱਲ ਹੈ। ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਹੋਈ ਤਾਂ ਹੁਕਮ ਅਨੁਸਾਰ ਅਸੀਂ ਕੁਝ ਸਰੀਰ ਅੰਤਿਮ ਸੰਸਕਾਰ ਸਮੇਂ ਹਾਜ਼ਰ ਹੋਏ। ਇਹ ਸਾਰਾ ਕੁਝ ਸੰਤ ਇੰਦਰ ਸਿੰਘ ਚੱਕਰਵਰਤੀ ਜੀ ਵੱਲੋਂ ਨਾਮਧਾਰੀ ਪੰਥ ਦੀ ਕੀਤੀ ਨਿਸ਼ਕਾਮ ਸੇਵਾ ਦੀ ਬਦੌਲਤ ਹੀ ਹੈ। ਸ੍ਰੀ ਸਤਿਗੁਰੂ ਜੀ ਇਸ ਪਰਿਵਾਰ ਦਾ ਇੰਨਾ ਮਾਣ ਅਤੇ ਸਤਿਕਾਰ ਤਾਂ ਹੀ ਕਰਦੇ ਹਨ।

ਬੀਬੀ ਮਾਲਵੇਂਦਰ ਕੌਰ ਜੋ ਸੰਤ ਇੰਦਰ ਸਿੰਘ ਚੱਕਰਵਰਤੀ ਜੀ ਦੀ ਸਪੁੱਤਰੀ ਸੀ ਅਤੇ ਇਸ ਦਾ ਆਨੰਦ ਕਾਰਜ ਸ੍ਰ. ਸਮਸ਼ੇਰ ਸਿੰਘ ਵਾਸੀ ਰਾਘੋਮਾਜਰਾ ਪਟਿਆਲਾ ਨਾਲ ਹੋਇਆ। ਸ੍ਰ. ਸ਼ਮਸ਼ੇਰ ਸਿੰਘ ਦੇ ਚੜ੍ਹਾਈ ਕਰ ਜਾਣ ਤੋਂ ਕੁਝ ਸਮਾਂ ਬਾਅਦ ਉਨ੍ਹਾਂ ਦਾ ਸਪੁੱਤਰ ਅਮਰਦੀਪ ਸਿੰਘ ਵਾਲੀਆ ਵੀ ਅਕਾਲ ਚਲਾਣਾ ਕਰ ਗਿਆ। ਇਸ ਸਮੇਂ ਬੀਬੀ ਮਾਲਵਿੰਦਰ ਕੌਰ ਆਪਣੀ ਨੂੰਹ ਬੀਬੀ ਮਨਪ੍ਰੀਤ ਕੌਰ ਅਤੇ ਦੋ ਪੋਤਰੀਆਂ ਬੱਚੀ ਮਨੀਸ਼ਾ ਅਤੇ ਤਮੰਨਾ ਅਤੇ ਇੱਕ ਪੋਤਰੇ ਰਣਵੀਰ ਸਿੰਘ ਨਾਲ ਰਾਘੋਮਾਜਰੇ ਪਟਿਆਲੇ ਵਿਖੇ ਆਪਣੇ ਪਰਿਵਾਰ ਨਾਲ ਰਹਿ ਰਹੀ ਸੀ। ਅਚਾਨਕ ਤਬੀਅਤ ਖਰਾਬ ਹੋ ਗਈ ਅਤੇ 18 ਜੂਨ 2018 ਅਕਾਲ ਚਲਾਣਾ ਕਰ ਗਏ। ਜਿੰਨ੍ਹਾਂ ਦੇ ਨਮਿੱਤ ਭੋਗ ਅਤੇ ਅੰਤਿਮ ਅਰਦਾਸ ਮਿਤੀ 24-6-2018 ਨੂੰ ਰਾਘੋਮਾਜਰਾ ਪਟਿਆਲੇ ਵਿਖੇ ਹੋਈ। ਭੋਗ ਸਮਾਗਮ ਸਮੇਂ ਵੱਖ-ਵੱਖ ਲਿਖਾਰੀ ਸਭਾਵਾਂ ਦੇ ਪਤਵੰਤੇ ਹਾਜਰ ਹੋਏ। ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਹਾਜ਼ਰੀ ਭਰਨ ਦਾ ਮੌਕਾ ਮੈਨੂੰ ਵੀ ਮਿਲਿਆ। ਜਿੱਥੇ ਸੰਤ ਇੰਦਰ ਸਿੰਘ ਚੱਕਰਵਰਤੀ ਜੀ ਨੂੰ ਬੜੇ ਹੀ ਸ਼ਰਧਾ ਅਤੇ ਸਤਿਕਾਰ ਨਾਲ ਯਾਦ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸੰਤ ਇੰਦਰ ਸਿੰਘ ਚੱਕਰਵਰਤੀ ਜੀ ਦੇ ਦੋ ਸਪੁੱਤਰ ਰਵਿੰਦਰਪਾਲ ਸਿੰਘ ਅਤੇ ਹਰਿੰਦਰਪਾਲ ਸਿੰਘ ਵੀ ਚੜ੍ਹਾਈ ਕਰ ਚੁੱਕੇ ਹਨ। ਇੱਕੋ ਇੱਕ ਸਪੁੱਤਰੀ ਸੀ ਬੀਬੀ ਮਾਲਵੇਂਦਰ ਕੌਰ ਜੋ ਹੁਣ ਚੜ੍ਹਾਈ ਕੀਤੇ ਹਨ।

ਸੂਬਾ ਬਲਵਿੰਦਰ ਸਿੰਘ ਝੱਲ

# ਨਾਮਧਾਰੀ ਨਿੱਤਨੇਮ ਸਟੀਕ ਲੋਕ ਅਰਪਣ

(7 ਜੂਨ 2020, ਸ੍ਰੀ ਭੈਣੀ ਸਾਹਿਬ)

7 ਜੂਨ 2020 ਨੂੰ ਸਵੇਰੇ ਆਸਾ ਦੀ ਵਾਰ ਦੇ ਭੋਗ ਉਪਰੰਤ ਸੂਬਾ ਬਲਵਿੰਦਰ ਸਿੰਘ ਜੀ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਉਂਦੇ ਹੋਏ ਕਿਹਾ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਦੇ ਨਾਲ ਨਾਮਧਾਰੀ ਪੰਥ ਦਾ ਇੱਕ ਇਤਿਹਾਸਕ ਕਾਰਜ ਹੋਇਆ ਹੈ। ਨਿਤਨੇਮ ਦੀਆਂ ਬਾਣੀਆਂ ਨਾਲ ਸਬੰਧਿਤ 'ਨਾਮਧਾਰੀ ਨਿਤਨੇਮ ਸਟੀਕ' ਤਿਆਰ ਹੋ ਕੇ ਅੱਜ ਸੰਗਤ ਦੇ ਰੂਬਰੂ ਆਇਆ ਹੈ। ਸੰਤ ਨਿਸ਼ਾਨ ਸਿੰਘ ਜੀ ਅਤੇ ਉਨ੍ਹਾਂ ਦੇ ਸ਼ਾਗਿਰਦ ਗੁਰਲਾਲ ਸਿੰਘ, ਜਸਵੰਤ ਸਿੰਘ ਮਸਤ ਤੇ ਗੁਰਭਗਤ ਸਿੰਘ ਹੋਰੀਂ ਸਤਿਗੁਰੂ ਜੀ ਨੂੰ ਇਹ ਸਟੀਕ ਭੇਟ ਕਰਨਗੇ। ਜਦ ਸਤਿਗੁਰੂ ਜੀ ਨੂੰ ਇਹ ਸਟੀਕ ਭੇਂਟ ਕੀਤਾ ਗਿਆ ਤਾਂ ਸਤਿਗੁਰੂ ਜੀ ਨੇ ਜਿੱਥੇ ਇਸ ਨੂੰ ਲੋਕ ਅਰਪਣ ਕੀਤਾ, ਉੱਥੇ ਨਾਲ ਦੀ ਨਾਲ ਸੰਤ ਨਿਸ਼ਾਨ ਸਿੰਘ ਜੀ ਤੇ ਉਨ੍ਹਾਂ ਦੇ ਸ਼ਗਿਰਦਾਂ ਨੂੰ ਖੁਸ਼ੀਆਂ ਵੀ ਦਿੱਤੀਆਂ।

ਸਟੀਕ ਦੇ ਲੋਕ ਅਰਪਣ ਉਪਰੰਤ ਸਤਿਗੁਰੂ ਉਦੇ ਸਿੰਘ ਜੀ ਨੇ ਸੰਗਤ ਨੂੰ ਸੰਬੋਧਨ ਹੁੰਦਿਆਂ ਸਟੀਕ ਬਾਰੇ ਇਹ ਬਚਨ ਕੀਤੇ- ਹਾਲਾਂਕਿ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿੱਚ ਆਉਂਦਾ ਹੈ ਕਿ ਭਾਈ ਇਸ ਤਰ੍ਹਾਂ ਗੁਰਬਾਣੀ ਦੇ ਅਰਥ ਨਹੀਂ ਕਰਨੇ। ਜਦੋਂ ਤੁਸੀਂ ਗੁਰਬਾਣੀ ਪੜ੍ਹੋਗੇ, ਪੜ੍ਹਕੇ ਅਰਦਾਸ ਕਰੋਗੇ, ਤੁਹਾਨੂੰ ਆਪੇ ਹੀ (ਗੁਰਬਾਣੀ) ਸਮਝ ਆਉਣ ਲੱਗ ਜਾਏਗੀ। ਪਰ ਇਹ ਮਹਿਸੂਸ ਕੀਤਾ ਕਿ ਜਿਹੜੀ ਅੱਜ-ਕਲ੍ਹ ਦੀ ਨਵੀਂ ਪੀੜ੍ਹੀ ਹੈ। ਉਨ੍ਹਾਂ ਨੂੰ ਗੁਰਬਾਣੀ ਦੀ ਸਮਝ ਨਹੀਂ ਆਉਂਦੀ। ਗੁਰਬਾਣੀ ਤੋਂ ਆਪਾਂ ਦੂਰ ਹੋ ਰਹੇ ਹਾਂ, ਬਹੁਤ ਸਾਰਿਆਂ ਨੂੰ ਗੁਰਮੁਖੀ ਨਹੀਂ ਆਉਂਦੀ। ਸਮਝ ਇਸ ਲਈ ਵੀ ਨਹੀਂ ਆਉਂਦੀ ਕਿਉਂਕਿ ਗੁਰਬਾਣੀ ਮੈਂ ਸਮਝਦਾਂ ਕਿ ਗਰੀਬ ਨਿਵਾਜ਼ ਨੇ ਜਦੋਂ ਉਚਾਰੀ, ਉਸ ਭਾਸ਼ਾ ਵਿੱਚ ਉਚਾਰੀ ਜਿਹੜੀ ਉਸ ਸਮੇਂ ਰੋਜ਼ਮਰਾ ਦੀ ਭਾਸ਼ਾ ਸੀ। ਇਸ ਕਰਕੇ ਇਹ ਇੱਕ ਛੋਟੀ ਜਿਹੀ ਕੋਸ਼ਿਸ਼ ਕੀਤੀ ਹੈ, ਜਿਸ ਵਿੱਚ ਸੰਤ ਨਿਸ਼ਾਨ ਸਿੰਘ ਜੀ ਤੇ ਵਿਰਕ ਜੀ ਨੇ ਵੀ ਬਹੁਤ ਕਿਰਪਾ ਕੀਤੀ ਹੈ ਤੇ ਸਭ ਤੋਂ ਜ਼ਿਆਦਾ ਇਨ੍ਹਾਂ ਨੌਜਵਾਨਾਂ ਨੇ, ਤਿੰਨਾਂ ਜਾਣਿਆਂ (ਭਜਨ ਸਿੰਘ, ਗੁਰਲਾਲ ਸਿੰਘ ਤੇ ਜਸਵੰਤ ਸਿੰਘ ਮਸਤ) ਨੇ ਬਹੁਤ ਮਿਹਨਤ ਕੀਤੀ। ਜਿਹੜੇ ਬਹੁਤ ਸਾਰੇ ਸਟੀਕ ਨੇ ਉਨ੍ਹਾਂ ਦੀ ਭਾਸ਼ਾ ਮੁਸ਼ਕਿਲ ਹੈ। ਜੀਅ ਕਰਦਾ ਸੀ ਕਿ ਗੁਰਬਾਣੀ ਦੇ ਅਰਥ ਇਸ ਢੰਗ ਨਾਲ ਹੋਣ ਜਿਹੜੇ ਅੱਜ-ਕੱਲ੍ਹ ਦੀ ਪੀੜ੍ਹੀ ਨੂੰ ਸਮਝ ਆ ਸਕਣ। ਹਰ ਇੱਕ ਨੌਜੁਆਨ ਕੋਲ



ਗੁਰਬਾਣੀ ਪਹੁੰਚ ਸਕੇ ਤੇ ਉਹਦੇ ਨਾਲ-ਨਾਲ ਉਨ੍ਹਾਂ ਨੂੰ ਗੁਰਬਾਣੀ ਦੀ ਸਮਝ ਆ ਸਕੇ, ਤਾਂ ਕਿ ਘੱਟੋ-ਘੱਟ ਸਾਡੇ ਸੱਚੇ ਪਾਤਸ਼ਾਹ ਨੇ ਜਿਹੜੀ ਸਾਨੂੰ ਇਹ ਵਡਮੁੱਲੀ ਦਾਤ ਦਿੱਤੀ ਹੈ। ਇਹ ਕਿੰਨੀ ਉੱਚੀ ਹੈ? ਸਾਡਾ ਸਿੱਖੀ ਫ਼ਲਸਫ਼ਾ ਕਿੰਨਾ ਮਹਾਨ ਹੈ? ਸਾਡੇ ਸਿਧਾਂਤ ਕਿੰਨੇ ਉੱਚੇ ਨੇ? ਜੇ ਦੁਨੀਆਂ ਵਿੱਚ ਸੱਚੀਂ-ਮੁੱਚੀਂ ਸ਼ਾਂਤੀ ਹੋ ਸਕਦੀ ਹੈ ਤਾਂ ਗੁਰਬਾਣੀ ਸਿਧਾਂਤ ਤੇ ਚੱਲ ਕੇ ਹੋ ਸਕਦੀ ਹੈ। ਸ਼ਾਂਤੀ ਤੇ ਆਪਣੇ ਆਪ ਤੋਂ ਸ਼ੁਰੂ ਹੁੰਦੀ ਹੈ। ਆਪਣੇ ਮਨ ਤੋਂ ਸ਼ੁਰੂ ਹੁੰਦੀ ਹੈ। ਜੇ ਸਾਡੇ ਅੰਦਰ ਵੀ ਸ਼ਾਂਤੀ ਹੋ ਸਕਦੀ ਹੈ ਤਾਂ ਇਸ (ਗੁਰਬਾਣੀ ਸਿਧਾਂਤ) ਤੇ ਚੱਲ ਕੇ ਹੀ ਹੋ ਸਕਦੀ ਹੈ। ਔਰ ਉਹ ਸਿਧਾਂਤ, ਉਹ ਸਿੱਖਿਆ ਕਿੰਨੀ ਉੱਚੀ ਹੈ? ਇਸ ਨੂੰ ਸੋਚ ਕੇ ਇਹ ਉਦਮ ਕੀਤਾ ਹੈ। ਪਹਿਲਾਂ ਇਹ ਸੋਚਿਆ ਸੀ ਕਿ ਸਾਰੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਸਟੀਕ ਕੀਤਾ ਜਾਵੇ, ਫਿਰ ਲੱਗਾ ਕਿ ਸ਼ਾਇਦ ਉਸ ਨੂੰ ਬਹੁਤ ਲੰਬਾ ਟਾਈਮ ਲੱਗ ਜਾਵੇਗਾ। ਇਸ ਕਰਕੇ ਇਹ ਨਾਮਧਾਰੀ ਨਿਤਨੇਮ ਦੀਆਂ ਜਿਹੜੀਆਂ ਬਾਣੀਆਂ ਆਪਾਂ ਰੋਜ਼ ਪੜ੍ਹਦੇ ਹਾਂ। ਉਨ੍ਹਾਂ ਦਾ ਇਹ ਸਟੀਕ (ਅਰਥ) ਕੀਤਾ ਹੈ। ਸਾਰੇ ਇਹ ਲਓ ਤੇ ਪੜ੍ਹਿਆ ਕਰੋ। ਪੜ੍ਹ ਕੇ ਕਿਸੇ ਦਿਨ ਇਕ ਸ਼ਬਦ, ਕਿਸੇ ਦਿਨ ਦੋ ਪਉੜੀਆਂ, ਆਪਾਂ ਇਹ ਕੋਸ਼ਿਸ਼ ਕਰਿਆ ਕਰੀਏ ਕਿ ਸਾਨੂੰ ਸਮਝ ਆਵੇ, ਸਾਡੇ ਅੰਦਰ ਵਸੇ। ਅਸੀਂ ਉਨ੍ਹਾਂ ਤੇ ਵਿਚਾਰ ਕਰੀਏ, ਮੈਂ ਸਮਝਦਾ ਹਾਂ ਕਿ ਜੇ ਅਸੀਂ ਉਹ ਸ਼ਰਧਾ

ਜ਼ਰੂਰ ਤਬਦੀਲੀ ਆਏਗੀ। ਜਦੋਂ ਸਾਡੇ ਵਿੱਚ ਤਬਦੀਲੀ ਆ ਜਾਂਦੀ ਹੈ। ਜਦੋਂ ਆਪਣੇ ਆਪ ਨੂੰ ਇਹ ਮਹਿਸੂਸ ਹੋਣ ਲੱਗ ਜਾਂਦਾ ਹੈ, ਕਿ ਇਸ ਰਸਤੇ ਤੇ ਚੱਲ ਕੇ ਮੈਨੂੰ ਸੁੱਖ ਹੋਇਆ ਹੈ, ਫੇਰ ਤੁਸੀਂ ਉਹ ਰਸਤਾ ਦੂਜਿਆਂ ਨੂੰ ਦੱਸਣ ਲੱਗ ਜਾਂਦੇ ਹੋ। ਇਹ ਉੱਦਮ ਸਾਰਿਆਂ ਨੇ ਰਲ-ਮਿਲ ਕੇ ਕੀਤਾ ਹੈ ਤੇ ਤੁਸੀਂ ਵੱਧ ਤੋਂ ਵੱਧ ਉਸ ਚੀਜ਼ ਦਾ ਫਾਇਦਾ ਉਠਾਓ।

ਸਤਿਗੁਰੂ ਜੀ ਨੇ ਇਹ ਬਚਨ ਕਰਨ ਉਪਰੰਤ ਸੰਤ ਨਿਸ਼ਾਨ ਸਿੰਘ ਜੀ ਨੂੰ ਹੁਕਮ ਕੀਤਾ ਕਿ ਉਹ 'ਨਾਮਧਾਰੀ ਨਿਤਨੇਮ ਸਟੀਕ' ਦੇ ਸਰਲ ਅਰਥਾਂ ਬਾਰੇ ਸੰਗਤ ਨੂੰ ਚਾਨਣਾ ਪਾਉਣ। ਫਿਰ ਸੰਤ ਜੀ ਨੇ ਸੰਗਤ ਨੂੰ ਸੰਬੋਧਨ ਹੁੰਦਿਆਂ ਆਪਣੇ ਵਿਚਾਰ ਰੱਖੇ। ਸੰਖੇਪ ਸਾਰ ਇਹ ਹੈ- ਸਤਿਗੁਰੂ ਜੀ ਫੁਰਮਾਉਂਦੇ ਨੇ-

"ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥"
"ਗੁਰੂ ਕੀ ਬਾਣੀ ਗੁਰ ਤੇ ਜਾਤੀ"

ਸਤਿਗੁਰੂ ਜੀ ਦੀ ਬਾਣੀ ਨੂੰ ਸਤਿਗੁਰੂ ਜੀ ਹੀ ਸਮਝ ਸਕਦੇ ਨੇ, ਕਿਉਂਕਿ ਉਨ੍ਹਾਂ ਨੇ ਕਿਸ ਸੰਦਰਭ ਵਿੱਚ ਇਸ ਦਾ ਉਚਾਰਨ ਕੀਤਾ। ਇਹ ਸਤਿਗੁਰੂ ਜੀ ਹੀ ਜਾਣਦੇ ਨੇ। ਜੇ ਬੋਲੀ ਦੀ ਗੱਲ ਕਰੀਏ ਤਾਂ ਇਹ ਤਕਰੀਬਨ ਚਾਰ-ਪੰਜ ਸੌ ਸਾਲ ਪੁਰਾਣੀ ਬੋਲੀ ਹੈ। ਬੋਲੀਆਂ ਭਾਸ਼ਾਵਾਂ ਬਦਲਦੀਆਂ ਰਹਿੰਦੀਆਂ ਨੇ। ਉਨ੍ਹਾਂ ਦੇ ਮੂੰਹ ਮੁਹਾਂਦਰਿਆਂ ਵਿੱਚ ਤਬਦੀਲੀ ਆਉਂਦੀ ਰਹਿੰਦੀ ਹੈ। ਫਿਰ ਜਦੋਂ ਸਮਾਂ ਬਦਲ ਜਾਂਦਾ ਹੈ ਤਾਂ ਅਕਸਰ ਅਸੀਂ ਪੁਰਾਣੀ ਬੋਲੀ ਅਤੇ ਪੁਰਾਣੀਆਂ ਲਿਖਤਾਂ ਨੂੰ ਸਮਝਣ ਵਿੱਚ ਅਸਮਰੱਥ ਹੋ ਜਾਂਦੇ ਹਾਂ। ਇਸ ਲਈ ਗੁਰਬਾਣੀ ਵੀ ਪੁਰਾਤਨ ਬੋਲੀਆਂ ਵਿੱਚ ਹੋਣ ਕਾਰਨ ਅੱਜ ਦੀ ਪੀੜ੍ਹੀ ਲਈ ਸਮਝਣੀ ਮੁਸ਼ਕਿਲ ਹੈ। ਸੋ ਸਤਿਗੁਰੂ ਜੀ ਨੇ ਕਿਰਪਾ ਕੀਤੀ ਹੈ। ਨੌਜਵਾਨਾਂ ਦੇ ਸਿਰ ਤੇ ਮਿਹਰ ਭਰਿਆ ਹੱਥ ਰੱਖ ਕੇ ਉਨ੍ਹਾਂ ਕੋਲੋਂ ਟੀਕਾ (ਗੁਰਬਾਣੀ ਅਰਥ) ਕਰਵਾਇਆ ਹੈ।

ਇਹ 'ਨਾਮਧਾਰੀ ਨਿਤਨੇਮ ਸਟੀਕ' ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਹਿਲੀ ਪ੍ਰਕਾਸ਼ ਸ਼ਤਾਬਦੀ ਨੂੰ ਸਮਰਪਿਤ ਕੀਤਾ ਗਿਆ ਹੈ।

ਜਿਸ ਤਰ੍ਹਾਂ ਗਰੀਬ ਨਿਵਾਜ਼ ਜੀ ਨੇ ਹੁਕਮ ਕੀਤਾ ਹੈ ਕਿ ਬਹੁਤ ਸਾਰੇ ਟੀਕੇ ਮਾਰਕੀਟ ਵਿੱਚ ਮਿਲ ਰਹੇ ਹਨ। ਕਿਉਂਕਿ ਟੀਕੇ ਹੋਏ ਹੀ ਬਹੁਤ ਨੇ। ਸ਼ਾਇਦ ਇਕੱਲੇ ਜਪੁਜੀ ਸਾਹਿਬ ਦੇ ਹੀ 400 ਤੋਂ ਵੱਧ ਟੀਕੇ ਹੋ ਚੁੱਕੇ ਹਨ। ਜਿੱਥੇ ਗਰਬ ਗੰਜਨੀ ਵਰਗੇ ਟੀਕੇ, ਸੰਪ੍ਰਦਾਈ ਟੀਕੇ ਹਨ। ਪ੍ਰੋਫੈਸਰ ਸਾਹਿਬ ਸਿੰਘ ਜੀ ਦਾ ਟੀਕਾ, ਭਾਈ ਵੀਰ ਸਿੰਘ ਜੀ ਦਾ ਟੀਕਾ ਗਿਆਨੀ ਹਰਬੰਸ ਸਿੰਘ ਜੀ ਹੋਰਾਂ ਦਾ ਟੀਕਾ ਅਤੇ ਸੰਤ ਬਾਬਾ ਹਰੀ ਸਿੰਘ ਰੰਧਾਵੇ ਵਾਲਿਆਂ ਆਦਿ ਦੇ ਟੀਕੇ ਹਨ। ਪਰ ਉਹ ਜਿਹੜੇ ਟੀਕੇ ਹਨ ਉਨ੍ਹਾਂ ਦੀ ਭਾਸ਼ਾ ਥੋੜ੍ਹੀ ਵਿਦਵਤਾ ਭਰਪੂਰ ਹੋਣ ਕਰਕੇ, ਉਨ੍ਹਾਂ ਨੌਜਵਾਨਾਂ ਲਈ ਸਮਝਣੀ ਮੁਸ਼ਕਿਲ ਸੀ। ਜਿਹੜੇ ਪੁਰਾਤਨ ਪੰਜਾਬੀ ਨੂੰ ਘੱਟ ਸਮਝਦੇ ਹਨ। ਇਸ ਵਾਸਤੇ ਗਰੀਬ ਨਿਵਾਜ ਜੀ ਦੀ ਰਜ਼ਾ ਅਨੁਸਾਰ ਇਹ ਟੀਕਾ ਅਸਾਨ ਤੋਂ ਅਸਾਨ ਭਾਸ਼ਾ ਵਿੱਚ ਕੀਤਾ ਗਿਆ ਹੈ। ਇਹ ਟੀਕਾ ਵਿਦਵਾਨਾਂ ਵਾਸਤੇ ਨਹੀਂ, ਸਗੋਂ ਇਹ ਟੀਕਾ ਤਾਂ ਸਿਖਿਆਰਥੀਆਂ ਅਤੇ ਵਿਦਿਆਰਥੀਆਂ ਵਾਸਤੇ ਹੈ। ਗੁਰਬਾਣੀ ਟੀਕਾਕਾਰੀ ਵੱਲ ਇਹ ਪਹਿਲਾ ਕਦਮ ਹੈ। ਇਸ ਲਈ ਬਹੁਤ ਸਾਰੀਆਂ ਗਲਤੀਆਂ ਤੇ ਭੁੱਲਾਂ ਰਹਿ ਗਈਆਂ ਹੋਣਗੀਆਂ, ਉਸ ਲਈ ਅਸੀਂ ਖਿਮਾ ਮੰਗਦੇ ਹਾਂ। ਸਤਿਗੁਰੂ ਸੱਚੇ ਪਾਤਸ਼ਾਹ ਜੀ ਦਾ ਵੀ ਕੋਟਾਨਿ-ਕੋਟਿ ਸ਼ੁਕਰ ਹੈ, ਜਿਨ੍ਹਾਂ ਨੇ ਬਖਸ਼ਿਸ਼ ਕਰਕੇ ਇਹ ਸੇਵਾ ਲਈ ਹੈ। ਉਪਰੋਕਤ ਵਿਚਾਰ ਰੱਖਣ ਉਪਰੰਤ ਸੰਤ ਨਿਸ਼ਾਨ ਸਿੰਘ ਜੀ ਨੇ ਸਟੀਕ ਵਿੱਚੋਂ ਗੁਰਬਾਣੀ ਦੀਆਂ ਕੁਝ ਲਾਈਨਾਂ ਦੇ ਅਰਥ ਪੜ੍ਹ ਕੇ ਸੁਣਾਏ ਤਾਂ ਜੋ ਸੰਗਤ ਨੂੰ ਇਸ ਦੇ ਸਰਲ ਅਰਥਾਂ ਬਾਰੇ ਜਾਣਕਾਰੀ ਮਿਲ ਸਕੇ। ਉਨ੍ਹਾਂ ਵਿੱਚੋਂ ਕੁਝ ਪੰਗਤੀਆਂ ਇਹ ਹਨ-

'ਵਾਇਨਿ ਚੇਲੇ ਨਚਨਿ ਗੁਰ॥'
ਚੇਲੇ ਸਾਜ ਵਜਾਉਂਦੇ ਹਨ ਗੁਰੂ ਨੱਚਦੇ ਹਨ।
'ਪੈਰ ਹਲਾਇਨਿ ਫੇਰਨਿ ਸਿਰਿ॥'
ਨ੍ਰਿਤਕਾਰੀ ਨਾਲ ਹਾਵ-ਭਾਵ ਮੁਦ੍ਰਿਤ ਕਿਰਿਆ ਕਰਦੇ ਹਨ।

ਉਡਿ ਉਡਿ ਰਾਵਾ ਝਾਟੈ ਪਾਇ॥
ਧੂੜ ਉੱਡ-ਉੱਡ ਕੇ ਸਿਰਾਂ ਵਿੱਚ ਪੈਂਦੀ ਹੈ।

ਇਸ ਤਰ੍ਹਾਂ ਦੇ ਸਰਲ-ਅਰਥਾਂ ਵਾਲਾ ਇਹ ਸਾਦਾ ਜਿਹਾ ਸਟੀਕ ਹੈ। ਇਹ ਸਤਿਜੁਗ ਦੇ ਸਟਾਲ ਤੋਂ ਪ੍ਰਾਪਤ ਕਰ ਸਕਦੇ ਹਾਂ ਅਤੇ ਸ੍ਰੀ ਭੈਣੀ ਸਾਹਿਬ ਐਪ ਤੋਂ ਆਨਲਾਈਨ ਵੀ ਪੜ੍ਹ ਸਕਦੇ ਹਾਂ।

ਜਸਵੰਤ ਸਿੰਘ ਮਸਤ

# ਮਾਤਾ ਜਗੀਰ ਕੌਰ ਨਮਿਤ ਪਾਠ ਦਾ ਭੋਗ

24 ਮਈ 2020 ਸ੍ਰੀ ਭੈਣੀ ਸਾਹਿਬ

ਨਾਮਧਾਰੀ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਦੇ ਪ੍ਰਧਾਨ ਕਵੀਸ਼ਰ ਗੁਰਸੇਵਕ ਸਿੰਘ ਦੀ ਮਾਤਾ- ਬੀਬੀ ਜਗੀਰ ਕੌਰ ਪਿਛਲੇ ਦਿਨੀਂ ਆਪਣੇ ਸਵਾਸਾਂ ਦੀ ਪੂੰਜੀ ਪੂਰੀ ਕਰ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਬੀਬੀ ਜਗੀਰ ਕੌਰ ਜੀ ਦਾ ਜਨਮ ਮਾਤਾ ਗੁਰਬਚਨ ਕੌਰ ਜੀ ਦੀ ਕੁੱਖੋਂ ਪਿਤਾ ਸ੍ਰ. ਤਰਲੋਕ ਸਿੰਘ ਨਾਮਧਾਰੀ ਦੇ ਗ੍ਰਹਿ ਵਿਖੇ ਵਿਦੇਸ਼ (ਸਿੰਗਾਪੁਰ) ਵਿਖੇ ਹੋਇਆ। ਮਾਤਾ ਜੀ ਦਾ ਪੇਕਾ ਪਿੰਡ ਮੁਗਲ ਚੱਕ ਜ਼ਿਲ੍ਹਾ ਤਰਨ ਤਾਰਨ ਸੀ। ਆਪ ਦਾ ਅਨੰਦ ਕਾਰਜ ਸ੍ਰ. ਗੁਰਦੀਪ ਸਿੰਘ ਢਿੱਲੋਂ ਨਾਲ ਹੋਇਆ। ਮਾਤਾ ਜੀ ਦਾ ਸਹੁਰਾ ਪਰਿਵਾਰ ਪਿੰਡ ਕਸੇਲ ਜ਼ਿਲ੍ਹਾ ਅੰਮ੍ਰਿਤਸਰ ਦਾ ਵਸਨੀਕ ਸੀ ਤੇ ਗੈਰ ਨਾਮਧਾਰੀ ਸੀ। ਮਾਤਾ ਜੀ ਨੇ ਜਦੋਂ ਆਪਣੇ ਸਹੁਰੇ ਘਰ ਪੈਰ ਪਾਏ ਤਾਂ ਹੌਲੀ ਹੌਲੀ ਭਗਤੀ ਅਤੇ ਸੇਵਾ-ਸਿਮਰਨ ਦੇ ਪ੍ਰਭਾਵ ਨਾਲ ਆਪਣੇ ਸਹੁਰੇ ਪਰਿਵਾਰ ਨੂੰ ਵੀ ਸਾਧ ਸੰਗਤ ਅਤੇ ਗੁਰੂ ਚਰਨਾਂ ਨਾਲ ਜੋੜ ਲਿਆ।



ਸੰਨ 1986-87 ਵਿੱਚ ਪੰਜਾਬ ਦੇ ਹਾਲਾਤ ਬਹੁਤ ਖ਼ਰਾਬ ਹੋਣ ਕਰਕੇ ਮਾਤਾ ਆਪਣੇ ਦੋਵੇਂ ਪੁੱਤਰਾਂ ਕਵੀਸ਼ਰ ਗੁਰਸੇਵਕ ਸਿੰਘ ਅਤੇ ਗੁਰਜੰਟ ਸਿੰਘ ਨੂੰ ਲੈ ਕੇ ਸ੍ਰੀ ਭੈਣੀ ਸਾਹਿਬ ਆ ਗਈ ਤੇ ਇੱਥੇ ਆ ਕੇ ਉਸ ਨੇ ਆਪਣੀ ਔਲਾਦ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਨਾਲ ਜੋੜਿਆ। ਮਾਤਾ ਜੀ ਦੀ ਇੱਕ ਲੜਕੀ ਬੀਬੀ ਕੰਵਲਜੀਤ ਕੌਰ ਜੋ ਪਿੰਡ ਮਾਨਾਂਵਾਲਾ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਵਿਆਹੀ ਹੋਈ ਹੈ। ਸ੍ਰੀ ਭੈਣੀ ਸਾਹਿਬ ਰਹਿੰਦਿਆਂ ਮਾਤਾ ਜੀ ਨੇ ਤਕਰੀਬਨ 22 ਸਾਲ ਸੇਵਾ ਕੀਤੀ। ਮਾਤਾ ਜਗੀਰ ਕੌਰ ਜੀ ਦਾ ਭੋਗ 24 ਮਈ 2020 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪਿਆ। ਜਿਸ ਵਿੱਚ ਇਲਾਕਾ ਨਿਵਾਸੀਆਂ ਦੇ ਨਾਲ ਨਾਲ ਲਿਖਾਰੀਆਂ ਨੇ ਵੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਰਾਹੀਂ ਮਾਂ ਦੇ ਗੁਣਾਂ ਦੀ ਵਿਆਖਿਆ ਕੀਤੀ। ਜਗਦੇਵ ਸਿੰਘ ਘੁੰਗਰਾਲੀ, ਸਰਬਜੀਤ ਸਿੰਘ ਵਿਰਦੀ, ਸੂਬਾ ਬਲਵਿੰਦਰ ਸਿੰਘ, ਸੇਵਕ ਹਰਪਾਲ ਸਿੰਘ, ਸੋਮਨਾਥ ਸਿੰਘ, ਸੁਲੱਖਣ ਸਿੰਘ ਅਟਵਾਲ ਆਦਿ ਨੇ ਮਾਤਾ ਜੀ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਸੇਵਕ ਆਸਾ ਸਿੰਘ, ਸੇਵਕ ਕਰਤਾਰ ਸਿੰਘ, ਸਰਪੰਚ ਬਲਦੇਵ ਸਿੰਘ, ਰਾਗੀ ਹਰਜਿੰਦਰ ਸਿੰਘ, ਸੂਬਾ ਮੋਹਕਮ ਸਿੰਘ ਆਦਿ ਵੀ ਸ਼ਾਮਲ ਸਨ।

-ਤਰਨ ਸਿੰਘ ਬੱਲ



# ਗੁਰੂ ਸਰ (ਗੱਦਾਂਡੋਬ) ਵਿਖੇ ਮਾਤਾ ਭੁਪਿੰਦਰ ਕੌਰ ਜੀ ਦੀ ਯਾਦ ਵਿਚ ਮੇਲਾ
# ਸ੍ਰੀ ਸਤਿਗੁਰੂ ਜੀ ਦੇ ਪਾਵਨ ਦਰਸ਼ਨ ਅਤੇ ਨਾਮ ਸਿਮਰਨ

(16 ਮਾਰਚ 2020, ਗੁਰੂ ਸਰ)

ਗੁਰੂ ਸਰ:- (16 ਮਾਰਚ 2020) ਹਾਜਰਾ ਹਜ਼ੂਰ ਸ੍ਰੀ ਸਤਿਗੁਰੂ ਜੀ ਦੀਆਂ ਅਪਾਰ ਬਖਸ਼ਿਸ਼ਾਂ ਸਦਕਾ 16 ਮਾਰਚ ਨੂੰ ਮਾਤਾ ਭੁਪਿੰਦਰ ਕੌਰ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਮੇਲਾ ਕੀਤਾ ਗਿਆ।



ਸ੍ਰੀ ਸਤਿਗੁਰੂ ਜੀ ਦੇ ਸਨਮੁੱਖ ਹੱਥ ਜੋੜੀ ਖਵੇ:
ਸ. ਤਰਸੇਮ ਸਿੰਘ ਜੀ ਸਾਮ੍ਹਣੇ, ਸੂਬਾ ਸਰਬਜੀਤ ਸਿੰਘ ਜੀ

15 ਮਾਰਚ ਨੂੰ ਇਸ ਸਮਾਗਮ ਦੀ ਸ਼ੁਰੂਆਤ ਸੰਤ ਬਲਤੇਜ ਸਿੰਘ ਨੰਬਰਦਾਰ ਘੁਮਿਆਰਾ ਖੇੜਾ, ਭਾਈ ਗੁਰਪ੍ਰੀਤ ਸਿੰਘ ਗੁਰੂ ਸਰ, ਦੇ ਦੀਵਾਨ ਲਗਾਉਣ ਨਾਲ ਹੋਈ। ਸੰਤ ਗੁਰਦਿੱਤਾ ਅਬੁਲ ਖੁਰਾਣਾ ਅਤੇ ਮੁਖਤਿਆਰ ਸਿੰਘ ਦੇ ਸ਼ਬਦ ਪੜ੍ਹਨ ਤੋਂ ਬਾਅਦ ਨਾਮਧਾਰੀ ਇਸਤਰੀ ਵਿੱਦਿਅਕ ਜਥਾ ਦੀਆਂ ਬੀਬੀਆਂ, ਬੀਬੀ ਰਾਜਵੰਤ ਕੌਰ ਅਤੇ ਬੀਬੀ ਜਸਵਿੰਦਰ ਕੌਰ ਵੱਲੋਂ ਹਰਿ-ਜਸ ਕੀਤਾ ਗਿਆ ਅਤੇ ਦੀਵਾਨ ਲਗਾਇਆ ਗਿਆ। ਛੋਟੀ ਬੱਚੀ ਅਰਮਾਨ ਜੋਤ ਕੌਰ ਨੇ ਬਹੁਤ ਹੀ ਸੁੰਦਰ ਕਵਿਤਾ ਪੜੀ -
ਸ੍ਰੀ ਸਤਿਗੁਰੂ ਉਦੇ ਸਿੰਘ ਜੀ ਕਰ ਦਿਉ ਕ੍ਰਿਪਾ ਅਪਾਰ।
ਪਿੰਡ ਮੇਰੇ ਤੱਕ ਮੁੜ ਕੇ ਆ ਜਾਏ ਪਹਿਲਾਂ ਜਿਹੀ ਬਹਾਰ।

12 ਕੁ ਵਜੇ ਹਾਜ਼ਰਾ ਹਜ਼ੂਰ ਜੀ ਨੇ ਦਰਸ਼ਨ ਦਿੱਤੇ। ਸਾਧ ਸੰਗਤ ਵੱਲੋਂ ਫੁੱਲਾਂ ਦੀ ਵਰਖਾ ਨਾਲ ਸ੍ਰੀ ਸਤਿਗੁਰੂ ਜੀ ਦਾ ਸਵਾਗਤ ਕੀਤਾ ਗਿਆ। ਪਾਤਸ਼ਾਹ ਜੀ ਦੇ ਆਉਂਦਿਆਂ ਹੀ ਉਸੇ ਵਕਤ ਨਾਮ ਸਿਮਰਨ ਦੀ ਅਰਦਾਸ ਹੋਈ। ਇਕ ਘੰਟਾ ਨਾਮ ਸਿਮਰਨ ਉਪਰੰਤ ਸੂਬਾ ਬਲਵਿੰਦਰ ਸਿੰਘ ਨੇ ਪਿੰਡ ਦੀ ਇਤਿਹਾਸਕ ਮਹੱਤਤਾ ਦਾ ਵਰਨਣ ਕਰਦੇ ਹੋਏ ਆਖਿਆ ਕਿ ਸ੍ਰੀ ਸਤਿਗੁਰੂ ਜੀ ਦੀ ਬਖਸ਼ਿਸ਼ ਸਦਕਾ ਮਾਤਾ ਭੁਪਿੰਦਰ ਕੌਰ ਜੀ ਦੀ ਯਾਦ ਵਿੱਚ ਸੁੰਦਰ ਇਤਿਹਾਸਕ ਮੰਦਰ ਬਣ ਗਿਆ ਹੈ। ਇਸ ਦੀ ਮਹੱਤਤਾ ਤਾਂ ਹੀ ਹੈ ਜੇ ਕਰ ਇਸ ਵਿੱਚ ਇਕੱਠੇ ਬੈਠ ਕੇ ਅਸੀਂ ਨਾਮ ਸਿਮਰਨ ਕਰੀਏ। ਇਸਦੀ ਸੋਭਾ ਹੋਰ ਵੀ ਵੱਧ ਜਾਵੇਗੀ ਜੇ ਕਰ ਅਸੀਂ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰੀਏ, ਗੁਰਬਾਣੀ, ਸਿਮਰਨ ਅਤੇ ਗੁਰਸਿੱਖੀ ਨਾਲ ਜੁੜ ਕੇ ਗੁਰੂ ਸਾਹਿਬਾਨ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ। ਉਹਨਾਂ ਅਨੰਦ ਕਾਰਜ ਦੀ ਸ਼ੁਰੂਆਤ ਅਤੇ ਮਹੱਤਤਾ ਬਾਰੇ ਵੀ ਦੱਸਿਆ।

ਸੂਬਾ ਸਰਬਜੀਤ ਸਿੰਘ ਜੀ ਨੇ ਮਾਲਵੇ ਦੇ ਇਸ ਪੱਛਮੀਂ ਇਲਾਕੇ ਦੀ ਪੁਰਾਤਨ ਗੁਰਸਿੱਖੀ ਦੀ ਮਹੱਤਤਾ ਦੀ ਗੱਲ ਕਰਦਿਆਂ ਆਖਿਆ ਕਿ ਸਾਧ ਸੰਗਤ ਜੀ ਆਮ ਸਿੱਖ ਸਮਾਜ ਵਿੱਚ ਗੁਰਸਿੱਖ ਲੋਕਾਂ ਨੂੰ ਇਹ ਵੀ ਨਹੀਂ ਪਤਾ ਸਿਮਰਨ ਕੀ ਹੁੰਦਾ ਹੈ, ਕੋਈ ਪਾਠ ਕਰਨ ਨੂੰ ਸਿਮਰਨ ਕਹਿੰਦਾ ਹੈ, ਕੋਈ ਮੂਲ ਮੰਤਰ ਨੂੰ, ਕੋਈ ਕੁਝ ਤੇ ਕੋਈ ਕੁਝ ਆਪਣੇ ਮੁਤਾਬਕ, ਪਰ ਸਤਿਗੁਰੂ ਰਾਮ ਸਿੰਘ ਜੀ ਦੀ ਬਖਸ਼ਿਸ਼ ਸਦਕਾ ਨਾਮਧਾਰੀ ਸਮਾਜ ਦੇ 5 ਸਾਲ ਦੇ ਬੱਚੇ ਨੂੰ ਵੀ ਪਤਾ ਹੈ ਕਿ ਨਾਮ-ਸਿਮਰਨ ਕੀ ਹੈ ਤੇ ਕਿਵੇਂ ਕਰਨਾ ਹੈ। ਸੂਬਾ ਜੀ ਨੇ ਪਾਤਸ਼ਾਹ ਜੀ ਦੇ ਦਰਸ਼ਨ ਦੇਣ ਦੀ ਖੁਸ਼ੀ ਜਾਹਰ ਕਰਦਿਆਂ ਆਖਿਆ—

ਦੀਨ ਦੁਨੀ ਦੇ ਰੱਖਣ ਵਾਲੇ,
ਇੱਥੇ ਠਹਿਰ ਜਾਉ ਅੱਜ ਦੀ ਰਾਤ।
ਝੁੱਗੀ ਮਸਤ ਮਲੰਗਾਂ ਵਾਲੀ,
ਅਰਸ਼ ਬਣਾ ਜਾਉ ਅੱਜ ਦੀ ਰਾਤ।

ਬਾਬਾ ਹਰੀ ਸਿੰਘ :- ਇਸ ਸਮੇਂ ਮਾਤਾ ਭੁਪਿੰਦਰ ਕੌਰ ਜੀ ਦੇ ਪਰਿਵਾਰ ਵਿੱਚੋਂ ਬਾਬਾ ਹਰੀ ਸਿੰਘ ਜੀ ਨੇ ਪਿੰਡ ਦੀ ਇਤਿਹਾਸਕ ਮਹੱਤਤਾ ਬਾਰੇ ਦੱਸਿਆ। ਸੂਬਾ ਹੁਕਮਾ ਸਿੰਘ ਦੀ ਗੱਲ ਵੀ ਕੀਤੀ। ਜੋ ਸਤਿਗੁਰੂ ਰਾਮ ਸਿੰਘ ਜੀ ਦੇ ਪਿੱਥੋ ਪਿੰਡ ਦੇ ਸੂਬੇ ਸਨ। ਉਹਨਾਂ ਹਾਜਰਾ ਹਜ਼ੂਰ ਸਤਿਗੁਰੂ ਜੀ ਦਾ ਗੁਰੂਸਰ ਦੀ ਸੰਗਤ ਨੂੰ ਗੁਰਸਿੱਖੀ ਨਾਲ ਜੋੜਨ ਲਈ ਧੰਨਵਾਦ ਕੀਤਾ।

ਸ੍ਰੀ ਸਤਿਗੁਰੂ ਜੀ ਨੇ ਮਾਤਾ ਜੀ ਦੇ ਪਰਿਵਾਰਵਿੱਚੋਂ ਇਕ ਨੌਜੁਆਨ ਤਰਸੇਮ ਸਿੰਘ ਨਾਲ ਮੰਦਰ ਦੀ ਸਾਂਭ ਸੰਭਾਲ ਅਤੇ ਸੰਗਤ ਨੂੰ ਗੁਰਸਿੱਖੀ ਨਾਲ ਜੋੜਨ ਬਾਰੇ ਵੀ ਬਚਨ ਬਿਲਾਸ ਕੀਤੇ। ਇਸ ਸਮੇਂ ਪਾਤਸ਼ਾਹ ਜੀ ਦੀ ਉਚੇਚੀ ਬਖਸ਼ਸ਼ ਸਦਕਾ ਰਾਮਪੁਰਾ ਫੂਲ ਤੋਂ ਵੱਡੀ ਗਿਣਤੀ ਵਿੱਚ ਸਾਧ ਸੰਗਤ ਅਤੇ ਵਿਦਿਅਕ ਜੱਥੇ ਨੇ ਸ਼ਮੂਲੀਅਤ ਕੀਤੀ। ਇਲਾਕੇ ਦੇ ਪਿੰਡਾਂ ਮਲੋਟ, ਅਬੋਹਰ ਤੇ ਫਾਜ਼ਿਲਕਾ ਦੀ ਸੰਗਤ ਤੋਂ ਇਲਾਵਾ ਸੂਬਾ ਗੁਰਚਰਨ ਸਿੰਘ ਫਾਜ਼ਿਲਕਾ, ਸੰਤ ਜਸਵੰਤ ਸਿੰਘ ਹਿੰਮਤਪੁਰਾ, ਸੰਤ ਗੁਰਦੇਵ ਸਿੰਘ ਦੂਹੇਵਾਲ, ਸੰਤ ਗੁਰਮੇਲ ਸਿੰਘ ਰਾਮਪੁਰਾ ਫੂਲ, ਸੂਬਾ ਬਲਜੀਤ ਸਿੰਘ ਵੀ ਹਾਜਰ ਸਨ।

ਪਾਤਸ਼ਾਹ ਜੀ ਨੇ ਆਪਣੇ ਸਿੱਖ ਸੇਵਕਾਂ, ਬੱਚੇ, ਬੱਚੀਆਂ, ਨੌਜਵਾਨਾਂ ਨਾਲ ਨੇੜਿਉਂ ਬਚਨ ਬਿਲਾਸ ਕੀਤੇ ਅਤੇ ਸਭ ਦੀਆਂ ਝੋਲੀਆਂ ਖੁਸ਼ੀਆਂ ਨਾਲ ਭਰ ਦਿੱਤੀਆਂ। ਗੁਰੂ ਕਾ ਲੰਗਰ ਅਤੁੱਟ ਵਰਤਿਆ।

ਡਾ. ਲਖਵੀਰ ਸਿੰਘ ਰਾਮਪੁਰਾ ਫੂਲ

-------------------------------

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸਸਰਾਲੀ ਕਾਲੋਨੀ ਵਿਖੇ ਦਰਸ਼ਨ ਦਿੱਤੇ

ਅੱਜ ਮਿਤੀ 14 ਜੂਨ 2020 ਦਿਨ ਐਤਵਾਰ ਮੁਤਾਬਿਕ ਇੱਕ 1 ਹਾੜ੍ਹ 2077 ਵਕਤ ਸ਼ਾਮ ਦੇ ਤਕਰੀਬਨ ਸੱਤ ਵਜੇ ਸ੍ਰੀ ਸਤਿਗੁਰੂ ਜੀ ਸੰਤ ਸਤਨਾਮ ਸਿੰਘ ਸਸਰਾਲੀ ਕਲੋਨੀ ਵਾਲਿਆਂ ਦੀ ਅਰਜ਼ ਪ੍ਰਵਾਨ ਕਰਦੇ ਹੋਏ ਉਨ੍ਹਾਂ ਦੇ ਗ੍ਰਹਿ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ।

ਸੰਤ ਸਤਨਾਮ ਸਿੰਘ ਦੇ ਬਜ਼ੁਰਗ ਦਾਦੀ ਮਾਤਾ ਕਰਨੈਲ ਕੌਰ ਜੋ ਕੇ ਬਿਰਧ ਅਵਸਥਾ ਵਿੱਚ ਹੋਣ ਕਾਰਨ ਮੰਜੇ ਤੇ ਲੇਟੇ ਹੋਏ ਸਨ। ਸ੍ਰੀ ਸਤਿਗੁਰੂ ਜੀ ਨੇ ਬੜੇ ਹੀ ਪਿਆਰ ਭਰੇ ਸ਼ਬਦਾਂ ਵਿੱਚ ਮਾਤਾ ਕਰਨੈਲ ਕੌਰ ਨੂੰ ਸੱਤ ਸ੍ਰੀ ਅਕਾਲ ਬੁਲਾ ਕੇ ਹਾਲ ਚਾਲ ਪੁੱਛਿਆ ਤਾਂ ਮਾਤਾ ਕਰਨੈਲ ਕੌਰ ਨੇ ਅਪਣੱਤ ਭਰੇ ਸ਼ਬਦਾਂ ਵਿੱਚ ਦਰਸ਼ਨ ਦੇਣ ਤੇ ਸ੍ਰੀ ਸਤਿਗੁਰੂ ਜੀ ਦਾ ਸ਼ੁਕਰਾਨਾ ਕੀਤਾ। ਇਸ ਸਮੇਂ ਸਤਿਕਾਰਯੋਗ ਮਾਤਾ ਗੁਰਸ਼ਰਨ ਕੌਰ ਜੀ ਵੀ ਨਾਲ ਦਰਸ਼ਨ ਦਿੱਤੇ। ਮਾਤਾ ਕਰਨੈਲ ਕੌਰ ਦੇ ਸਪੁੱਤਰ ਸਰਦਾਰ ਕਰਮ ਸਿੰਘ ਸਰਪੰਚ ਨੇ ਸ੍ਰੀ ਸਤਿਗੁਰੂ ਜੀ ਦਾ ਧੰਨਵਾਦ ਕੀਤਾ ਅਤੇ ਇੱਥੋਂ ਹੀ ਸ੍ਰੀ ਸਤਿਗੁਰੂ ਜੀ ਵਾਪਸ ਸ੍ਰੀ ਭੈਣੀ ਸਾਹਿਬ ਆਣ ਪਹੁੰਚੇ।

ਸੂਬਾ ਬਲਵਿੰਦਰ ਸਿੰਘ ਝੱਲ

-------------------------------

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਪਾਠਾਂ ਦੇ ਭੋਗ ਪਾਏ ਗਏ

ਸ੍ਰੀ ਭੈਣੀ ਸਾਹਿਬ ਵਿਖੇ ਅੱਜ ਇੱਕ 1 ਹਾੜ੍ਹ 2077 ਦਿਨ ਐਤਵਾਰ 14 ਜੂਨ 2020 ਨੂੰ ਦੁਪਹਿਰ ਦੇ ਨਾਮ ਸਿਮਰਨ ਸਮੇਂ ਅਕਾਲ ਚਲਾਣਾ ਕਰ ਗਏ ਕੁੱਝ ਸਰੀਰਾਂ, ਸ਼ਹੀਦਾਂ ਦੇ ਨਮਿੱਤ ਪਵਿੱਤਰ ਗੁਰਬਾਣੀ ਦੇ ਪਾਠਾਂ ਦੇ ਭੋਗ ਪਾਏ ਗਏ।

ਜਿਨ੍ਹਾਂ ਵਿੱਚ ਜ਼ਿਕਰਯੋਗ ਸਨ ਸੰਤ ਅਜੀਤ ਸਿੰਘ ਜਿਨ੍ਹਾਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਜ਼ਰੇ ਮਨਜ਼ੂਰ ਰਹਿ ਕੇ ਸੇਵਾ ਕੀਤੀ। ਦਿੱਲੀ ਤੋਂ ਸ. ਹਰਭਜਨ ਸਿੰਘ ਰੈਣੂ ਖਾਰੇ ਵਾਲੇ, ਕਵੀਸ਼ਰ ਗੁਰਸੇਵਕ ਸਿੰਘ ਸ੍ਰੀ ਭੈਣੀ ਸਾਹਿਬ ਦੀ ਮਾਤਾ ਜਗੀਰ ਕੌਰ ਅਤੇ ਸਰਦਾਰ ਜਗਮੋਹਨ ਸਿੰਘ ਪੁੱਤਰ ਸ. ਪਲਵਿੰਦਰ ਸਿੰਘ ਸ੍ਰੀ ਭੈਣੀ ਸਾਹਿਬ। ਇਨ੍ਹਾਂ ਦੇ ਪਰਿਵਾਰਾਂ ਦੀ ਦਿਲੀ ਇੱਛਾ ਸੀ ਕਿ ਇਨ੍ਹਾਂ ਸਰੀਰਾਂ ਨਮਿੱਤ ਭੋਗ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਪਾਇਆ ਜਾਵੇ। ਇਸ ਤਰ੍ਹਾਂ ਪਰਿਵਾਰਾਂ ਦੀ ਅਰਜ਼ ਪ੍ਰਵਾਨ ਕਰਦੇ ਹੋਏ ਅੱਜ ਦੁਪਹਿਰ ਦੇ ਨਾਮ ਸਿਮਰਨ ਦੌਰਾਨ ਇਨ੍ਹਾਂ ਸਰੀਰਾਂ ਨਮਿੱਤ ਭੋਗ ਅਤੇ ਅੰਤਿਮ ਅਰਦਾਸ ਹੋਈ। ਇਸ ਤਰ੍ਹਾਂ ਕੁੱਲ 25 ਪਾਠਾਂ ਦੇ ਭੋਗ ਪਾਏ ਗਏ।

ਸੂਬਾ ਬਲਵਿੰਦਰ ਸਿੰਘ ਝੱਲ

# ਬੁੱਢੇ ਦਰਿਆ ਸੰਬੰਧੀ ਸਤਿਗੁਰੂ ਜੀ ਦੀ ਅਗਵਾਈ ਹੇਠ ਬਣੀ ਟਾਸਕ ਫੋਰਸ ਨਾਲ ਮੀਟਿੰਗ





23/6/2020: ਅੱਜ ਲੁਧਿਆਣਾ ਮਿਊਂਸਪਲ ਕਾਰਪੋਰੇਸ਼ਨ ਦੇ ਨਵ ਨਿਯੁਕਤ ਕਮਿਸ਼ਨਰ ਸ੍ਰੀ ਪਰਦੀਪ ਕੁਮਾਰ (ਆਈ ਏ ਐਸ) ਆਪਣੀ ਟੀਮ ਸਮੇਤ ਉਚੇਚੇ ਤੌਰ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦਰਸ਼ਨ ਕਰਨ ਸ੍ਰੀ ਭੈਣੀ ਸਾਹਿਬ ਪਧਾਰੇ। ਉਹਨਾਂ ਨਾਲ ਨਿਗਮ ਦੇ ਜੁਆਇੰਟ ਕਮਿਸ਼ਨਰ ਸ੍ਰੀ ਨੀਰਜ ਜੈਨ, ਐਸ ਸੀ ਰਜਿੰਦਰ ਸਿੰਘ, ਰਜਿੰਦਰ ਗਰਗ, ਰਾਹੁਲ ਗਗਨੇਜਾ, ਸ੍ਰ. ਕਿਰਪਾਲ ਸਿੰਘ ਹਾਰਟੀਕਲਚਰ ਡਿਪਾਰਟਮੈਂਟ ਆਦਿ ਵੀ ਆਏ। ਕਮਿਸ਼ਨਰ ਨੇ ਸ੍ਰੀ ਸਤਿਗੁਰੂ ਜੀ ਦੇ ਨਿਰਦੇਸ਼ ਅਨੁਸਾਰ ਨਾਮਧਾਰੀ ਸੰਗਤ ਵੱਲੋਂ ਕੀਤੀਆਂ ਜਾ ਰਹੀਆ ਸੇਵਾਵਾ ਦਾ ਖਾਸ ਧੰਨਵਾਦ ਕੀਤਾ ਤੇ ਨਾਲ ਹੀ ਬੁੱਢੇ ਦਰਿਆ ਦੀ ਦਸ਼ਾ ਸੁਧਾਰਨ ਹਿਤ ਸਤਿਗੁਰੂ ਜੀ ਦੀ ਅਗਵਾਈ ਹੇਠ ਬਣੀ ਟਾਸਕ ਫੋਰਸ ਨਾਲ ਮਿਲਕੇ ਕੰਮ ਕਰਨ ਦਾ ਭਰੋਸਾ ਦਿੱਤਾ।

ਸ਼ਹਿਰ ਵਿੱਚ ਕੋਵਿਡ 19 ਦੇ ਵਧ ਰਹੇ ਕੇਸਾਂ ਸਬੰਧੀ ਵੀ ਵਾਰਤਾਲਾਪ ਹੋਈ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਅਖੀਰ ਵਿੱਚ ਆਖਿਆ ਕਿ ਸਮੂਹ ਨਾਮਧਾਰੀ ਭਾਈਚਾਰਾ ਲੁਧਿਆਣਾ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਦੇ ਉਪਰਾਲਿਆਂ ਵਾਸਤੇ ਹਰੇਕ ਤਰਾਂ ਨਾਲ ਨਿਗਮ ਦੇ ਨਾਲ ਖੜਾ ਹੈ। ਜਲਦੀ ਹੀ ਸਤਿਗੁਰੂ ਜੀ ਦੀ ਅਗਵਾਈ ਹੇਠ ਲੁਧਿਆਣੇ ਵਿਖੇ ਬੁੱਢਾ ਨਾਲਾ ਟਾਸਕ ਫੋਰਸ ਦੀ ਮੀਟਿੰਗ ਨਿਗਮ ਅਫਸਰਾਂ ਨਾਲ ਹੋਵੇਗੀ ਤਾਂ ਕਿ ਪੰਜਾਬ ਸਰਕਾਰ ਵੱਲੋਂ ਬਣਾਏ ਗਏ ਪਲਾਨ ਦੇ ਮੁਤਾਬਿਕ ਬੁੱਢੇ ਨਾਲੇ ਦੀ ਹਾਲਤ ਸੁਧਾਰੀ ਜਾ ਸਕੇ।

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਈ-ਲਾਇਬ੍ਰੇਰੀ
## www.archive.org/details/namdhari

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਰਵਾਨਗੀ ਅਤੇ ਬਖਸ਼ਿਸ਼ ਦੁਆਰਾ ਤਿਆਰ ਕੀਤੀ ਗਈ ਹੈ ਇਸ ਈ-ਲਾਇਬ੍ਰੇਰੀ ਵਿਚ ਆਪ ਉਹ ਵਡਮੁੱਲੇ ਖਜ਼ਾਨੇ ਨੂੰ ਬਹੁਤ ਅਸਾਨ ਤਰੀਕੇ ਨਾਲ ਦੇਖ ਸਕਦੇ ਹੋ, ਜੋ ਅਜੇ ਤੱਕ ਸਿਰਫ ਕੁਝ ਇਤਿਹਾਸਕਾਰਾਂ ਅਤੇ ਵਿਦਵਾਨਾਂ ਤੱਕ ਹੀ ਸੀਮਤ ਸੀ।



ਇਸ ਈ-ਲਾਇਬ੍ਰੇਰੀ ਨਾਲ ਬੱਚੇ, ਵਿਦਿਆਰਥੀ, ਖੋਜਕਾਰ ਅਤੇ ਆਪ ਕਿਸੇ ਵਕਤ ਅਤੇ ਕਿਸੇ ਸਥਾਨ ਵੀ ਅਸਲੀ ਪੁਸਤਕਾਂ ਨੂੰ ਵੇਖ ਸਕਦੇ ਹੋ।

ਇਸ ਈ-ਲਾਇਬ੍ਰੇਰੀ ਨਾਲ ਨਾ ਸਿਰਫ ਆਪ ਉਨ੍ਹਾਂ ਇਤਿਹਾਸਕ ਪੁਸਤਕਾਂ ਦੀ ਖੋਜ ਕਰ ਸਕਦੇ ਹੋ, ਪਰ ਇਸ ਨਾਲ ਪੁਰਾਤਨ ਪੁਸਤਕਾਂ ਦੀ ਸਾਂਭ ਸੰਭਾਲ ਵੀ ਹੋ ਰਹੀ ਹੈ।

ਇਹ ਈ-ਲਾਇਬ੍ਰੇਰੀ ਆਪ ਜੀ ਵਾਸਤੇ ਬਿਲਕੁਲ ਮੁਫਤ ਹੈ। ਇਸ ਵਿਚ ਆਪ ਗੁਰਬਾਣੀ, ਪੁਰਾਤਨ ਗ੍ਰੰਥ, ਸਿੱਖੀ, ਨਾਮਧਾਰੀ, ਨੌਜਵਾਨਾਂ, ਬੱਚਿਆਂ ਅਤੇ ਕਈ ਹੋਰ ਵਿਸ਼ਿਆਂ ਤੇ ਪੁਸਤਕਾਂ ਦੇਖ ਸਕਦੇ ਹੋ।

ਜੇਕਰ ਆਪ ਜੀ ਪਾਸ ਕੁਝ ਐਸੀਆਂ ਪੁਸਤਕਾਂ, ਤਸਵੀਰਾਂ ਜਾਂ ਹੋਰ ਕੋਈ ਦੁਰਲੱਭ ਦਸਤਾਵੇਜ਼ ਜਾਂ ਕੋਈ ਪੁਸਤਕਾਂ ਹੋਣ ਜੋ ਇਸ ਲਾਇਬ੍ਰੇਰੀ ਵਿੱਚ ਹੋਣੀਆਂ ਚਾਹੀਦੀਆਂ ਹਨ ਤਾਂ ਆਪ ਵੀ ਇਸ ਕਾਰਜ ਵਿਚ ਹਿੱਸਾ ਪਾ ਸਕਦੇ ਹੋ।

ਆਪ ਸ੍ਰੀ ਭੈਣੀ ਸਾਹਿਬ ਵਿਖੇ ਪ੍ਰਬੰਧਕਾਂ ਨਾਲ ਸੰਪਰਕ ਕਰੋ ਜਾਂ ਹੇਠ ਲਿਖੇ ਈ-ਮੇਲ ਨਾਲ ਸੰਪਰਕ ਕਰੋ ਜੀ। ਆਪ ਜੀ ਦੀਆਂ ਪੁਸਤਕਾਂ ਸਕੈਨ ਕਰਕੇ ਇਸ ਈ-ਲਾਇਬ੍ਰੇਰੀ ਵਿੱਚ ਅਪਲੋਡ ਕਰ ਦਿੱਤੀਆਂ ਜਾਣਗੀਆਂ ਅਤੇ ਆਪ ਦੀਆਂ ਪੁਸਤਕਾਂ ਆਪ ਨੂੰ ਵਾਪਸ ਦੇ ਦਿੱਤੀਆਂ ਜਾਣਗੀਆਂ।

NamdhariElibrary@gmail.com

ਆਪ Google ਤੇ Namdhari Elibrary ਦੀ ਸਰਚ (Search) ਕਰੋ ਤਾਂ ਆਪ ਈ-ਲਾਇਬ੍ਰੇਰੀ ਉਤੇ ਜਾ ਸਕਦੇ ਹੋ।

ਈ-ਲਾਇਬ੍ਰੇਰੀ ਦਾ ਤਤਕਰਾ ਹੇਠ ਲਿਖੇ ਲਿੰਕ ਤੇ ਦੇਖੋ ਜੀ।

www.archive.org/details/IndexSJSELibrary ss

-ਕਿਰਪਾਲ ਸਿੰਘ ਚਾਨਾ



ਸ੍ਰੀ ਭੈਣੀ ਸਾਹਿਬ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਸੰਗੀਤ ਸਭਾ

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਸੰਗੀਤਕ ਯਾਦਾਂ

ਯਾਦ ਤੇਰੀ ਵਿੱਚ ਨਿੱਤ ਹੀ ਪ੍ਰੀਤਮ,
ਔਂਸੀਆਂ ਪੌਂਦੇ ਰਹਿੰਦੇ ਹਾਂ।
ਤੇਰਾ ਨਾਮ ਲਬਾ ਤੇ ਰਹਿੰਦਾ,
ਜਦ ਵੀ ਉੱਠਦੇ ਬਹਿੰਦੇ ਹਾਂ।
ਸਾਵਣ ਮੈਂ ਸਖੀ ਡਾਰ ਗੁਲਾਲ,
ਗਾ ਕੇ ਤੁਸੀਂ ਸੁਣਾਉਂਦੇ ਸਓ।
ਕਾਂਧੇ ਕੰਵਰੀਆਂ ਦੀ ਰੀਤ ਸੁਣਾ,
ਗੋਕੁਲ ਦੀ ਸੈਰ ਕਰਾਉਂਦੇ ਸਓ।
ਗਰਜ਼ ਗਰਜ਼ ਕਰ ਬਰਸਨ ਬੂੰਦਾਂ,
ਬਾਦਰ ਘਿਰ-ਘਿਰ ਆਉਂਦੇ ਸੀ।
ਮੋਰ ਪਪੀਹੇ ਨੱਚਣ ਲੱਗਦੇ,
ਜਦ ਮਲਹਾਰ ਸੁਣਾਉਂਦੇ ਸੀ।
ਮੁਖੜੇ ਦੀ ਮੁਸ਼ਕਾਨ ਤੁਸਾਂ ਦੀ,
ਬਸੰਤ ਬਹਾਰੋਂ ਪਿਆਰੀ ਸੀ।
ਮਥੁਰਾ ਮੰਡਲ ਲਗਦੀ ਭੈਣੀ,
ਜਦ ਕਰਦੇ ਰਥ ਅਸਵਾਰੀ ਸੀ।
ਠੁਮਕ ਚਲਤ ਰਾਮ ਚੰਦਰ,
ਰਾਗ ਰੰਗ ਵਿਚ ਗਾਉਂਦੇ ਸਓ।

ਹਮਰਾ ਠਾਕੁਰ ਸਭ ਤੇ ਊਚਾ,
ਬਣ ਸਾਨੂੰ ਸਮਝਾਉਂਦੇ ਸਓ।
ਮਉਲੀ ਧਰਤੀ ਗਾਉਂਦੇ ਸਓ ਜਦ,
ਕੁਦਰਤ ਲਗਦੀ ਮਉਲੀ ਸੀ।
ਸਭ ਦਾ ਬਾਬਲ ਤੂੰ ਹੀ ਜਾਪੇਂ,
ਜਦ ਤੂੰ ਗਾਉਂਦਾ ਡੋਲੀ ਸੀ।
'ਧਾ-ਧਾ ਕੜਾ ਧਾ, ਦੇ ਸਾਨੂੰ,
ਸਿਖਾਏ ਤੁਸਾਂ ਤਰਾਨੇ ਸੀ।
'ਤਾ ਧਾ ਰੇ ਧਾ ਨੀ, ਸਓ ਗਾਉਂਦੇ,
ਕੇਹੇ ਸੁਹਣੇ ਜਮਾਨੇ ਸੀ।
ਅਚਿੰਤ ਰਹੁ ਮਨ, ਦੇਊ ਸਤਿਗੁਰ,
ਸਹਿਜੇ ਹੀ ਸਮਝਾ ਦਿੱਤਾ।
ਦਰਿਆਵੈ ਕੰਨੈ ਬਗੁਲਾ ਬੈਠਾ,
ਇਹ ਵੀ ਤੁਸਾਂ ਸਿਖਾ ਦਿੱਤਾ।
ਹਾਸ ਵਿਨੋਦ ਤੇਰਾ ਉਹ ਪ੍ਰੀਤਮ,
ਯਾਦ ਅਜੇ ਵੀ ਆਉਂਦਾ ਏ।
ਏਨੇ ਸੁਖ ਬਖਸ਼ੇ ਤੂੰ ਸਤਿਗੁਰ,
ਕੁੱਲ ਜਮਾਨਾ ਗਾਉਂਦਾ ਏ।

ਸਿਮਰਜੀਤ ਕੌਰ ਸਿੰਮੀ